ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 8 | Issue 47 | 12 December 2018 to 18 December 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

*।। ਗੁਰ ਪੀਰੁ ਹਾਮਾ ਤਾਂ ਭਰੇ ਜਾ ਮੁਰਦਾਰੁ ਨ ਖਾਇ ।।*

# ਅਕਾਲੀ ਰਾਜਨੀਤੀ ਦਾ ਬਾਦਲੀ-ਮਾਫੀਨਾਮਾ ਸਿੱਖ ਸੰਗਤ ਨੇ ਮੁੱਢੋਂ ਨਕਾਰਿਆ

- ਬਾਦਲਾਂ ਨਾਲ ਉਨ੍ਹਾਂ ਦੇ ਯਾਰ ਸਿਰਸੇਵਾਲੇ ਵਰਗੀ ਹੀ ਹੋਈ
- ਸ਼੍ਰੋਮਣੀ ਕਮੇਟੀ ਨੇ ਬਾਦਲਾਂ ਦੇ ਸਵਾਗਤ ਲਈ ਵਿਛਾਇਆ 'ਰੈੱਡ ਕਾਰਪੈਟ
- ਬਾਦਲਾਂ ਦੇ ਬਾਡੀਗਾਰਦ ਗੁਰਦੁਆਰਾ ਸਾਹਿਬ ਦੀ ਇਮਾਰਤ ਅੰਦਰ ਜੁੱਤੀਆਂ ਪਾ ਕੇ ਵੜੇ
- ਬਾਦਲ ਨੇ ਸਿੱਖ ਸੰਗਤਾਂ ਕੋਲੋਂ ਮੰਗੀ ਮੁਆਫੀ, ਕਾਰਨ ਦੱਸਣ ਤੋਂ ਕੀਤੀ ਨਾਂਹ
- ਬ੍ਰਹਮਪੁਰਾ ਨੇ ਕਿਹਾ, ਬਾਦਲ ਟੱਬਰ ਨਾਲ ਐਨੀ ਕੁੱਤੇ ਖਾਣੀ ਕਦੇ ਨਹੀਂ ਹੋਈ
- ਬਾਦਲ ਤੋਂ ਵਾਪਸ ਲਿਆ ਜਾਵੇ 'ਫ਼ਖ਼ਰ ਏ ਕੌਮ' : ਵਡਾਲਾ



**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਤੇ ਸਾਬਕਾ ਮੁੱਖ ਮੰਤਰੀ ਪੰਜਾਬ ਸ. ਪ੍ਰਕਾਸ਼ ਸਿੰਘ ਬਾਦਲ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਉਪ-ਮੁੱਖ ਮੰਤਰੀ ਪੰਜਾਬ ਸੁਖਬੀਰ ਸਿੰਘ ਬਾਦਲ, ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ, ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ, ਬਲਵਿੰਦਰ ਸਿੰਘ ਭੂੰਦੜ, ਡਾ. ਦਲਜੀਤ ਸਿੰਘ ਚੀਮਾ, ਬੀਬੀ ਜਗੀਰ ਕੌਰ, ਨਿਰਮਲ ਸਿੰਘ ਕਾਹਲੋਂ, ਬਿਕਰਮ ਸਿੰਘ ਮਜੀਠੀਆ, ਗੁਲਜ਼ਾਰ ਸਿੰਘ ਰਣੀਕੇ ਤੇ ਪਰਮਿੰਦਰ ਸਿੰਘ ਢੀਂਡਸਾ ਸਮੇਤ ਹੋਰ ਸੀਨੀਅਰ

ਬਾਕੀ ਸਫ਼ਾ 28 'ਤੇ

## ਬਾਦਲਾਂ ਦੇ ਉਹ ਗੁਨਾਹ, ਜਿਹੜੇ ਉਹ ਦੱਸ ਵੀ ਨਹੀਂ ਸਕੇ

ਬਾਦਲ ਦਲ ਵਲੋਂ ਪਿਛਲੇ ਸਮੇਂ ਦੌਰਾਨ ਪੰਜਾਬ ਵਿਚ ਕੀਤੇ ਗਏ ਲਗਾਤਾਰ 10 ਸਾਲ (2007 ਤੋਂ 2017) ਦੇ ਰਾਜ ਦੌਰਾਨ ਸਿੱਖ ਮਸਲਿਆਂ ਤੋਂ ਪੂਰੀ ਤਰ੍ਹਾਂ ਕਿਨਾਰਾ ਕਰ ਜਾਣ; ਸਿੱਖ ਦੋਖੀਆਂ ਨੂੰ ਅਹੁਦਿਆਂ ਜਾਂ ਸਿਆਸੀ ਤਾਕਤ ਨਾਲ ਨਿਵਾਜਣ, ਸਿੱਖਾਂ ਦੇ ਸਤਿਕਾਰਤ ਅਹੁਦਿਆਂ, ਸੰਸਥਾਵਾਂ ਤੇ ਜਥੇਬੰਦੀਆਂ (ਜਿਵੇਂ ਕਿ ਤਖਤ ਸਾਹਿਬਾਨ ਦੇ ਜਥੇਦਾਰ ਦੇ ਰੁਤਬੇ, ਅਕਾਲ ਤਖਤ ਸਾਹਿਬ ਦੀ ਸਰਵ-ਉਚਤਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਦਿ) ਦੇ ਵਕਾਰ ਤੇ ਮਾਨਤਾ ਨੂੰ ਖੋਰਾ ਲਾਉਣ, ਆਪਣੇ ਸੌੜੇ ਸਿਆਸੀ ਮੁਫਾਦਾਂ ਲਈ ਗੁਰੂ ਨਿੰਦਕਾਂ ਤੇ ਗੁਰੂ ਦੋਖੀਆਂ ਨਾਲ ਭਾਈਵਾਲੀ ਕਰਨ ਅਤੇ ਪੰਥ ਹਿੱਤਾਂ ਤੇ ਭਾਵਨਾਵਾਂ ਦਾ ਘਾਣ ਕਰਨ ਸਮੇਤ ਕਈ ਬੱਜਰ ਗੁਨਾਹ ਕੀਤੇ ਗਏ। ਡੇਰਾ ਸਿਰਸਾ ਮੁਖੀ ਨੂੰ ਬਿਨ ਮੰਗੀ ਮਾਫੀ ਦਿਵਾਉਣੀ, ਗੁਰੂ ਗਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਤੇ ਅਸਲ ਦੋਸ਼ੀਆਂ ਨੂੰ ਫੜਨ ਦੀ ਬਜਾਏ ਸਿੱਖਾਂ ਨੂੰ ਦੋਸ਼ੀ ਗਰਦਾਨਣ ਦੀ ਕੋਸ਼ਿਸ਼ ਕਰਨੀ ਤੇ ਬੇਅਦਬੀ ਦੇ ਦੋਸ਼ੀਆਂ ਨੂੰ ਫੜਨ ਦੀ ਮੰਗ ਕਰ ਰਹੀਆਂ ਸਿੱਖ ਸੰਗਤਾਂ ਉਤੇ ਪੁਲਿਸ ਕੋਲੋਂ ਜ਼ੁਲਮ ਕਰਵਾਉਣੇ, ਬਾਦਲਾਂ ਦੇ ਨਾਕਾਬਿਲੇ-ਮਾਫੀ ਗੁਨਾਹ ਹਨ।

## ਬਾਦਲ 1978 ਦੇ ਨਿਰੰਕਾਰੀ ਕਾਂਡ ਤੋਂ ਲੈ ਕੇ ਹੁਣ ਤੱਕ ਦੇ ਗੁਨਾਹਾਂ ਨੂੰ ਜਨਤਕ ਤੌਰ 'ਤੇ ਕਬੂਲ ਕਰੇ : ਪੰਜਾਬ ਫੋਰਮ

**ਚੰਡੀਗੜ੍ਹ/ਬਿਊਰੋ ਨਿਊਜ਼ :** ਚੰਡੀਗੜ੍ਹ ਅਧਾਰਿਤ ਪੰਜਾਬ ਫੋਰਮ ਦੇ ਬੁੱਧੀਜੀਵੀਆਂ ਨੇ ਪੱਤਰਕਾਰ ਵਾਰਤਾ ਦੌਰਾਨ ਪ੍ਰਕਾਸ਼ ਸਿੰਘ ਬਾਦਲ ਵੱਲੋਂ ਕਥਿਤ ਅਕਾਲੀ ਲੀਡਰਾਂ ਨੂੰ ਨਾਲ ਲੈ ਕੇ ਅਕਾਲੀ-ਭਾਜਪਾ ਸਰਕਾਰ ਦੇ 10 ਸਾਲਾਂ ਦੌਰਾਨ ਜਾਣੇ ਅਣਜਾਣੇ ਵਿਚ ਹੋਈਆਂ ਭੁੱਲਾਂ ਦੀ ਖਿਮਾਂ ਯਾਚਨਾ ਲਈ ਸ੍ਰੀ ਅਕਾਲ ਤਖਤ ਸਾਹਿਬ ਤੇ ਅਖੰਡ ਪਾਠ ਕਰਵਾ ਕੇ ਅਰਦਾਸ ਕਰਨ ਨੂੰ ਇੱਕ ਸਿਆਸੀ ਡਰਾਮਾ ਕਰਾਰ ਦਿੱਤਾ ਹੈ। ਪੰਜਾਬ ਫੋਰਮ ਦਾ ਕਹਿਣਾ ਹੈ ਕਿ ਇਹ ਬੇਅਦਬੀ ਦੀਆਂ ਘਟਨਾਵਾਂ ਤੋਂ ਭਟਕਾਉਣ ਦਾ ਯਤਨ ਹੈ ਤਾਂ ਜੋ ਸੰਨ 2019 ਦੀ ਲੋਕ ਸਭਾ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੂੰ ਲੱਗਣ ਵਾਲੇ ਸਿਆਸੀ ਖੋਰੇ ਤੋਂ ਬਚਾਇਆ ਜਾ ਸਕੇ।

ਇਸ ਤੋਂ ਪਹਿਲਾਂ ਬਾਦਲ ਪਰਿਵਾਰ ਨੇ ਆਪਣੇ ਵੋਟ ਬੈਂਕ ਨੂੰ ਬਚਾਉਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਲਈ ਦੋਸ਼ੀ ਵਜੋਂ ਨਾਮਜ਼ਦ ਡੇਰਾ ਸਿਰਸਾ ਦੇ ਮੁਖੀ ਨੂੰ ਅਕਾਲ ਤਖਤ ਸਾਹਿਬ ਦੇ ਜਥੇਦਾਰ ਕੋਲੋਂ ਮੁਆਫੀਨਾਮਾ ਦਿਵਾਇਆ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪੋਸ਼ਾਕ ਪਹਿਨਣ

ਬਾਕੀ ਸਫ਼ਾ 28 'ਤੇ

# ਭਾਜਪਾ ਆਗਾਮੀ ਲੋਕ ਸਭਾ ਚੋਣਾਂ ਦਾ ਸੈਮੀਫਾਇਨਲ ਹਾਰੀ

## ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਵਿਚ ਮਿਲੀ ਨਮੋਸ਼ੀਜਨਕ ਹਾਰ

ਨਵੀਂ ਦਿੱਲੀ/ਬਿਊਰੋ ਨਿਊਜ਼ :

ਭਾਰਤ ਵਿਚ 5 ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦੇ ਜੋ ਨਤੀਜੇ ਆਏ ਹਨ, ਉਨ੍ਹਾਂ ਤੋਂ ਜ਼ਾਹਰ ਹੈ ਕਿ ਦੇਸ਼ ਦੇ ਲੋਕਾਂ ਨੇ ਬੀਜੇਪੀ ਦੀ ਫਿਰਕੂ ਰਾਜਨੀਤੀ ਨੂੰ ਨਕਾਰ ਦਿੱਤਾ ਹੈ। ਤਿੰਨ ਵੱਡੇ ਸੂਬੇ ਛੱਤੀਸਗੜ੍ਹ, ਰਾਜਸਥਾਨ ਤੇ ਮੱਧ ਪ੍ਰਦੇਸ਼ ਬੀਜੇਪੀ ਦੇ ਹੱਥੋਂ ਨਿਕਲ ਗਏ। ਛੱਤੀਸਗੜ੍ਹ ਵਿਚ ਕਾਂਗਰਸ ਨੇ ਸਵੀਪ ਕੀਤਾ, ਰਾਜਸਥਾਨ 'ਚ ਬਹੁਮਤ ਦਾ ਅੰਕੜਾ ਹਾਸਲ ਕੀਤਾ ਤੇ ਮੱਧ ਪ੍ਰਦੇਸ਼ ਵਿਚ ਵੀ ਕਾਂਗਰਸ ਅੱਗੇ ਰਹੀ। ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ ਵਿਚ ਕ੍ਰਮਵਾਰ ਭਾਜਪਾ ਦੇ ਵੀਹ ਅਤੇ ਪੰਦਰਾਂ ਸਾਲਾਂ ਦੇ ਸ਼ਾਸਨ ਦਾ ਅੰਤ ਹੋਇਆ ਹੈ। ਰਾਜਸਥਾਨ ਵਿਚ ਕਾਂਗਰਸ 200 ਮੈਂਬਰੀ ਵਿਧਾਨ ਸਭਾ ਵਿਚ ਸੌ ਦੇ ਜਾਦੂਈ ਅੰਕੜੇ ਵਲ ਵਧ ਗਈ ਹੈ।ਇਸ ਦੇ ਨਾਲ ਹੀ ਮਿਜ਼ੋਰਮ 'ਚ ਮਿਜ਼ੋ ਨੈਸ਼ਨਲ ਫਰੰਟ ਨੇ ਸਰਕਾਰ ਬਣਾਈ ਤੇ ਤੇਲੰਗਾਨਾ 'ਚ ਕੇ ਸੀ ਰਾਓ ਦੀ ਟੀਆਰਐਸ ਨੇ 87 ਸੀਟਾਂ ਜਿੱਤ ਕੇ ਕਲੀਨ ਸਵੀਪ ਕੀਤਾ। ਕਬਾਇਲੀ ਰਾਜ ਛੱਤੀਸਗੜ੍ਹ ਵਿਚ ਭਾਜਪਾ ਸਰਕਾਰ ਦੇ 15 ਸਾਲ

ਬਾਕੀ ਸਫ਼ਾ 28 'ਤੇ

# ਬਰਗਾੜੀ ਇਨਸਾਫ ਮੋਰਚਾ ਖਤਮ ਹੋਣ ਉਤੇ ਮੱਤਭੇਦ ਉਭਰੇ

## ਸਨਮਾਨ ਸਮਾਗਮ 'ਚੋਂ ਮੁਤਵਾਜ਼ੀ ਜਥੇਦਾਰ ਗਾਇਬ

**ਚੰਡੀਗੜ੍ਹ/ਬਿਊਰੋ ਨਿਊਜ਼ :** ਬਰਗਾੜੀ ਇਨਸਾਫ ਮੋਰਚੇ ਦੇ ਮੁਖੀ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਐਲਾਨ ਕੀਤਾ ਹੈ ਕਿ ਮੋਰਚੇ ਦਾ ਪਹਿਲਾਂ ਪੜਾਅ ਫਤਿਹ ਹੋ ਗਿਆ ਹੈ ਤੇ ਅਗਲਾ ਸੰਘਰਸ਼ ਜਾਰੀ ਰਹੇਗਾ। ਇਸ ਤਰ੍ਹਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਗੋਲੀਕਾਂਡ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਸ਼ੁਰੂ ਹੋਇਆ ਬਰਗਾੜੀ ਇਨਸਾਫ ਮੋਰਚਾ ਖਤਮ ਕਰ ਦਿੱਤਾ ਗਿਆ ਹੈ।

ਭਾਈ ਮੰਡ ਮੁਤਾਬਕ ਅਗਲੇ ਸੰਘਰਸ਼ ਦੀ ਨਵੀਂ ਰੂਪ ਰੇਖਾ ਦਾ ਐਲਾਨ ਸ਼੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਮੱਥਾ ਟੇਕਣ ਤੋਂ ਬਾਅਦ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਫਿਲਹਾਲ ਸੰਗਤਾਂ ਬਰਗਾੜੀ ਪਹੁੰਚਣ ਤੇ ਇੱਥੋਂ ਸ਼੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਰਵਾਨਾ ਹੋਇਆ ਜਾਏਗਾ। ਮੱਥਾ ਟੇਕਣ ਤੋਂ ਬਾਅਦ ਅਗਲੇ ਸੰਘਰਸ਼ ਦਾ ਐਲਾਨ ਕੀਤਾ ਜਾਏਗਾ।

ਇਸ ਤੋਂ ਪਹਿਲਾਂ ਪੰਜਾਬ ਸਰਕਾਰ ਦੇ ਮੰਤਰੀਆਂ ਦੇ ਵਫਦ ਨੇ ਬਰਗਾੜੀ ਮੋਰਚੇ ਵਿੱਚ ਪਹੁੰਚ ਕੇ ਭਰੋਸਾ ਦੁਆਇਆ ਕਿ ਸਿੱਖ ਸੰਗਤ ਦੀਆਂ



ਜਥੇਦਾਰ ਧਿਆਨ ਸਿੰਘ ਮੰਡ ਦਾ ਸਨਮਾਨ ਕਰਦੀ ਹੋਈ ਸੰਗਤ।

ਸਾਰੀਆਂ ਮੰਗਾਂ ਪੂਰੀਆਂ ਹੋਣਗੀਆਂ। ਇਸ ਮਗਰੋਂ ਸੰਗਤਾਂ ਵਿਚ ਕਾਂਗਰਸ ਪ੍ਰਤੀ ਰੋਸ ਵੇਖਣ ਨੂੰ ਮਿਲਿਆ। ਸੰਗਤਾਂ ਨੇ ਲਗਾਤਾਰ ਬਾਦਲਾਂ ਨੂੰ ਜੇਲ੍ਹ ਵਿਚ ਬੰਦ ਕਰਨ ਦੇ ਨਾਅਰੇ ਲਾਏ। ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੇ ਭਾਸ਼ਨ ਤੋਂ ਬਾਅਦ ਸੰਗਤਾਂ ਨੇ ਹੱਥ ਖੜ੍ਹੇ ਕਰਕੇ ਵਿਰੋਧ

ਬਾਕੀ ਸਫ਼ਾ 28 'ਤੇ





















# 1984 ਅਣਚਿਤਵਿਆ ਕਹਿਰ

audiobook

## ਬੋਲਦੀ ਕਿਤਾਬ

ਅੱਜ ਦੇ ਤੇਜੀ ਦੇ ਸਮੇਂ ਵਿਚ ਸਿੱਖ ਸਿਆਸਤ ਵੱਲੋਂ ਪਾਠਕਾਂ/ਸਰੋਤਿਆਂ ਲਈ ਚੋਣਵੀਆਂ ਪੜ੍ਹਨਯੋਗ ਕਿਤਾਬਾਂ ਆਵਾਜ਼ ਰੂਪ ਵਿਚ ਪੇਸ਼ ਕੀਤੀਆ ਜਾ ਰਹੀਆਂ ਹਨ।

ਇਹ ਬੋਲਦੀਆਂ ਕਿਤਾਬਾਂ ਸਿੱਖ ਸਿਆਸਤ ਦੀ ਐਂਡਰਾਇਡ ਐਪ ਰਾਹੀਂ ਸਲਾਨਾ ਭੇਟਾ ਤਾਰ ਕੇ ਸੁਣੀਆਂ ਜਾ ਸਕਦੀਆਂ ਹਨ।

### ਬੋਲਦੀਆਂ ਕਿਤਾਬਾਂ ਸੁਣਨ ਲਈ

(1) ਸਿੱਖ ਸਿਆਸਤ ਦੀ ਐਂਡਰਾਇਡ ਐਪ ਗੂਗਲ ਪਲੇਅ ਸਟੋਰ ਤੋਂ ਹਾਸਲ ਕਰੋ।
(2) ਐਪ ਵਿੱਚੋਂ ਸੱਜੇ ਪਾਸੇ ਉਪਰ ਬਣੇ ਨਿਸ਼ਾਨ ਦੱਬ ਕੇ ਸਲਾਨਾ ਭੇਟਾ ਤਾਰੋ।
(3) ਭੇਟਾ ਤਾਰਨ ਤੋਂ ਬਾਅਦ ਤੁਸੀਂ ਬੋਲਦੀਆਂ ਕਿਤਾਬਾਂ ਸੁਣ ਸਕੋਗੇ।

ਸਿੱਖ ਸਿਆਸਤ ਦੀ ਐਪ ਤੇ ਤੁਸੀਂ ਰੋਜ਼ਾਨਾ ਅੰਗਰੇਜ਼ੀ ਅਤੇ ਪੰਜਾਬੀ ਵਿਚ ਖਬਰਾਂ ਵੀ ਪੜ੍ਹ ਸਕਦੇ ਹੋ ਤੇ ਸਿੱਖ ਸਿਆਸਤ ਦੇ ਵੀਡੀਓ ਬਿਲਕੁਲ ਮੁਫਤ ਵੇਖ ਸਕਦੇ ਹੋ।



ਹੋਰਨਾਂ ਲੇਖਾਂ ਲਈ ਸਿੱਖ ਸਿਆਸਤ ਨਾਲ ਜੁੜੋ:

+91-855-606-7689 /sikhsiyasat /sikhsiyasat /sikhsiyasat m.me/sikhsiyasat Websites: www.sikhsiyasat.net | www.sikhsiyasat.info | www.sikhsiyasat.com

# SINGH TRANSPORT INC



ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ

# ਪੰਜਾਬੀ ਢਾਬਾ

Now Open

Indiana

1480 N State Road 1, Cambridge City, IN 47327. 70 Exit 137

Diesel/Gas

ਟਰੱਕਾਂ ਵਾਲੇ ਭਰਾਵਾਂ ਲਈ ਖੁੱਲ੍ਹ ਗਿਆ



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ....

ਕੀਮਤਾਂ ਬਹੁਤ ਹੀ ਵਾਜਬ !



ਸਹੂਲਤਾਂ
- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.

Free Buffet over 100 gallons

open 6am to midnight

Phone: 765-478-6300

# ਭਾਈ ਰਾਮ ਸਿੰਘ ਦੀਆਂ ਕਿਤਾਬਾਂ ਦੇ ਰਿਲੀਜ਼ ਸਮਾਗਮ ਮੌਕੇ ਪਹੁੰਚੀਆਂ ਉੱਘੀਆਂ ਹਸਤੀਆਂ





**ਫਰੀਮੌਂਟ/ਬਿਊਰੋ ਨਿਊਜ਼ :** ਪਿਛਲੇ 30 ਸਾਲਾਂ ਤੋਂ ਸਿੱਖ ਸਿਆਸਤ ਵਿਚ ਸਰਗਰਮ ਅਤੇ ਕੈਲੀਫੋਰਨੀਆ ਦੀ ਸਤਿਕਾਰਯੋਗ ਸ਼ਖਸੀਅਤ ਭਾਈ ਰਾਮ ਸਿੰਘ ਵਲੋਂ ਲਿਖੀਆਂ ਦੋ ਕਿਤਾਬਾਂ 'ਗੁਰਬਾਣੀ ਵੀਚਾਰ ਲੇਖ' ਅਤੇ 'ਆਨੰਦ ਸਾਹਿਬ ਦਾ ਗੁਹਜ' ਹੇਵਰਡ ਵਿਚ ਰਿਲੀਜ਼ ਕੀਤੀਆਂ ਗਈਆਂ। ਪ੍ਰਭਾਵਸ਼ਾਲੀ ਸਮਾਰੋਹ ਵਿਚ ਸਿੱਖ ਹਲਕਿਆਂ ਦੀਆਂ ਉੱਘੀਆਂ ਸ਼ਖਸੀਅਤਾਂ ਪਹੁੰਚੀਆਂ ਅਤੇ ਭਾਈ ਰਾਮ ਸਿੰਘ ਦੀ ਸ਼ਖਸੀਅਤ ਅਤੇ ਉਕਤ ਕਿਤਾਬਾਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਭਾਈ ਦਵਿੰਦਰ ਸਿੰਘ ਨੇ ਸਮਾਗਮ ਦੀ ਸ਼ੁਰੂਆਤ ਕਰਦੇ ਹੋਏ ਕਿਤਾਬਾਂ ਬਾਰੇ ਸੰਖੇਪ ਵਿਚ ਜਾਣਕਾਰੀ ਦਿੱਤੀ। 'ਗੁਰਬਾਣੀ ਵੀਚਾਰ ਲੇਖ' ਕਿਤਾਬ ਵਿਚ ਭਾਈ ਰਾਮ ਸਿੰਘ ਵਲੋਂ 'ਸਾਡੇ ਲੋਕ' ਅਖਬਾਰ ਵਿਚ ਲਿਖੇ ਲੇਖਾਂ ਦਾ ਸੰਗ੍ਰਹਿ ਹੈ ਅਤੇ 'ਆਨੰਦ ਸਾਹਿਬ ਦਾ ਗੁਹਜ' ਵਿਚ ਭਾਈ ਰਾਮ ਸਿੰਘ ਨੇ ਆਨੰਦਮਈ ਅਵਸਥਾ ਤੱਕ ਪਹੁੰਚਣ ਦੇ ਗੁਰਬਾਣੀ ਅਨੁਸਾਰ ਪੜਾਵਾਂ ਨੂੰ ਉਸੇ ਤਰ੍ਹਾਂ ਅਲੱਗ-ਅਲੱਗ ਅਧਿਆਇ ਵਿਚ ਵੰਡਿਆ ਹੈ। ਭਾਈ ਰਾਮ ਸਿੰਘ ਨੇ ਦੱਸਿਆ ਕਿ ਕਿਤਾਬਾਂ ਲਿਖਣ ਦਾ ਉਨ੍ਹਾਂ ਦਾ ਪੰਜ ਸਾਲ ਦਾ ਸਫ਼ਰ ਬੜੀ ਹੀ ਗੁਰੂ ਦੀ ਮਿਹਰ ਸਦਕਾ ਸ਼ੁਰੂ ਹੋਇਆ। ਉਨ੍ਹਾਂ ਦੱਸਿਆ ਕਿ 'ਸਾਡੇ ਲੋਕ' ਦੇ ਸੰਪਾਦਕ ਭਾਈ ਸਤਨਾਮ ਸਿੰਘ ਖ਼ਾਲਸਾ ਨੇ ਪੁੱਛਿਆ ਕਿ ਤੁਸੀਂ ਲਿਖ ਸਕਦੇ ਹੋ, ਤਾਂ ਮੈਂ ਕਿਹਾ ਕਿ ਹਾਂ ਲਿਖ ਸਕਦਾ ਹਾਂ। ਇਸ ਤਰ੍ਹਾਂ ਇਹ ਸਫ਼ਰ ਸ਼ੁਰੂ ਹੋਇਆ ਤੇ ਮੈਂ ਅਹਿਸਾਸ ਕੀਤਾ ਕਿ 'ਅਕਲ ਤੇ ਅਨੁਭਵ' ਦਾ ਸੁਮੇਲ ਤਾਂ ਹੋਣਾ ਚਾਹੀਦਾ ਹੀ ਹੈ ਪਰ ਜੋ ਤੁਸੀਂ ਆਪਣੇ ਅੰਦਰੋਂ ਅਨੁਭਵ ਨਾਲ ਕਹਿੰਦੇ ਹੋ, ਤਾਂ ਪੜ੍ਹਨ ਵਾਲੇ ਵੀ ਉਸ ਨਾਲ ਸਬੰਧ ਜੋੜ ਲੈਂਦੇ ਹਨ ਅਤੇ ਉਨ੍ਹਾਂ ਨੂੰ ਸਮਝ ਵੀ ਸਹਿਜੇ ਆ ਜਾਂਦੀ ਹੈ। ਉਨ੍ਹਾਂ ਨੇ ਕਿਹਾ ਕਿ ਸਿੱਖਾਂ ਕੋਲ ਦੁਨੀਆ ਲਈ ਇਕ ਸੁਨੇਹਾ ਸੀ ਪਰ ਅਸੀਂ ਪਹੁੰਚਾ ਨਹੀਂ ਸਕੇ ਕਿਉਂਕਿ ਸਾਨੂੰ ਬਹੁਤਿਆਂ ਨੂੰ ਆਪ ਨੂੰ ਹੀ ਉਸ ਸੁਨੇਹੇ ਦਾ ਪਤਾ ਨਹੀਂ। ਉਨ੍ਹਾਂ ਨੇ ਜ਼ੋਰ ਦਿੱਤਾ ਕਿ ਗੁਰੂ ਨਾਨਕ ਪਾਤਿਸ਼ਾਹ ਦੇ ਪ੍ਰਕਾਸ਼ ਪੁਰਬ ਦੀ 550ਵੀਂ ਵਰ੍ਹੇਗੰਢ ਉਤੇ ਸਾਡੀ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਅਸੀਂ ਦੁਨੀਆ ਭਰ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਸੁਨੇਹਾ ਪਹੁੰਚਾਈਏ। ਭਾਈ ਰਾਮ ਸਿੰਘ ਨੇ ਕਿਹਾ ਕਿ ਮੈਂ ਇਨ੍ਹਾਂ ਕਿਤਾਬਾਂ ਬਾਰੇ ਪਾਠਕਾਂ ਦੀ ਰਾਏ ਜਾਨਣ ਦਾ ਇੱਛੁਕ ਹੋਵਾਂਗਾ। ਉਨ੍ਹਾਂ ਨੇ ਆਈਆਂ ਹੋਈਆਂ ਸੰਗਤਾਂ ਦਾ ਧੰਨਵਾਦ ਕੀਤਾ। ਬੀਬੀ ਗੁਰਬਖਸ਼ ਕੌਰ ਕਾਹਲੋਂ ਨੇ 'ਗੁਰਬਾਣੀ ਵੀਚਾਰ ਲੇਖ' ਵਿਚੋਂ ਹਵਾਲੇ ਦੇ ਕੇ ਕਿਤਾਬਾਂ ਦੀ ਅਹਿਮੀਅਤ ਦੱਸੀ ਤੇ ਉਨ੍ਹਾਂ ਨੂੰ ਪੜ੍ਹਨ ਉਤੇ ਜ਼ੋਰ ਦਿੱਤਾ। ਪੰਜਾਬੀ ਲੇਖਕ ਅਸ਼ੋਕ ਭੌਰਾ, ਜਿਨ੍ਹਾਂ ਨੇ ਇਨ੍ਹਾਂ ਕਿਤਾਬਾਂ ਨੂੰ ਛਪਵਾਉਣ ਵਿਚ ਭੂਮਿਕਾ ਨਿਭਾਈ, ਨੇ ਵੀ ਆਪਣੇ ਤਜਰਬੇ ਦਾ ਜ਼ਿਕਰ ਕੀਤਾ। ਭਾਈ ਬਲਵਿੰਦਰਪਾਲ ਸਿੰਘ ਨੇ ਇਨ੍ਹਾਂ ਨੂੰ ਪੜ੍ਹਨ ਉਤੇ ਜ਼ੋਰ ਦਿੰਦੇ ਹੋਏ ਸਵਾਲ ਖੜ੍ਹਾ ਕੀਤਾ ਕਿ ਅਸੀਂ ਇਨ੍ਹਾਂ ਕਿਤਾਬਾਂ ਨੂੰ ਸਿਰਫ਼ ਲਾਇਬ੍ਰੇਰੀ ਵਿਚ ਹੀ ਰੱਖ ਛੱਡਣਾ ਹੈ ਜਾਂ ਅਸੀਂ ਇਨ੍ਹਾਂ ਨੂੰ ਪੜ੍ਹਕੇ ਅਮਲ ਵੀ ਕਰਨਾ ਹੈ? ਭਾਈ ਜਸਜੀਤ ਸਿੰਘ ਨੇ ਕਿਤਾਬ ਦਾ ਰੀਵਿਊ ਦਿੰਦੇ ਹੋਏ ਕਿਹਾ ਕਿ ਪਹਿਲਾਂ-ਪਹਿਲ 'ਆਨੰਦ ਸਾਹਿਬ ਦਾ ਗੁਹਜ' ਬਹੁਤ ਕਠਿਨ ਲਗਦੀ ਹੈ ਪਰ ਜਿਉਂ-ਜਿਉਂ ਤੁਸੀਂ ਪੜ੍ਹਦੇ ਜਾਓ ਤਾਂ ਤੁਹਾਨੂੰ ਉਸ ਦੀ ਸਮਝ ਅਤੇ ਆਨੰਦ ਆਉਣ ਲਗਦਾ ਹੈ। ਕਿਤਾਬਾਂ ਦੀ ਘੁੰਡ ਚੁਕਾਈ ਭਾਈ ਰਾਮ ਸਿੰਘ ਦੇ ਪਰਿਵਾਰ ਸਮੇਤ ਕਮਿਊਨਿਟੀ ਦੀਆਂ ਉਘੀਆਂ ਸ਼ਖਸੀਅਤਾਂ ਨੇ ਕੀਤੀ। ਸੰਗਤ ਵਲੋਂ ਭਾਈ ਰਾਮ ਸਿੰਘ ਨੂੰ ਲੋਈ ਭੇਟ ਕਰਕੇ ਸਨਮਾਨਤ ਵੀ ਕੀਤਾ ਗਿਆ।

ਭਾਈ ਰਾਮ ਸਿੰਘ ਦੀਆਂ ਕਿਤਾਬਾਂ ਦੇ ਰਿਲੀਜ਼ ਸਮਾਰੋਹ ਦੀਆਂ ਹੋਰ ਰੰਗਦਾਰ ਤਸਵੀਰਾਂ ਸਫ਼ਾ 15 'ਤੇ ਵੇਖੋ

# ਕੌਮਾਂਤਰੀ ਮਨੁੱਖੀ ਅਧਿਕਾਰ ਦਿਹਾੜੇ ਉਤੇ ਫ਼ਰਜ਼ੀ ਪੁਲਿਸ ਮੁਕਾਬਲਿਆਂ 'ਚ ਮਾਰੇ ਨੌਜਵਾਨਾਂ ਦੀ ਯਾਦ 'ਚ ਮਾਰਚ

**ਬਠਿੰਡਾ/ਬਿਊਰੋ ਨਿਊਜ਼ :** 70ਵੇਂ ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ ਮੌਕੇ ਦਲ ਖ਼ਾਲਸਾ ਵਲੋਂ ਆਪਣੀਆਂ ਸਹਿਯੋਗੀ ਜਥੇਬੰਦੀਆਂ ਮਾਲਵਾ ਯੂਥ ਫੈੱਡਰੇਸ਼ਨ ਅਤੇ ਸਿੱਖ ਯੂਥ ਆਫ ਪੰਜਾਬ ਨਾਲ ਸਾਂਝੇ ਤੌਰ 'ਤੇ ਇਕ ਮਾਰਚ ਕੱਢਿਆ ਗਿਆ। ਇਹ ਮਾਰਚ ਪਿਛਲ਼ੇ ਤਿੰਨ ਦਹਾਕਿਆਂ ਦੌਰਾਨ ਜਬਰੀ ਲਾਪਤਾ ਕੀਤੇ, ਫ਼ਰਜ਼ੀ ਮੁਕਾਬਲਿਆਂ ਅਤੇ ਰੋਸ ਪ੍ਰਦਰਸ਼ਨ ਦੌਰਾਨ ਪੁਲੀਸ ਦੀਆਂ ਗੋਲੀਆਂ ਨਾਲ ਮਾਰੇ ਗਏ ਸਿੰਘ-ਸਿੰਘਣੀਆਂ ਦੀ ਯਾਦ ਵਿੱਚ ਬਠਿੰਡਾ ਵਿਚ ਕੱਢਿਆ ਗਿਆ। ਇਸ ਤੋਂ ਪਹਿਲਾਂ ਜਬਰੀ ਲਾਪਤਾ ਕੀਤੇ ਅਤੇ ਫ਼ਰਜ਼ੀ ਮੁਕਾਬਲਿਆਂ ਦੀ ਭੇਟ ਚੜ੍ਹੇ ਲੋਕਾਂ ਦੀ ਯਾਦ ਵਿੱਚ ਗੁਰਦੁਆਰਾ ਕਿਲ੍ਹਾ ਮੁਬਾਰਕ ਵਿਚ ਅਰਦਾਸ ਕੀਤੀ ਗਈ। ਪ੍ਰਦਰਸ਼ਨਕਾਰੀਆਂ ਦੇ ਹੱਥਾਂ 'ਚ ਸਰਕਾਰੀ ਦਹਿਸ਼ਤਗਰਦੀ ਦੇ ਸ਼ਿਕਾਰ ਇੱਕ ਪੀੜਤ ਦੀ ਮਾਂ ਦੀ ਸਰਕਾਰ ਨੂੰ ਗੁਹਾਰ ਲਾਉਣ ਵਾਲਾ ਬੈਨਰ ਫੜਿਆ ਹੋਇਆ ਸੀ। ਇਸ ਤੋਂ ਇਲਾਵਾ ਪ੍ਰਦਰਸ਼ਨਕਾਰੀਆਂ ਕੋਲ ਸਰਕਾਰ ਨੂੰ ਹਲੂਣਾ ਦੇਣ ਵਾਲੇ ਹੋਰ ਬੈਨਰ ਵੀ ਸਨ। ਦਲ ਖ਼ਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਅਤੇ ਬੁਲਾਰੇ ਕੰਵਰਪਾਲ ਸਿੰਘ ਨੇ ਕਿਹਾ ਕਿ ਇਸ ਸਮਾਗਮ ਦਾ ਮੰਤਵ ਸੁਰੱਖਿਆ ਫੋਰਸ ਅਤੇ ਪੁਲੀਸ ਵਲੋਂ ਜਬਰੀ ਲਾਪਤਾ ਕੀਤੇ ਬੇਜ਼ੁਬਾਨਾਂ ਦੀ ਜ਼ੁਬਾਨ ਬਣਨਾ ਅਤੇ ਪੀੜਤ ਪਰਿਵਾਰ ਲਈ ਇਨਸਾਫ਼ ਦੀ ਗੁਹਾਰ ਲਾਉਣਾ ਹੈ। ਉਨ੍ਹਾਂ ਭਾਰਤ ਅੰਦਰ ਕਸ਼ਮੀਰ ਤੋਂ ਪੰਜਾਬ ਅਤੇ ਦੂਜੇ ਸੂਬਿਆਂ ਅੰਦਰ ਘੱਟ-ਗਿਣਤੀਆਂ ਤੇ ਦਲਿਤਾਂ 'ਤੇ ਹੋ ਰਹੇ ਮਨੁੱਖੀ ਅਧਿਕਾਰਾਂ ਦੇ ਘਾਣ ਪ੍ਰਤੀ ਅੰਤਰਰਾਸ਼ਟਰੀ ਭਾਈਚਾਰੇ ਦੀ ਚੁੱਪ ਨੂੰ ਘਾਤਕ ਦੱਸਿਆ। ਉਨ੍ਹਾਂ ਕਿਹਾ ਕਿ ਇਹ ਮਾਰਚ ਮਨੁੱਖੀ ਅਧਿਕਾਰਾਂ ਦੇ ਸਤਿਕਾਰ ਨੂੰ ਬਹਾਲ ਕਰਨ ਅਤੇ ਬੁਝ ਰਹੀ ਇਨਸਾਫ਼ ਦੀ ਲੋਅ ਨੂੰ ਜਗਦਾ ਰੱਖਣ ਦਾ ਉਪਰਾਲਾ ਹੈ। ਜਨਰਲ ਸਕੱਤਰ ਪਰਮਜੀਤ ਸਿੰਘ ਟਾਂਡਾ ਨੇ ਦੱਸਿਆ ਕਿ ਕਈ ਮਾਪੇ ਪੁਲੀਸ ਅਤੇ ਫ਼ੌਜ ਵੱਲੋਂ ਗੁੰਮ ਕੀਤੇ ਆਪਣੇ ਬੱਚਿਆਂ ਦੀ ਉਡੀਕ ਵਿੱਚ ਬਿਰਧ ਹੋ ਗਏ ਹਨ ਤੇ ਉਨ੍ਹਾਂ 'ਚ ਇਨਸਾਫ਼ ਦੀ ਉਮੀਦ ਵੀ ਮਰ ਰਹੀ ਹੈ। ਇਸ ਮੌਕੇ ਲਖਬੀਰ ਸਿੰਘ ਲੱਖਾ ਸਿਧਾਣਾ ਨੇ ਵੀ ਪ੍ਰਦਰਸ਼ਨਕਾਰੀਆਂ ਨੂੰ ਸੰਬੋਧਨ ਕੀਤਾ।






# ਭਾਰਤ 'ਚ ਪ੍ਰਸ਼ਾਸਨ ਦਾ ਨਹੀਂ ਮਾਫੀਆ ਦਾ ਰਾਜ

**ਨਵੀ ਦਿੱਲੀ/ਬਿਊਰੋ ਨਿਊਜ਼ :** ਦੇਸ਼ ਵਿਚ ਜਿੱਥੇ ਇਕ ਪਾਸੇ ਭ੍ਰਿਸ਼ਟਾਚਾਰ ਅਤੇ ਮਹਿੰਗਾਈ ਨੇ ਲੋਕਾਂ ਦਾ ਜੀਣਾ ਦੁੱਭਰ ਕੀਤਾ ਹੋਇਆ ਹੈ, ਉਥੇ ਹੀ ਦੂਜੇ ਪਾਸੇ ਸਮਾਜ ਵਿਰੋਧੀ ਅਨਸਰਾਂ ਤੇ ਵੱਖ-ਵੱਖ ਮਾਫੀਆ ਧੜਿਆਂ ਵਲੋਂ ਦੇਸ਼ ਵਿਚ ਹਿੰਸਾ ਤੇ ਖ਼ੂਨ-ਖਰਾਬਾ ਲਗਾਤਾਰ ਜਾਰੀ ਹੈ। ਇਸ ਮਾਫੀਆ ਦੇ ਹੌਸਲੇ ਇੰਨੇ ਵਧ ਚੁੱਕੇ ਹਨ ਕਿ ਉਹ ਆਪਣੇ ਰਾਹ ਵਿਚ ਰੁਕਾਵਟ ਬਣਨ ਵਾਲੇ ਕਿਸੇ ਵੀ ਵਿਅਕਤੀ ਦੀ ਹੱਤਿਆ ਕਰਨ ਅਤੇ ਹੋਰਨਾਂ ਤਰੀਕਿਆਂ ਨਾਲ ਉਸ ਨੂੰ ਨੁਕਸਾਨ ਪਹੁੰਚਾਉਣ ਤੋਂ ਜ਼ਰਾ ਨਹੀ ਝਿਜਕਦੇ। ਇਸ ਵਿੱਚ ਕੋਈ ਝੂਠ ਨਹੀ ਹੈ ਕਿ ਇਹ ਮਾਫੀਆ ਏਨਾ ਬੁਲੰਦ ਹੌਸਲੇ ਵਾਲਾ ਸਿਆਸੀ ਥਾਪੜੇ ਨਾਲ ਹੀ ਹੋਇਆ ਹੈ, ਅਫਸਰਸ਼ਾਹੀ ਨੂੰ ਮਾਫੀਆ ਕੀੜੇ ਮਕੌੜੇ ਵਾਂਗ ਕੁਚਲਣ ਵਿੱਚ ਪਲ ਵੀ ਨਹੀ ਲਾਉਂਦਾ, ਇਸ ਤੋਂ ਲੱਗਦਾ ਤਾਂ ਇਹੀ ਹੈ ਕਿ ਮੁਲਕ ਵਿੱਚ ਕਿਸੇ ਪ੍ਰਸ਼ਾਸਨ ਦਾ ਨਹੀਂ ਬਲਕਿ ਮਾਫੀਆ ਰਾਜ ਹੈ।

**ਮਾਫੀਆ ਵਲੋਂ ਅੰਜਾਮ ਦਿੱਤੀਆਂ ਕੁਝ ਵਾਰਦਾਤਾਂ :**

➢ 05 ਜਨਵਰੀ ਨੂੰ ਤੇਲੰਗਾਨਾ ਦੇ ਕਾਮਾਰੈੱਡੀ ਜ਼ਿਲੇ ਵਿਚ ਰੇਤ ਮਾਫੀਆ ਦੇ ਮੈਂਬਰਾਂ ਨੇ ਇਕ ਪਿੰਡ ਵਿਚ ਛਾਪਾ ਮਾਰਨ ਗਏ 'ਦਿਹਾਤੀ ਮਾਲੀਆ ਸਹਾਇਕ' ਬੋਇਨੀ ਸਾਇਲੂ ਨੂੰ ਟਰੈਕਟਰ ਨਾਲ ਕੁਚਲ ਕੇ ਮਾਰ ਦਿੱਤਾ।

➢ 08 ਮਈ ਨੂੰ ਤਾਮਿਲਨਾਡੂ ਦੇ ਤਿਰੂਨੇਲਵੇਲੀ ਵਿਚ ਨਾਂਬਿਆਰ ਨਦੀ ਨੇੜੇ ਨਾਜਾਇਜ਼ ਰੇਤਾ ਕੱਢਣ ਤੋਂ ਰੋਕਣ ਦੀ ਕੋਸ਼ਿਸ਼ ਕਰ ਰਹੇ ਪੁਲਸ ਕਾਂਸਟੇਬਲ ਜਗਦੀਸ਼ ਦੁੱਰਈ 'ਤੇ ਰੇਤ ਮਾਫੀਆ ਨੇ ਲੋਹੇ ਦੀਆਂ ਰਾਡਾਂ ਨਾਲ ਵਾਰ ਕਰ ਕੇ ਉਨ੍ਹਾਂ ਦੀ ਹੱਤਿਆ ਕਰ ਦਿੱਤੀ।

➢ 07 ਸਤੰਬਰ ਨੂੰ ਮੱਧ ਪ੍ਰਦੇਸ਼ ਦੇ ਮੁਰੈਨਾ ਵਿਚ ਰੇਤਾ ਨਾਲ ਭਰੀ ਟਰੈਕਟਰ-ਟਰਾਲੀ ਰੋਕਣ ਦੀ ਕੋਸ਼ਿਸ਼ ਕਰ ਰਹੇ ਡਿਪਟੀ ਰੇਂਜਰ ਸੂਬੇਦਾਰ ਸਿੰਘ ਕੁਸ਼ਵਾਹਾ ਨੂੰ ਟਰੈਕਟਰ ਚਾਲਕ ਨੇ ਕੁਚਲ ਕੇ ਮਾਰ ਦਿੱਤਾ।

➢ 13 ਸਤੰਬਰ ਨੂੰ ਮੱਧ ਪ੍ਰਦੇਸ਼ ਦੇ ਅਜੈਗੜ੍ਹ ਵਿਚ ਰੇਤਾ ਦੀ ਨਾਜਾਇਜ਼ ਢੁਆਈ ਕਰ ਰਹੇ ਟਰੈਕਟਰ ਚਾਲਕ ਨੇ 2 ਬੱਚਿਆਂ ਨੂੰ ਕੁਚਲ ਕੇ ਗੰਭੀਰ ਜ਼ਖ਼ਮੀ ਕਰ ਦਿੱਤਾ।

➢ 15 ਅਕਤੂਬਰ ਨੂੰ ਯੂ. ਪੀ. ਦੇ ਹੀਰਾਪੁਰ ਬਾਜ਼ਾਰ ਨੇੜੇ ਹਥਿਆਰਬੰਦ ਬਦਮਾਸ਼ਾਂ ਨੇ ਤਾਬੜ-ਤੋੜ ਗੋਲੀਆਂ



ਵਰ੍ਹਾ ਕੇ ਬਸਪਾ ਨੇਤਾ 'ਜੁਰਗਾਮ ਮੇਹੰਦੀ' ਅਤੇ ਉਸ ਦੇ ਡਰਾਈਵਰ ਦੀ ਹੱਤਿਆ ਕਰ ਦਿੱਤੀ। ਇਸ ਘਟਨਾ ਬਾਰੇ ਮਾਫੀਆ ਡਾਨ ਖਾਨ ਮੁਬਾਰਕ ਸਮੇਤ 11 ਵਿਅਕਤੀਆਂ ਵਿਰੁੱਧ ਕਤਲ ਅਤੇ ਸਾਜ਼ਿਸ਼ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਹੋਇਆ ਹੈ।

➢ 20 ਅਕਤੂਬਰ ਨੂੰ ਸ਼ਾਹਜਹਾਂਪੁਰ ਨੇੜੇ ਦੁਧਵਾ ਟਾਈਗਰ ਰਿਜ਼ਰਵ ਦੇ ਇਕ ਵਣ ਰੱਖਿਅਕ ਸੁਖਪਾਲ ਸਿੰਘ ਦੀ ਲੱਕੜੀ ਮਾਫੀਆ ਦੇ ਮੈਂਬਰਾਂ ਨੇ ਹੱਤਿਆ ਕਰ ਦਿੱਤੀ। ਸੁਖਪਾਲ ਸਿੰਘ ਨੇ ਆਪਣੀ ਡਿਊਟੀ ਨਿਭਾਉਂਦਿਆਂ ਕਈ ਲੱਕੜੀ ਚੋਰਾਂ ਨੂੰ ਫੜਵਾਇਆ ਸੀ, ਜਿਸ ਕਾਰਨ ਉਹ ਲੱਕੜੀ ਮਾਫੀਆ ਦੀਆਂ ਅੱਖਾਂ ਦਾ ਰੋੜ ਬਣਿਆ ਹੋਇਆ ਸੀ।

➢ 22 ਅਕਤੂਬਰ ਨੂੰ ਯੂ. ਪੀ. ਦੇ ਸੀਤਾਪੁਰ ਵਿਚ ਨਾਜਾਇਜ਼ ਮਾਈਨਿੰਗ ਦੀ ਸ਼ਿਕਾਇਤ ਕਰਨ 'ਤੇ ਭਾਜਪਾ ਵਰਕਰ ਪਵਨ ਮੌਰਿਆ ਦੀ ਰੇਤ ਮਾਫੀਆ ਵਲੋਂ ਟਰੈਕਟਰ ਨਾਲ ਕੁਚਲ ਕੇ ਹੱਤਿਆ ਕਰਵਾ ਦਿੱਤੀ ਗਈ।

➢ 31 ਅਕਤੂਬਰ ਨੂੰ ਬਿਆਨਾ (ਰਾਜਸਥਾਨ) ਵਿਚ ਰੇਤਾ ਦੀ ਨਾਜਾਇਜ਼ ਮਾਈਨਿੰਗ ਅਤੇ ਢੁਆਈ ਦੀ ਰੋਕਥਾਮ ਕਰ ਰਹੀ ਵਣ ਵਿਭਾਗ ਦੀ ਗਸ਼ਤੀ ਟੁਕੜੀ 'ਤੇ ਮਾਈਨਿੰਗ ਮਾਫੀਆ ਨੇ ਹਮਲਾ ਕਰ ਦਿੱਤਾ ਅਤੇ ਗਸ਼ਤੀ ਟੁਕੜੀ ਦੇ ਇੰਚਾਰਜ ਫਾਰੈਸਟਰ ਨੂੰ ਜ਼ਖ਼ਮੀ ਕਰਨ ਤੋਂ ਬਾਅਦ ਨਾਜਾਇਜ਼ ਮਾਈਨਿੰਗ ਦੇ ਸੈਂਡ ਸਟੋਨ ਨਾਲ ਭਰਿਆ ਟਰਾਲਾ ਛੁਡਾ ਕੇ ਲੈ ਗਏ।

➢ 06 ਨਵੰਬਰ ਨੂੰ ਗੁਜਰਾਤ ਦੇ ਨਵਸਾਰੀ ਵਿਚ ਰੇਤ ਮਾਫੀਆ ਦੇ ਮੈਂਬਰਾਂ ਨੇ ਨਾਜਾਇਜ਼ ਰੇਤਾ ਕੱਢਣ ਵਿਰੁੱਧ ਲਗਾਤਾਰ ਆਵਾਜ਼ ਉਠਾਉਣ ਵਾਲੇ ਡਾ. ਜਾਏਸ਼ ਨਾਇਕ ਨੂੰ ਰੋਕ ਕੇ ਉਸ 'ਤੇ ਸਰੀਏ ਨਾਲ ਹਮਲਾ ਕਰ ਕੇ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ ਤੇ ਉਸ ਦਾ ਮੋਟਰਸਾਈਕਲ ਵੀ ਤੋੜ ਦਿੱਤਾ।

➢ 06 ਨਵੰਬਰ ਨੂੰ ਹੀ ਮਹਾਰਾਸ਼ਟਰ ਦੇ ਚੰਦਰਪੁਰ ਵਿਚ ਸਿਪਾਹੀਆਂ ਨਾਲ ਗਸ਼ਤ 'ਤੇ ਨਿਕਲੇ ਪੁਲਸ ਸਬ-ਇੰਸਪੈਕਟਰ ਛਤਰਪਤੀ ਚਿੜੇ ਨੂੰ ਨਾਜਾਇਜ਼ ਸ਼ਰਾਬ ਤਸਕਰਾਂ ਨੇ ਉਦੋਂ ਗੱਡੀ ਨਾਲ ਕੁਚਲ ਕੇ ਮਾਰ ਦਿੱਤਾ, ਜਦੋਂ ਉਨ੍ਹਾਂ ਨੇ ਸ਼ਰਾਬ ਤਸਕਰਾਂ ਦੀ ਗੱਡੀ ਰੋਕਣੀ ਚਾਹੀ। ਪਹਿਲਾਂ ਵੀ 3 ਪੁਲਸ ਵਾਲੇ ਸ਼ਰਾਬ ਮਾਫੀਆ ਦੇ ਹਮਲੇ ਦਾ ਸ਼ਿਕਾਰ ਹੋ ਚੁੱਕੇ ਹਨ।

➢ 08 ਨਵੰਬਰ ਨੂੰ ਮੇਘਾਲਿਆ ਵਿਚ ਚਿਲੌਂਗ ਨੇੜੇ ਪੂਰਬੀ ਜੈਅੰਤੀਆ ਪਹਾੜੀਆਂ ਵਿਚ ਸਥਿਤ ਪਿੰਡ ਟੁਬੇਰ ਵਿਚ ਕੋਲਾ ਮਾਫੀਆ ਦੇ ਮੈਂਬਰਾਂ ਨੇ ਇਕ ਸੋਸ਼ਲ ਵਰਕਰ ਏਗਨੈਸ ਖਾਰਸ਼ਿੰਗ ਉੱਤੇ ਹਮਲਾ ਕਰ ਕੇ ਉਸ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ। ਜ਼ਿਕਰਯੋਗ ਹੈ ਕਿ ਜੈਅੰਤੀਆ ਪਹਾੜੀਆਂ ਦੇ ਇਲਾਕੇ ਵਿਚ ਕੋਲੇ ਦਾ ਅਥਾਹ ਭੰਡਾਰ ਹੈ, ਜਿਸ 'ਤੇ ਇਥੋਂ ਦੇ ਕੋਲਾ ਮਾਫੀਆ ਦੀ ਨਜ਼ਰ ਟਿਕੀ ਰਹਿੰਦੀ ਹੈ।

➢ 08 ਨਵੰਬਰ ਨੂੰ ਹੀ ਬਿਹਾਰ ਦੇ ਰੋਹਤਾਸ ਜ਼ਿਲੇ ਵਿਚ ਇਕ ਨੌਜਵਾਨ ਵਲੋਂ ਨਾਜਾਇਜ਼ ਸ਼ਰਾਬ ਦੀ ਵਿਕਰੀ ਦਾ ਵਿਰੋਧ ਕਰਨ 'ਤੇ ਸ਼ਰਾਬ ਮਾਫੀਆ ਨੇ ਉਸ ਦੀ ਹੱਤਿਆ ਕਰ ਦਿੱਤੀ।

ਕਈ ਥਾਵਾਂ 'ਤੇ ਰੇਤ ਮਾਫੀਆ ਨੇ ਆਪਣੇ ਵਿਰੁੱਧ ਛਾਪਿਆਂ ਦੀ ਸੂਚਨਾ ਹਾਸਿਲ ਕਰਨ ਲਈ ਆਪਣੀ 'ਖੁਫੀਆ ਪ੍ਰਣਾਲੀ' ਕਾਇਮ ਕੀਤੀ ਹੋਈ ਹੈ ਅਤੇ ਸੂਚਨਾ ਮਿਲਣ 'ਤੇ ਛਾਪਾ ਪੈਣ ਤੋਂ ਪਹਿਲਾਂ ਹੀ ਉਹ ਮੌਕੇ ਤੋਂ ਗਾਇਬ ਹੋ ਜਾਂਦੇ ਹਨ।

ਸਭ ਤੋਂ ਵੱਡੀ ਗੱਲ ਇਹ ਹੈ ਕਿ ਲੱਗਭਗ ਹਰੇਕ ਸੂਬੇ ਵਿਚ ਸਰਗਰਮ ਮਾਫੀਆ ਨੂੰ ਕਿਸੇ ਨਾ ਕਿਸੇ ਰੂਪ ਵਿਚ ਕਥਿਤ ਤੌਰ 'ਤੇ ਸਿਆਸੀ ਤੇ ਪੁਲਸ ਦੀ ਸ਼ਹਿ ਪ੍ਰਾਪਤ ਹੈ, ਜਿਨ੍ਹਾਂ ਸਾਹਮਣੇ ਕਾਨੂੰਨ ਬੇਵੱਸ ਹੋ ਕੇ ਰਹਿ ਗਿਆ ਹੈ। ਮਾਫੀਆ ਵਿਰੁੱਧ ਸਖਤ ਮੁਹਿੰਮ ਛੇੜਨ ਦੇ ਨਾਲ-ਨਾਲ ਉਨ੍ਹਾਂ ਨੂੰ ਪਨਾਹ ਦੇਣ ਵਾਲੇ ਸਿਆਸਤਦਾਨਾਂ, ਪੁਲਸ ਮੁਲਾਜ਼ਮਾਂ, ਅਧਿਕਾਰੀਆਂ ਆਦਿ ਦਾ ਪਤਾ ਲਾ ਕੇ ਉਨ੍ਹਾਂ ਵਿਰੁੱਧ ਸਖਤ ਕਾਰਵਾਈ ਕੀਤੇ ਬਿਨਾਂ ਇਸ ਸਮੱਸਿਆ ਦਾ ਹੱਲ ਸੰਭਵ ਨਹੀਂ।

## ਬਾਜ਼ ਨੂੰ ਲੱਭਣ ਲਈ ਦੂਰ-ਦੇਸ਼ਾਂ ਤਕ ਜਾਵੇਗਾ ਜੰਗਲੀ ਜੀਵ ਵਿਭਾਗ

**ਪਟਿਆਲਾ/ਬਿਊਰੋ ਨਿਊਜ਼ :** ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਚਿੱਤਰਾਂ 'ਚ ਦਿਖਾਈ ਦਿੰਦਾ ਬਾਜ਼ ਪੰਛੀ ਹੁਣ ਮੁਸ਼ਕਿਲ ਨਾਲ ਹੀ ਪੰਜਾਬ ਵਿਚ ਕਿਤੇ ਦਿਖਾਈ ਦਿੰਦਾ ਹੈ। ਇਸ ਦਾ ਮੁੱਖ ਕਾਰਨ ਪੰਜਾਬ ਦੀ ਧਰਤੀ ਉੱਤੇ ਇਸ ਨੂੰ ਲੋੜੀਂਦਾ ਸ਼ਿਕਾਰ ਘਟਣਾ ਮੰਨਿਆ ਜਾਂਦਾ ਹੈ। ਪਹਿਲਾਂ ਬਾਜ਼ ਹਿਮਾਲਿਆਂ ਦੀਆਂ ਹੇਠਲੀਆਂ ਪਹਾੜੀਆਂ ਵਿਚ ਦਿਖਾਈ ਦੇ ਜਾਂਦਾ ਸੀ ਪਰ ਹੁਣ ਇਸ ਨੇ ਹਿਮਾਲਿਆ ਦੀਆਂ ਉਤਲੀਆਂ ਪਹਾੜੀਆਂ ਨੂੰ ਸ਼ਾਇਦ ਆਪਣਾ ਟਿਕਾਣਾ ਬਣਾ ਲਿਆ ਹੈ।



ਪੰਜਾਬ ਦੇ ਰਾਜ ਪੰਛੀ ਬਾਜ਼ (ਨੌਰਦਰਨ ਗੋਸਹਾਕ) ਨੂੰ ਫੜਨ ਜਾਂ ਇਸ ਦੇ ਕੁਝ ਜੋੜੇ ਸਾਂਭਣ ਦੀਆਂ ਕਈ ਸਾਲਾਂ ਦੀਆਂ ਕੋਸ਼ਿਸ਼ਾਂ ਬਾਅਦ ਹੁਣ ਪੰਜਾਬ ਜੰਗਲੀ ਜੀਵ ਵਿਭਾਗ ਨੇ ਪੂਰਬੀ ਯੂਰਪੀਅਨ ਦੇਸ਼ਾਂ ਅਤੇ ਸੰਯੁਕਤ ਅਰਬ ਅਮੀਰਾਤ, ਅਫਗਾਨਿਸਤਾਨ ਅਤੇ ਪਾਕਿਸਤਾਨ ਤੱਕ ਵੀ ਪਹੁੰਚ ਕਰਨ ਦਾ ਫੈਸਲਾ ਕੀਤਾ ਹੈ ਤਾਂ ਜੋ ਇਸ ਦੇ ਕੁਝ ਜੋੜੇ ਬਚਾਏ ਜਾ ਸਕਣ। ਪ੍ਰਾਪਤ ਜਾਣਕਾਰੀ ਅਨੁਸਾਰ ਵਿਭਾਗ ਨੇ ਦੇਸ਼ ਦੇ ਵਾਤਾਵਰਨ ਅਤੇ ਜੰਗਲਾਤ ਮੰਤਰਾਲੇ ਅਤੇ ਸੈਂਟਰਲ ਜ਼ੂ ਅਥਾਰਟੀ ਤੋਂ ਜੰਗਲ ਵਿਚੋਂ ਵੀ ਬਾਜ਼ ਨੂੰ ਬਚਾਉਣ ਦੀ ਆਗਿਆ ਹਾਸਲ ਕਰ ਲਈ ਹੈ। ਵਿਭਾਗ ਦੇ ਅੰਦੂਰਨੀ ਸੂਤਰਾਂ ਅਨੁਸਾਰ ਵਿਭਾਗ ਨੇ ਬਾਜ਼ ਦੀ ਜੰਗਲ ਵਿਚ ਭਾਲ ਕਰਨ ਲਈ ਪਹਿਲਾਂ ਹੀ ਕਮੇਟੀ ਬਣਾ ਦਿੱਤੀ ਹੈ।

ਬਾਜ਼ ਨੂੰ ਬਚਾਉਣ ਦੇ ਯਤਨਾਂ ਵਜੋਂ ਇੱਕ ਵਾਰ ਜੁਲਾਈ-2011 ਵਿਚ ਜੰਗਲੀ ਜੀਵ ਜੰਤੂ ਵਿਭਾਗ ਨੇ ਲਾਹੌਰ ਚਿੜੀਆ-ਘਰ ਦੇ ਨਾਲ ਵੀ ਜੰਗਲੀ ਜੀਵ-ਜੰਤੂਆਂ ਦਾ ਤਬਾਦਲਾ ਕਰਨ ਦੀ ਯੋਜਨਾ ਬਣਾਈ ਸੀ ਪਰ ਦੋਵਾਂ ਦੇਸ਼ਾਂ ਵਿਚ ਵਿਚ ਚੰਗੇ ਸਬੰਧ ਨਾ ਹੋਣ ਕਾਰਨ ਇਹ ਯੋਜਨਾ ਕਾਗਜ਼ਾਂ ਵਿਚ ਹੀ ਰਹਿ ਗਈ ਹੈ।


# WHITE HAWK TRUCKING INC

*Need Drivers & Owner Operators*

Dedicated Load (ਪੱਕੇ ਲੋਡ)

Immediate Payment Option

West Coast I-5 Route



• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ

• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires

• Minor to Major Repair • Rebuild Engine Transmission DEF, DPF Cleaning

• Any kind of Road Service • Computer Diagnose

*Call for more Info:*

510 774 4191 (Kuljit Singh)

209 242 9569 (Dispatched)

209 564 8899 (Davinder Singh)

209 345 6968 (Ranthir Singh)

2101 MARTIN LUTHER KING JR WAY STOCKTON, CA 95205

## ਮਾਮਲਾ ਬੁਲੰਦ ਸ਼ਹਿਰ ਵਿਚ ਥਾਣੇਦਾਰ ਦੀ ਹੱਤਿਆ ਦਾ

# ਭਗਵੇਂਵਾਦੀ ਚਾਹੁੰਦੇ ਸਨ ਖ਼ੂਨ ਦੀਆਂ ਨਦੀਆਂ ਵਹਾਉਣਾ

**ਬੁਲੰਦ ਸ਼ਹਿਰ/ਬਿਊਰੋ ਨਿਊਜ਼ :**
ਉੱਤਰ ਪ੍ਰਦੇਸ਼ ਦੇ ਪੁਲਿਸ ਮੁਖੀ ਨੇ ਦੱਸਿਆ ਹੈ ਕਿ ਬੁਲੰਦ ਸ਼ਹਿਰ ਵਿਚ ਗਊ ਹੱਤਿਆ ਦਾ ਮਾਮਲਾ ਇਕ ਵੱਡੀ ਸਾਜਿਸ਼ ਦਾ ਹਿੱਸਾ ਸੀ ਅਤੇ ਇਹ ਕਾਨੂੰਨ ਵਿਵਸਥਾ ਵਿਗਾੜਨ ਦਾ ਕੋਈ ਸਾਧਾਰਣ ਮਾਮਲਾ ਨਹੀਂ ਸੀ। ਪੁਲਿਸ ਮੁਖੀ ਦੇ ਉਸ ਬਿਆਨ ਤੋਂ ਬਾਅਦ ਹੁਣ ਇਹ ਪੂਰੀ ਤਰ੍ਹਾਂ ਸਪੱਸ਼ਟ ਹੋ ਗਿਆ ਹੈ ਕਿ ਕੁਝ ਦੇਸ਼ ਅਤੇ ਸਮਾਜ ਵਿਰੋਧੀ ਭਗਵੇਂਵਾਦੀ ਤੱਤ ਵੱਡੇ ਪੈਮਾਨੇ 'ਤੇ ਦੰਗੇ ਕਰਵਾਉਣਾ ਚਾਹੁੰਦੇ ਸਨ ਅਤੇ ਉਸ ਲਈ ਹੀ ਗਊ ਹੱਤਿਆ ਦਾ ਤਾਣਾ-ਬਾਣਾ ਬੁਣਿਆ ਗਿਆ ਸੀ। ਇਹ ਤਾਂ ਸਥਾਨਕ ਪੁਲਿਸ ਅਤੇ ਉਸ ਦੇ ਮੁਖੀ ਸ਼ਹੀਦ ਸਬੋਧ ਕੁਮਾਰ ਸਿੰਘ ਦੀ ਦੂਰਗਾਮੀ ਸੋਚ ਸੀ ਕਿ ਉੱਤਰ ਪ੍ਰਦੇਸ਼ ਇਕ ਵੱਡੇ ਖ਼ੂਨ ਖਰਾਬੇ ਤੋਂ ਬਚ ਗਿਆ। ਇਹ ਖ਼ੂਨ ਖਰਾਬਾ ਭਾਰਤ ਦਾ ਸਭ ਤੋਂ ਵੱਡਾ ਖ਼ੂਨ ਖਰਾਬਾ ਵੀ ਹੋ ਸਕਦਾ ਸੀ ਕਿਉਂਕਿ ਬੁਲੰਦ ਸ਼ਹਿਰ ਜ਼ਿਲ੍ਹੇ ਦੇ ਇਕ ਪਾਸੇ ਤਿੰਨ ਦਿਨਾਂ ਦਾ ਮੁਸਲਿਮ ਇਜ਼ਤੇਮਾ ਖਤਮ ਹੋਇਆ ਸੀ, ਜਿਸ ਵਿਚ ਘੱਟੋ-ਘੱਟ ਲੱਖਾਂ ਲੋਕਾਂ ਨੇ ਹਿੱਸਾ ਲਿਆ ਸੀ। ਇਹ ਸੱਚ ਹੈ ਕਿ ਬੁਲੰਦ ਸ਼ਹਿਰ ਦੇ ਜਿਸ ਥਾਣੇ ਵਿਚ ਹਿੰਸਾ ਅਤੇ ਅੱਗ ਲਗਾਈ ਗਈ ਉਹ ਇਜ਼ਤੇਮਾ ਦੇ ਸਥਾਨ ਤੋਂ ਕਰੀਬ 40 ਤੋਂ 50 ਕਿਲੋਮੀਟਰ ਦੂਰ ਸੀ, ਪਰ ਲੱਖਾਂ ਲੋਕਾਂ ਦਾ ਜਦੋਂ ਕੋਈ ਜਮਾਵੜਾ ਹੁੰਦਾ ਹੈ, ਤਾਂ ਉਸ ਦੇ ਬਾਅਦ ਲੋਕ ਉਥੋਂ ਵਾਪਸ ਆਉਂਦੇ ਹਨ ਅਤੇ ਆਲੇ-ਦੁਆਲੇ ਦੀਆਂ ਸੜਕਾਂ 'ਤੇ ਉਨ੍ਹਾਂ ਦੀ ਮੌਜੂਦਗੀ ਵਧ ਜਾਂਦੀ ਹੈ। ਬੁਲੰਦ ਸ਼ਹਿਰ ਦੇ ਜਿਸ ਸਥਾਨ 'ਤੇ ਸੜਕ ਨੂੰ ਜਾਮ ਕੀਤਾ ਗਿਆ ਸੀ, ਉਥੋਂ ਵੀ ਵੱਡੀ ਗਿਣਤੀ ਵਿਚ ਮੁਸਲਮਾਨ ਲੰਘ ਰਹੇ ਸੀ, ਕਿਉਂਕਿ ਘਟਨਾ ਤੋਂ ਪਹਿਲਾਂ ਦੀ ਸ਼ਾਮ ਨੂੰ ਹੀ ਇਹ ਇਜ਼ਤੇਮਾ ਖ਼ਤਮ ਹੋਇਆ ਸੀ ਅਤੇ ਲੋਕ ਆਪਣੇ-ਆਪਣੇ ਪਿੰਡਾਂ ਅਤੇ ਸ਼ਹਿਰਾਂ ਨੂੰ ਵਾਪਸ ਆ ਰਹੇ ਸਨ। ਹਫ਼ਿੰਗਟੋਨ ਪੋਸਟ ਦੀ ਇਕ ਖ਼ਬਰ ਅਨੁਸਾਰ ਬੁਲੰਦ ਸ਼ਹਿਰ ਦੀ ਘਟਨਾ ਵਾਲੀ ਜਗ੍ਹਾ ਦੇ ਕੋਲੋਂ ਹੀ ਕੁਝ ਮੁਸਲਮਾਨ ਜਾਮ ਦੌਰਾਨ ਲੰਘ ਵੀ ਰਹੇ ਸਨ ਅਤੇ ਇਸ ਤੋਂ ਪਹਿਲਾਂ ਕਿ ਭੀੜ ਉਨ੍ਹਾਂ ਨੂੰ ਆਪਣਾ ਸ਼ਿਕਾਰ ਬਣਾਉਂਦੀ, ਉਸ ਤੋਂ ਪਹਿਲਾਂ


ਜਤਿੰਦਰ ਮਲਿਕ ਉਰਫ਼ ਜੀਤੂ



ਹੀ ਥਾਣੇਦਾਰ ਸਬੋਧ ਕੁਮਾਰ ਸਿੰਘ ਨੇ ਭੀੜ 'ਤੇ ਲਾਠੀ ਚਾਰਜ ਕਰਵਾ ਦਿੱਤਾ। ਜ਼ਾਹਰ ਹੈ ਭੀੜ ਆਪਣੇ ਮਨਸੂਬਿਆਂ ਵਿਚ ਕਾਮਯਾਬ ਨਹੀਂ ਹੋਈ ਅਤੇ ਉਸ ਨੇ ਪੁਲਿਸ 'ਤੇ ਹਮਲਾ ਬੋਲ ਦਿੱਤਾ। ਲੋਕਾਂ ਦੀ ਵੱਡੀ ਗਿਣਤੀ ਦੇ ਦਬਾਅ 'ਚ ਪੁਲਿਸ ਨੂੰ ਪਿੱਛੇ ਹਟਣਾ ਪਿਆ ਅਤੇ ਭੀੜ ਨੇ ਪੁਲਿਸ ਥਾਣੇਦਾਰ ਨੂੰ ਮਾਰ ਦਿੱਤਾ। ਇਸ ਤਰ੍ਹਾਂ ਪੁਲਿਸ ਥਾਣੇਦਾਰ ਤਾਂ ਸ਼ਹੀਦ ਹੋ ਗਿਆ ਪਰ ਉਸ ਨੇ ਸੂਬੇ ਨੂੰ ਇਕ ਭਿਆਨਕ ਖ਼ੂਨ ਖਰਾਬੇ ਤੋਂ ਬਚਾ ਲਿਆ। ਉਸ ਦਾ ਕਾਰਨ ਇਹ ਹੈ ਕਿ ਜੇਕਰ ਘਟਨਾ ਵਾਲੀ ਥਾਂ 'ਤੇ ਕੁਝ ਹੋਰ ਅਣਕਿਆਸਿਆ ਵਾਪਰ ਜਾਂਦਾ ਤਾਂ ਉਹ ਉਥੋਂ ਤੱਕ ਹੀ ਸੀਮਤ ਨਹੀਂ ਰਹਿਣਾ ਸੀ, ਦੰਗੇ ਦੋ ਤਰਫ਼ਾ ਹੁੰਦੇ ਅਤੇ ਉਸ ਦੀ ਅੱਗ ਚਾਰੇ ਪਾਸੇ ਫੈਲਦੀ। ਦੋਵੇਂ ਪੱਖਾਂ ਦੇ ਲੋਕ ਮਾਰੇ ਜਾਂਦੇ ਅਤੇ ਫਿਰ ਭੜਕਾਹਟ ਇਕ ਸਥਾਨ ਤੱਕ ਹੀ ਸੀਮਤ ਨਾ ਰਹਿੰਦੀ। ਇਜ਼ਤੇਮਾ ਤੋਂ ਵਾਪਸ ਆ ਰਹੇ ਮੁਸਲਿਮ ਵਰਗ ਭਗਵੇਂ ਦੰਗਾਈਆਂ ਦਾ ਆਸਾਨ ਨਿਸ਼ਾਨਾ ਬਣ ਜਾਂਦੇ, ਕਿਉਂਕਿ ਉਸ ਮੁਸਲਿਮ ਮਹਾਂਕੁੰਭ ਵਿਚ ਭਾਗ ਲੈਣ ਲਈ ਲੋਕ ਪੂਰੇ ਦੇਸ਼ ਵਿਚੋਂ ਆਏ ਸਨ। ਇਸ ਲਈ ਉਨ੍ਹਾਂ 'ਤੇ ਹਮਲੇ ਤੋਂ ਬਾਅਦ ਅੱਗ ਪੂਰੇ ਦੇਸ਼ ਵਿਚ ਫੈਲਦੀ ਅਤੇ ਸ਼ਾਇਦ ਅਸੀਂ ਆਜ਼ਾਦੀ ਤੋਂ ਬਾਅਦ ਸਭ ਤੋਂ ਵੱਡੇ ਫਿਰਕੂ ਦੰਗਿਆਂ ਦੇ ਗਵਾਹ ਹੁੰਦੇ।

ਆਖ਼ਰ ਏਨੇ ਵੱਡੇ ਪੈਮਾਨੇ 'ਤੇ ਦੰਗਾ ਫੈਲਾਉਣ ਦੀ ਸਾਜ਼ਿਸ਼ ਕਿਸ ਦੀ ਹੋ ਸਕਦੀ ਹੈ? ਖ਼ੁਦ ਪੁਲਿਸ ਮੁਖੀ ਨੇ ਇਸ ਨੂੰ ਇਕ ਵੱਡੀ ਸਾਜ਼ਿਸ਼ ਦਾ ਹਿੱਸਾ ਮੰਨਿਆ ਹੈ ਤਾਂ ਉਮੀਦ ਕਰਨੀ ਚਾਹੀਦੀ ਹੈ ਕਿ ਉਹ ਸਾਜ਼ਿਸ਼ ਕਰਨ ਵਾਲਿਆਂ ਨੂੰ ਵੀ ਬੇਨਕਾਬ ਕਰਨਗੇ। ਪਰ ਅਸੀਂ ਸਿਰਫ਼ ਉਮੀਦ ਹੀ ਕਰ ਸਕਦੇ ਹਾਂ, ਯਕੀਨ ਨਹੀਂ। ਕਿਉਂਕਿ ਜਾਂਚ ਏਜੰਸੀਆਂ ਆਪਣੀ ਭਰੋਸੇਯੋਗਤਾ ਗੁਆ ਚੁੱਕੀਆਂ ਹਨ। ਪੁਲਿਸ ਮੁਖੀ ਦੇ ਸਾਜ਼ਿਸ਼ ਵਾਲੇ ਬਿਆਨ ਦੀ ਸੱਚਾਈ ਸ਼ੱਕ ਤੋਂ ਪਰ੍ਹੇ ਹੈ। ਇਸ ਦਾ ਕਾਰਨ ਇਹ ਹੈ ਕਿ ਗਊ ਦੀ ਹੱਤਿਆ ਜਿਸ ਪਿੰਡ ਵਿਚ ਕਥਿਤ ਤੌਰ 'ਤੇ ਹੋਈ, ਉਥੋਂ ਉਸ ਦੇ ਆਲੇ ਦੁਆਲੇ ਤੋਂ ਕੋਈ ਗਊ ਜਾਂ ਬਲਦ ਗਾਇਬ ਨਹੀਂ ਪਾਇਆ ਗਿਆ। ਜ਼ਾਹਿਰ ਹੈ ਕਿ ਹੱਤਿਆ ਦੇ ਅੰਗ ਬਾਹਰੋਂ ਲਿਆ ਕੇ ਰੱਖੇ ਗਏ ਸਨ। ਟਰੈਕਟਰ ਵਿਚ ਜਿਹੜੇ ਲੋਕਾਂ ਨੇ ਅੰਗ ਦੇਖੇ ਸਨ, ਉਨ੍ਹਾਂ ਦਾ ਕਹਿਣਾ ਹੈ ਕਿ ਇਕ ਦਰਜਨ ਜਾਨਵਰਾਂ ਦੀ ਹੱਤਿਆ ਤੋਂ ਬਾਅਦ ਬਚੇ ਹੋਏ ਅੰਗ ਸਨ। ਮਤਲਬ ਇਹ ਕਿ ਜੇਕਰ ਹੱਤਿਆਵਾਂ ਉਥੇ ਹੁੰਦੀਆਂ ਤਾਂ ਲਗਪਗ ਇਕ ਦਰਜਨ ਗਾਵਾਂ ਜਾਂ ਬਲਦ ਉਸ ਇਲਾਕੇ 'ਚੋਂ ਗਾਇਬ ਹੁੰਦੇ। ਪਰ ਉਥੋਂ ਤਾਂ ਇਕ ਵੀ ਗਊ ਜਾਂ ਬਲਦ ਗਾਇਬ ਨਹੀਂ ਹੋਇਆ।

ਇਕ ਪੁਲਿਸ ਅਧਿਕਾਰੀ, ਜਿਸ ਨੇ ਖੇਤਾਂ ਵਿਚ ਜਾ ਕੇ ਖ਼ੁਦ ਉਥੋਂ ਦਾ ਹਾਲ ਦੇਖਿਆ, ਉਸ ਦਾ ਕਹਿਣਾ ਹੈ ਕਿ ਜਾਨਵਰ ਕੁਝ ਦਿਨ ਪਹਿਲਾਂ ਦੇ ਕੱਟੇ ਹੋਏ ਸਨ, ਭਾਵ ਘਟਨਾ ਵਾਲੀ ਰਾਤ ਨੂੰ ਕੁਝ ਲੋਕਾਂ ਨੇ ਕਿਸੇ ਹੋਰ ਥਾਂ ਤੋਂ ਲਿਆ ਕੇ ਗੰਨੇ ਦੇ ਇਕ ਖੇਤ ਵਿਚ ਮਵੇਸ਼ੀਆਂ ਦੇ ਕੱਟੇ ਹੋਏ ਹਿੱਸੇ ਰੱਖ ਦਿੱਤੇ ਸਨ ਅਤੇ ਉਨ੍ਹਾਂ ਨੂੰ ਰੱਖਿਆ ਵੀ ਗੰਨੇ ਵਿਚ ਲਟਕਾ ਕੇ ਤਾਂ ਕਿ ਉਹ ਬਹੁਤ ਦੂਰ ਤੋਂ ਹੀ ਦਿਖਾਈ ਦੇਣ। ਜਿਸ ਖੇਤ ਵਿਚ ਉਹ ਰੱਖੇ ਗਏ ਸਨ, ਉਸ ਦੇ ਮਾਲਕ ਨੂੰ ਕਿਸੇ ਨੇ ਸਵੇਰੇ 8 ਵਜੇ ਇਸ ਸਬੰਧੀ ਜਾਣਕਾਰੀ ਦਿੱਤੀ ਸੀ। ਉਸ ਨੂੰ ਇਹ ਜਾਣਕਾਰੀ ਖੇਤਾਂ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਤੋਂ ਮਿਲੀ ਸੀ। ਸੂਚਨਾ ਮਿਲਦਿਆਂ ਹੀ ਉਹ ਆਪਣੇ ਖੇਤਾਂ ਵੱਲ ਗਿਆ ਅਤੇ ਹੌਲੀ-ਹੌਲੀ ਪਿੰਡ ਦੇ ਹੋਰ ਲੋਕ ਵੀ ਉਥੇ ਇਕੱਠੇ ਹੋਣ ਲੱਗੇ। ਫਿਰ ਪੁਲਿਸ ਨੂੰ ਇਸ ਸਬੰਧੀ ਸੂਚਨਾ ਦਿੱਤੀ ਗਈ। ਥਾਣੇਦਾਰ ਦੀ ਹੱਤਿਆ ਦੇ ਸ਼ੱਕ ਅਧੀਨ ਫੜੇ ਗਏ ਯੋਗੇਸ਼ ਰਾਜ ਨੇ ਦਾਖਲ ਕੀਤੀ ਗਈ ਆਪਣੇ ਐਫ.ਆਈ.ਆਰ. ਵਿਚ ਦਾਅਵਾ ਕੀਤਾ ਹੈ ਕਿ ਉਸ ਨੇ ਉਥੇ ਉਨ੍ਹਾਂ ਮਵੇਸ਼ੀਆਂ ਦੀ ਹੱਤਿਆ ਹੁੰਦੀ ਦੇਖੀ ਪਰ ਉਸ ਦੀ ਭੈਣ ਨੇ ਇਕ ਪੱਤਰਕਾਰ ਨੂੰ ਦੱਸਿਆ ਕਿ ਉਸ ਨੂੰ 8.30 ਵਜੇ ਕਿਸੇ ਨੇ ਫ਼ੋਨ ਕਰਕੇ ਦੱਸਿਆ ਕਿ ਮਹਾਵ ਨਾਂਅ ਦੇ ਪਿੰਡ ਵਿਚ ਗਊ ਹੱਤਿਆ ਹੋਈ ਹੈ ਅਤੇ ਉਸ ਤੋਂ ਬਾਅਦ ਹੀ ਉਹ ਘਟਨਾ ਵਾਲੀ ਜਗ੍ਹਾ 'ਤੇ ਪਹੁੰਚਿਆ। ਯੋਗੇਸ਼ ਰਾਜ ਨੇ ਗਊ ਹੱਤਿਆ ਲਈ ਆਪਣੇ ਪਿੰਡ ਦੇ 6 ਮੁਸਲਮਾਨਾਂ ਦੇ ਨਾਂਅ ਐਫ.ਆਈ.ਆਰ. ਵਿਚ ਦਰਜ ਕਰਵਾ ਦਿੱਤੇ, ਜਦਕਿ ਦੋਵੇਂ ਪਿੰਡਾਂ ਦਾ ਫਾਸਲਾ 6 ਕਿਲੋਮੀਟਰ ਦਾ ਹੈ। ਉਨ੍ਹਾਂ 6 ਨਾਵਾਂ ਵਿਚੋਂ 2 ਨਾਂ ਤਾਂ 11 ਅਤੇ 12 ਸਾਲਾਂ ਦੇ ਬੱਚਿਆਂ ਦੇ ਹਨ। ਜ਼ਾਹਰ ਹੈ ਰਾਜ ਵਲੋਂ ਲਿਖਾਈ ਗਈ ਐਫਆਈਆਰ. ਫ਼ਰਜ਼ੀ ਹੈ, ਉਸ ਵਿਚ ਜਿਹੜੇ 4 ਹੋਰ ਨਾਂ ਦਿੱਤੇ ਗਏ ਹਨ, ਉਨ੍ਹਾਂ ਵਿਚੋਂ ਕੁਝ ਨਾਵਾਂ ਵਾਲੇ ਲੋਕ ਉਸ ਦੇ ਪਿੰਡ ਵਿਚ ਹੈ ਹੀ ਨਹੀਂ।

ਮਵੇਸ਼ੀਆਂ ਨੂੰ ਕਿਤੇ ਹੋਰ ਮਾਰਿਆ ਗਿਆ ਸੀ ਅਤੇ ਉਸ ਪਿੰਡ ਦੇ ਖੇਤ ਵਿਚ ਉਨ੍ਹਾਂ ਨੂੰ ਲਟਕਾ ਦਿੱਤਾ ਗਿਆ ਸੀ। ਯੋਗੇਸ਼ ਰਾਜ ਵਰਗੇ ਲੋਕ ਸਿਰਫ਼ ਕਠਪੁਤਲੀ ਬਣੇ ਹੋਏ ਸਨ। ਪਰ ਸਵਾਲ ਉਠਦਾ ਹੈ ਕਿ ਕਠਪੁਤਲੀਆਂ ਦੀ ਡੋਰ ਕਿਸ ਦੇ ਹੱਥ ਵਿਚ ਸੀ? ਇਹ ਪਤਾ ਲਗਾਉਣਾ ਯੋਗੀ ਸਰਕਾਰ ਅਤੇ ਉਨ੍ਹਾਂ ਦੀ ਪੁਲਿਸ ਦਾ ਕੰਮ ਹੈ। ਕੀ ਉਹ ਇਸ ਖ਼ੂਨੀ ਸਾਜ਼ਿਸ਼ ਦਾ ਪਰਦਾਫ਼ਾਸ਼ ਕਰ ਸਕਣਗੇ? ਉਂਜ ਦੇਸ਼ ਨੂੰ ਉਸ ਸ਼ਹੀਦ ਥਾਣੇਦਾਰ ਦਾ ਅਹਿਸਾਨਮੰਦ ਹੋਣਾ ਚਾਹੀਦਾ ਹੈ, ਜਿਸ ਨੇ ਆਪਣੀ ਜਾਨ ਦੇ ਕੇ ਦੇਸ਼ ਵਿਚ ਖ਼ੂਨ ਦੀਆਂ ਨਦੀਆਂ ਨੂੰ ਵਹਿਣ ਤੋਂ ਰੋਕ ਦਿੱਤਾ।

**ਫ਼ੌਜੀ ਜਵਾਨ ਜਤਿੰਦਰ ਮਲਿਕ ਗ੍ਰਿਫ਼ਤਾਰ :** ਬੁਲੰਦ ਸ਼ਹਿਰ ਵਿਚ ਕਥਿਤ ਗਊ ਹੱਤਿਆ ਮਗਰੋਂ ਹੋਈ ਹਜੂਮੀ ਹਿੰਸਾ ਵਿਚ ਪੁਲੀਸ ਇੰਸਪੈਕਟਰ ਤੇ ਸਥਾਨਕ ਨੌਜਵਾਨ ਦੇ ਮਾਰੇ ਜਾਣ ਤੋਂ ਛੇ ਦਿਨਾਂ ਮਗਰੋਂ ਯੂਪੀ ਸਰਕਾਰ ਨੇ ਏਐਸਪੀ ਰਈਸ ਅਖ਼ਤਰ ਨੂੰ ਵੀ ਤਬਦੀਲ ਕਰ ਦਿੱਤਾ। ਯੋਗੀ ਸਰਕਾਰ ਨੇ ਬੁਲੰਦ ਸ਼ਹਿਰ ਦੇ ਐਸਐਸਪੀ ਤੇ ਦੋ ਹੋਰਨਾਂ ਪੁਲੀਸ ਅਧਿਕਾਰੀਆਂ ਨੂੰ ਸ਼ਨਿਚਰਵਾਰ ਨੂੰ ਤਬਦੀਲ ਕਰ ਦਿੱਤਾ ਸੀ। ਉਧਰ ਹਜੂਮੀ ਹਿੰਸਾ ਮਾਮਲੇ 'ਚ ਕਥਿਤ ਸ਼ਮੂਲੀਅਤ ਲਈ ਲੋੜੀਂਦੇ ਫ਼ੌਜੀ ਜਵਾਨ ਜਤਿੰਦਰ ਮਲਿਕ ਨੂੰ ਮੇਰਠ ਵਿੱਚ ਵਿਸ਼ੇਸ਼ ਟਾਸਕ ਫੋਰਸ (ਐਸਟੀਐਫ) ਦੇ ਸਪੁਰਦ ਕਰ ਦਿੱਤਾ ਗਿਆ ਹੈ। ਜੀਤੂ ਨੂੰ 14 ਦਿਨਾਂ ਲਈ ਨਿਆਂਇਕ ਹਿਰਾਸਤ 'ਚ ਭੇਜ ਦਿੱਤਾ ਗਿਆ ਹੈ। ਪ੍ਰਮੁੱਖ ਸਕੱਤਰ (ਗ੍ਰਹਿ) ਅਰਵਿੰਦ ਕੁਮਾਰ ਨੇ ਕਿਹਾ ਕਿ ਵਧੀਕ ਸੁਪਰਟੈਂਡੈਂਟ ਆਫ਼ ਪੁਲੀਸ (ਏਐਸਪੀ) ਰਈਸ ਅਖ਼ਤਰ ਨੂੰ ਲਖਨਊ ਸਥਿਤ ਪੀਏਸੀ ਸਦਰ ਮੁਕਾਮ 'ਤੇ ਤਬਦੀਲ ਕਰ ਦਿੱਤਾ ਗਿਆ ਹੈ। ਅਖ਼ਤਰ ਦੀ ਥਾਂ ਮਨੀਸ਼ ਮਿਸ਼ਰਾ ਨੂੰ ਬੁਲੰਦਸ਼ਹਿਰ ਦਾ ਨਵਾਂ ਏਐਸਪੀ (ਰੂਰਲ) ਥਾਪ ਦਿੱਤਾ ਗਿਆ ਹੈ। ਮਿਸ਼ਰਾ ਇਸ ਤੋਂ ਪਹਿਲਾਂ ਗਾਜ਼ੀਆਬਾਦ ਵਿੱਚ ਮਾਡਰਨ ਕੰਟਰੋਲ ਰੂਮ ਵਿੱਚ ਏਐਸਪੀ ਵਜੋਂ ਤਾਇਨਾਤ ਸਨ। ਉਧਰ ਵਿਸ਼ੇਸ਼ ਟਾਸਕ ਫੋਰਸ ਦੇ ਆਈਜੀ ਅਮਿਤਾਭ ਯਸ਼ ਨੇ ਦੱਸਿਆ ਕਿ ਜੰਮੂ ਕਸ਼ਮੀਰ ਦੇ ਸੋਪੋਰ ਕਸਬੇ 'ਚ 22 ਰਾਸ਼ਟਰੀ ਰਾਈਫ਼ਲਜ਼ ਵਿੱਚ ਤਾਇਨਾਤ ਫ਼ੌਜੀ ਜਵਾਨ ਜਤਿੰਦਰ ਮਲਿਕ ਉਰਫ਼ ਜੀਤੂ ਫੌਜੀ ਨੂੰ ਬੀਤੀ ਰਾਤ ਮੇਰਠ ਵਿੱਚ ਐਸਟੀਐਫ ਦੇ


**ਆਪਣੀ ਜਾਨ 'ਤੇ ਖੇਡ ਗਏ ਪੁਲਿਸ ਅਫ਼ਸਰ ਸੁਬੋਧ ਕੁਮਾਰ ਦੀ ਫਾਇਲ ਫੋਟੋ।**

ਹਵਾਲੇ ਕਰ ਦਿੱਤਾ ਗਿਆ ਹੈ। ਜਦੋਂ ਸ੍ਰੀ ਯਸ਼ ਨੂੰ ਇਹ ਪੁੱਛਿਆ ਗਿਆ ਕਿ ਜੀਤੂ ਫ਼ੌਜੀ ਦੀ ਗ੍ਰਿਫ਼ਤਾਰੀ ਨੂੰ ਫੌਜ ਵੱਲੋਂ ਐਸਟੀਐਫ ਦੇ ਸਪੁਰਦ ਕਰਨਾ ਜਾਂ ਐਸਟੀਐਫ ਵੱਲੋਂ ਕੀਤੀ ਗ੍ਰਿਫ਼ਤਾਰੀ ਸਮਝਿਆ ਜਾਵੇ ਤਾਂ ਉਨ੍ਹਾਂ ਕਿਹਾ, 'ਤਕਨੀਕੀ ਤੌਰ 'ਤੇ ਇਸ ਨੂੰ ਗ੍ਰਿਫ਼ਤਾਰੀ ਮੰਨਿਆ ਜਾਵੇ ਕਿਉਂਕਿ ਜਿਹੜੀ ਵੀਡੀਓ ਫੁਟੇਜ ਉਪਲਬਧ ਹੈ, ਉਸ ਵਿੱਚ ਉਹ (ਜੀਤੂ ਫੌਜੀ) ਹਿੰਸਾ ਵਾਲੀ ਥਾਂ ਮੌਜੂਦ ਹੈ।'


ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ




ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ‘ਮਿਆਊਂ-ਮਿਆਊਂ’ ਨੇ ਸੂਤੇ ਪੁਲੀਸ ਦੇ ਸਾਹ

### ✪ ਨਵੇਂ ਨਸ਼ੇ ਨੇ ਪੁਲੀਸ ਦੀ ਮੱਤ ਮਾਰੀ ✪ ਕੈਦੀ ਇੰਟਰਨੈੱਟ ਜ਼ਰੀਏ ਲੱਭ ਰਹੇ ਨੇ ਨਵੇਂ-ਨਵੇਂ ਨਸ਼ੇ

**ਬਠਿੰਡਾ/ਬਿਊਰੋ ਨਿਊਜ਼ :** ਪੰਜਾਬ ਵਿਚ ਅਜੇ ਜਿੱਥੇ ਚਿੱਟੇ ਦਾ ਨਸ਼ਾ ਪੁਲੀਸ ਲਈ ਸਿਰਦਰਦੀ ਬਣਿਆ ਹੋਇਆ ਹੈ, ਉੱਥੇ ਇਕ ਨਵੇਂ ਕਿਸਮ ਦੇ ਨਸ਼ੇ ਨੇ ਪੁਲੀਸ ਅਧਿਕਾਰੀਆਂ ਨੂੰ ਪਰੇਸ਼ਾਨੀ ਵਿਚ ਪਾ ਦਿੱਤਾ ਹੈ। ਇਹ ਨਵੀਂ ਕਿਸਮ ਦੇ ਨਸ਼ੇ ਦਾ ਨਾਮ ਹੈ ਮਿਆਊਂ ਮਿਆਊਂ। ਦਰਅਸਲ ਬੀਤੇ ਦਿਨੀਂ ਬਠਿੰਡੇ ਦੀ ਕੇਂਦਰੀ ਜੇਲ੍ਹ ਵਿਚ ਬੰਦ ਇਕ 30 ਸਾਲਾ ਕੈਦੀ ਨੂੰ ਜੇਲ੍ਹ ਗਾਰਦ ਜ਼ਿਲ੍ਹਾ ਸਿਵਲ ਹਸਪਤਾਲ ਲੈ ਕੇ ਪਹੁੰਚੀ। ਉਸ ਨੂੰ ਦੌਰੇ ਪੈ ਰਹੇ ਸਨ। ਹਾਲਾਂਕਿ ਜੇਲ੍ਹ ਗਾਰਦ ਵੱਲੋਂ ਪਿਛਲੇ ਕਰੀਬ ਡੇਢ ਮਹੀਨੇ ਵਿਚ ਇਸ ਬਿਮਾਰੀ ਦੇ ਕਾਰਨ ਕੈਦੀ ਨੂੰ ਕਈ ਵਾਰ ਸਿਵਲ ਹਸਪਤਾਲ ਲੈ ਕੇ ਪਹੁੰਚ ਕੀਤੀ ਜਾ ਚੁੱਕੀ ਹੈ। ਡਿਊਟੀ ’ਤੇ ਤਾਇਨਾਤ ਡਾਕਟਰ ਵਲੋਂ ਜਦ ਵੀ ੈਦੀ ਤੋਂ ਤਕਲੀਫ ਬਾਰੇ ਪੁੱਛਿਆ ਗਿਆ ਤਾਂ ਉਸ ਨੇ ਇਹੀ ਦੱਸਿਆ ਕਿ ਉਹ ਫੜੇ ਜਾਣ ਤੋਂ ਪਹਿਲਾਂ ਮਿਆਊਂ–ਮਿਆਊਂ ਦਾ ਨਸ਼ਾ ਕਰਦਾ ਸੀ, ਪਰ ਡਾਕਟਰਾਂ ਨੇ ਕਦੇ ਵੀ ਉਸ ਦੀ ਗੱਲ ’ਤੇ ਯਕੀਨ ਨਹੀਂ ਹੋਇਆ, ਕਿਉਂਕਿ ਉਨ੍ਹਾਂ ਨੇ ਕਦੇ ਇਸ ਨਸ਼ੇ ਬਾਰੇ ਨਹੀਂ ਸੁਣਿਆ ਸੀ। ਉਸ ਵਕਤ ਡਿਊਟੀ ’ਤੇ ਮੌਜੂਦ ਡਾ. ਗੁਰਮੇਲ ਸਿੰਘ ਨੂੰ ਵੀ ਕੈਦੀ ਨੇ ਇਹੀ ਦੱਸਿਆ ਕਿ ਉਹ ਮਿਆਊਂ–ਮਿਆਊਂ ਦਾ ਨਸ਼ਾ ਕਰਦਾ ਸੀ। ਡਾਕਟਰ ਨੇ ਜੇਲ੍ਹ ਗਾਰਦ ਤੋਂ ਕਿਹਾ ਕਿ ਉਸ ਨੂੰ ਇਸ ਨਸ਼ੇ ਬਾਰੇ ਨਹੀਂ ਪਤਾ, ਫਿਰ ਉਹ ਇਸ ਦਾ ਇਲਾਜ ਕਿਸ ਤਰ੍ਹਾਂ ਕਰੇ।




### *ਚੰਡੀਗੜ੍ਹ ਜਾ ਕੇ ਲੱਗੀ ਨਸ਼ੇ ਦੀ ਲਤ*

*ਬਠਿੰਡਾ ਦੀ ਨਵੀਂ ਬਸਤੀ ਵਾਸੀ ਉਕਤ ਕੈਦੀ ਨੌਜਵਾਨ ਨੇ ਪੁਲੀਸ ਗਾਰਦ ਨੂੰ ਦੱਸਿਆ ਕਿ ਉਹ ਪਹਿਲਵਾਨ ਹੁੰਦਾ ਸੀ। ਪਰ ਜਦ ਉਹ ਚੰਡੀਗੜ੍ਹ ਚਲਾ ਗਿਆ ਤਾਂ ਉਥੇ ਚਿੱਟੇ ਦਾ ਨਸ਼ਾ ਕਰਨ ਲੱਗਾ ਪਿਆ। ਇਹ ਨਸ਼ਾ ਲੈਣ ਲਈ ਉਹ ਕਈ ਵਾਰ ਦਿੱਲੀ ਵੀ ਗਿਆ। ਦਿੱਲੀ ਵਿਖੇ ਉਸ ਦਾ ਵਾਸਤਾ ਇਕ ਵਿਦੇਸ਼ੀ ਨਾਲ ਪਿਆ। ਉਕਤ ਵਿਦੇਸ਼ੀ ਨੇ ਕਿਹਾ ਕਿ ਜੇਕਰ ਉਹ ਨਸ਼ੇ ਦੀ ਸਪਲਾਈ ਚੰਡੀਗੜ੍ਹ ਕਰ ਦੇਵੇ ਤਾਂ ਉਹ ਉਸ ਨੂੰ ਨਵਾਂ ਨਸ਼ਾ ਕਰਵਾਏਗਾ। ਨੌਜਵਾਨ ਨੇ ਜਦ ਨਸ਼ੇ ਦੀ ਸਪਲਾਈ ਕਰ ਦਿੱਤੀ ਤਾਂ ਉਕਤ ਵਿਦੇਸ਼ੀ ਨੇ ਉਸ ਨੂੰ ਮਿਆਊਂ–ਮਿਆਊਂ ਨਸ਼ਾ ਦੇ ਦਿੱਤਾ। ਇਸ ੇਦ ਬਾਅਦ ਉਹ ਉਕਤ ਨਸ਼ੇ ਦਾ ਆਦੀ ਹੋ ਗਿਆ। ਬਾਅਦ ਵਿਚ ਉਹ ਨਸ਼ਾ ਸਮੱਗਲਿੰਗ ਦੇ ਦੋਸ਼ ਹੇਠ ਫੜਿਆ ਗਿਆ ਤੇ ਉਸ ਨੂੰ ਨਸ਼ਾ ਮਿਲਣਾ ਬੰਦ ਹੋ ਗਿਆ।*

### ਨਸ਼ੇ ਦੀ ਦੁਨੀਆ ਵਿਚ ਮਿਆਊਂ-ਮਿਆਊਂ ਦੀ ਭਾਰੀ ਮੰਗ

ਨਸ਼ੇ ਦੀ ਦੁਨੀਆ ਵਿਚ ‘ਮਿਆਊਂ–ਮਿਆਊਂ’ ਦੀ ਭਾਰੀ ਮੰਗ ਹੈ। ਸਪੈਸ਼ਲ ਸੈਲ ਦੇ ਡੀਸੀਪੀ ਸੰਜੀਵ ਯਾਦਵ ਮੁਤਾਬਕ ਇਹ ਨਸ਼ਾ ਖਾੜੀ ਦੇਸਾਂ ਵਿਚ ਜ਼ਿਆਦਾ ਇਸਤੇਮਾਲ ਹੁੰਦਾ ਹੈ, ਜੋ ਹੁਣ ਦਿੱਲੀ ਤੇ ਮੁੰਬਈ ਦੀਆਂ ਪਾਰਟੀਆਂ ਵਿਚ ਵੀ ਇਸਤੇਮਾਲ ਹੋਣ ਲੱਗ ਪਿਆ ਹੈ। ਇਹ ਡਰੱਗ ਦਰਅਸਲ ਮੇਫੇਡ੍ਰੋਨ ਨਾਂ ਦਾ ਇਕ ਪਾਊਡਰ ਹੈ, ਜਿਸ ਦੀ ਬਹੁਤ ਮੰਗ ਹੈ। ਨਸ਼ੇ ਦੀ ਦੁਨੀਆਂ ਵਿਚ ਇਕ ਗ੍ਰਾਮ ‘ਮਿਆਊਂ–ਮਿਆਊਂ’ ਦੀ ਕੀਮਤ 5000 ਤੋਂ 15000 ਰੁਪਏ ਤੱਕ ਹੈ। ਇਹ ਨਸ਼ਾ ਮਿਲਣਾ ਆਸਾਨ ਸੀ ਪਰ ਫਰਵਰੀ 2015 ਵਿਚ ਹੀ ਇਹ ਨਸ਼ਾ ਐਨਡੀਪੀਐਸ ਐਕਟ ਵਿਚ ਨੋਟੀਫਾਈ ਕੀਤਾ ਗਿਆ ਹੈ। ਮੇਫੇਡਰੋਨ ਦਾ ਇਸਤੇਮਾਲ ਜ਼ਿਆਦਾਤਰ ਦਵਾਈਆਂ ਵਿਚ ਹੁੰਦਾ ਹੈ।

### ਕੈਦੀ ਨੇ ਹੀ ਗੂਗਲ ਵਿਚੋਂ ਸਰਚ ਕਰ ਕੇ ਕੱਢਿਆ ਮਿਆਊਂ-ਮਿਆਊਂ

ਜਦ ਡਾਕਟਰ ਨੇ ਜੇਲ੍ਹ ਗਾਰਦ ਦੇ ਸਾਹਮਣੇ ਆਪਣੀ ਬੇਵਸੀ ਜ਼ਾਹਿਰ ਕੀਤੀ ਤਾਂ ਕੈਦੀ ਨੇ ਉਨ੍ਹਾਂ ਦਾ ਮੋਬਾਇਲ ਫੜਿਆ ਤੇ ਗੂਗਲ ’ਤੇ ਸਰਚ ਕਰ ਕੇ ਮਿਆਊਂ–ਮਿਆਊਂ ਕੱਢ ਦਿਖਾਇਆ। ਇਸ ਦੇ ਬਾਅਦ ਡਾਕਟਰ ਨੂੰ ਯਕੀਨ ਹੋਇਆ ਕਿ ਇਸ ਤਰ੍ਹਾਂ ਦਾ ਨਸ਼ਾ ਵੀ ਹੁੰਦਾ ਹੈ। ਪਰ ਡਾਕਟਰ ਕੋਲ ਇਸ ਤਰ੍ਹਾਂ ਦੇ ਨਸ਼ੇ ਦਾ ਇਲਾਜ ਨਾ ਹੋਣ ਕਾਰਨ ਕੈਦੀ ਨੂੰ ਫਰੀਦਕੋਟ ਦੇ ਮੈਡੀਕਲ ਕਾਲਜ ਤੇ ਹਸਪਤਾਲ ਵਿਚ ਰੈਫਰ ਕਰ ਦਿੱਤਾ ਗਿਆ। ਉਕਤ ਕੈਦੀ ਨੂੰ ਨਸ਼ਾ ਸਮੱਗਲਿੰਗ ਦੇ ਕੇਸ ’ਚ ਡੇਢ ਮਹੀਨੇ ਪਹਿਲਾਂ ਦਸ ਸਾਲ ਦੀ ਸਜ਼ਾ ਹੋਈ ਹੈ।

# ਪੰਜਾਬ ਵਿਚ ਹਜ਼ਾਰਾਂ ਸਿੱਖਾਂ ਦੇ ਖ਼ੂਨ ਦੀ ਹੋਲੀ ਖੇਡੀ ਗਈ

**ਜਲੰਧਰ/ਬਿਊਰੋ ਨਿਊਜ਼ :**
ਅਮਰੀਕਾ ਦੀ ਇਨਸਾਫ਼ ਨਾਂ ਦੀ ਜਥੇਬੰਦੀ ਵੱਲੋਂ ਪੰਜਾਬ ਵਿਚ ਹੋਏ ਮਨੁੱਖੀ ਅਧਿਕਾਰਾਂ ਦੇ ਘਾਣ ਦੀ ਜਿਹੜੀ ਰਿਪੋਰਟ ਨਸ਼ਰ ਕੀਤੀ ਗਈ ਹੈ, ਉਸ ਵਿਚ ਵੀ ਉਨ੍ਹਾਂ ਨੇ 10 ਹਜ਼ਾਰ ਦੇ ਕਰੀਬ ਪੀੜਤ ਪਰਿਵਾਰਾਂ ਤੱਕ ਪਹੁੰਚ ਕੀਤੀ ਤੇ 8300 ਜਣਿਆਂ ਦੇ ਮਾਰੇ ਜਾਣ ਦੀ ਪੁਸ਼ਟੀ ਕੀਤੀ ਗਈ ਹੈ। ਸ਼੍ਰੋਮਣੀ ਅਕਾਲੀ ਦਲ ਦੇ ਹੀ ਸੀਨੀਅਰ ਆਗੂ ਜਸਵੰਤ ਸਿੰਘ ਖਾਲੜਾ ਜਦੋਂ ਝੂਠੇ ਪੁਲੀਸ ਮੁਕਾਬਲਿਆਂ ਵਿਚ ਮਾਰੇ ਗਏ ਦੋ ਹਜ਼ਾਰ ਦੇ ਕਰੀਬ ਨੌਜਵਾਨਾਂ ਦਾ ਪਤਾ ਲਾਉਣ ਵਿਚ ਕਾਮਯਾਬ ਰਹੇ ਸਨ ਤਾਂ ਉਨ੍ਹਾਂ ਨੂੰ ਵੀ 6 ਸਤੰਬਰ 1995 ਨੂੰ ਪੁਲੀਸ ਨੇ ਚੁੱਕ ਲਿਆ ਸੀ। ਅਜੇ ਤੱਕ ਉਨ੍ਹਾਂ ਦੀ ਨਾ ਤਾਂ ਲਾਸ਼ ਮਿਲੀ ਤੇ ਨਾ ਹੀ ਉਨ੍ਹਾਂ ਨੂੰ ਪੁਲੀਸ ਨੇ ਮ੍ਰਿਤਕ ਐਲਾਨਿਆ।

ਵਿਸ਼ਵ ਮਨੁੱਖੀ ਅਧਿਕਾਰ ਦਿਵਸ ਉਨ੍ਹਾਂ ਮਾਵਾਂ ਲਈ ਕੋਈ ਮਾਅਨੇ ਨਹੀਂ ਰੱਖਦਾ ਜਿਨ੍ਹਾਂ ਦੇ ਗੱਭਰੂ ਪੁੱਤ ਖਾਕੀ ਵਰਦੀ ਦੀ ਭੇਟ ਚੜ੍ਹ ਗਏ। ਉਹ ਮਾਪੇ ਨਾ ਮਰਿਆਂ ‘ਚ ਹਨ ਨਾ ਜਿਉਂਦਿਆਂ ‘ਚ, ਜਿਨ੍ਹਾਂ ਨੂੰ ਅਜੇ ਤੱਕ ਵੀ ਉਨ੍ਹਾਂ ਦੇ ਪੁੱਤਾਂ ਦੇ ਮਰ–ਮੁੱਕ ਜਾਣ ਦਾ ਕੋਈ ਵੀ ਪ੍ਰਮਾਣ ਤੱਕ ਨਹੀਂ ਮਿਲਿਆ। ਪੰਜਾਬ ਵਿਚ ਚੱਲੀ ਸਰਕਾਰੀ ਜਬਰ ਦੀ ਹਨੇਰੀ ਦੌਰਾਨ ਜਿੰਨੇ ਦੋਸ਼ ਸੂਬੇ ਦੀ ਪੁਲੀਸ ‘ਤੇ ਲੱਗੇ ਹਨ ਓਨੇ ਸ਼ਾਇਦ ਹੀ ਦੇਸ਼ ਦੇ ਕਿਸੇ ਹੋਰ ਸੂਬੇ ਦੀ ਪੁਲੀਸ ‘ਤੇ ਲੱਗੇ ਹੋਣ। ਵੱਡਾ ਦੁਖਾਂਤ ਹੈ ਕਿ ਝੂਠੇ ਪੁਲੀਸ ਮੁਕਾਬਲਿਆਂ ਤੇ ਪੁਲੀਸ ਹਿਰਾਸਤ ਵਿਚ ਮਾਰੇ ਗਏ ਨੌਜਵਾਨਾਂ ਦੀ ਗਿਣਤੀ 35 ਸਾਲ ਬੀਤ ਜਾਣ ਦੇ ਬਾਵਜੂਦ ਨਹੀਂ ਹੋ ਸਕੀ। ਕਾਂਗਰਸ ਸਿਰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਦੋਸ਼ ਮੜ੍ਹਨ ਵਾਲਾ ਸ਼੍ਰੋਮਣੀ ਅਕਾਲੀ ਦਲ ਸੰਨ 1984 ਤੋਂ ਬਾਅਦ 15 ਸਾਲ ਸੱਤਾ ਵਿਚ ਰਿਹਾ ਪਰ ਝੂਠੇ ਮੁਕਾਬਲਿਆਂ ਅਤੇ ਪੁਲੀਸ ਹਿਰਾਸਤ ਵਿਚ ਮਾਰੇ ਗਏ ਨੌਜਵਾਨਾਂ ਬਾਰੇ ਇਕ ਵੀ ਕਾਨੂੰਨੀ ਕਾਰਵਾਈ ਨਹੀਂ ਕੀਤੀ।

ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਜਨਰਲ ਸਕੱਤਰ ਗੁਰਬਚਨ ਸਿੰਘ ਅਤੇ ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਦੇ ਪ੍ਰਧਾਨ ਹਰਮਨਦੀਪ ਸਿੰਘ ਸਰਹਾਲ ਨੇ ਕਿਹਾ ਕਿ ਕਿੰਨੀ ਵੱਡੀ ਤਰਾਸਦੀ ਹੈ ਕਿ ਸੰਨ 1984 ਤੋਂ ਸੰਨ 1995 ਤੱਕ ਹੋਏ ਪੁਲੀਸ ਤਸ਼ੱਦਦ ‘ਚ ਮਾਰੇ ਗਏ ਨੌਜਵਾਨਾਂ ਦੇ ਸਹੀ ਅੰਕੜੇ ਹੀ ਨਹੀਂ ਦੱਸੇ ਜਾ ਰਹੇ। ਗੁਰਬਚਨ ਸਿੰਘ ਨੇ ਕਿਹਾ ਕਿ ਪੰਜਾਬ ਵਿਚੋਂ ਪਰਵਾਸ ਕਰਕੇ ਵਿਦੇਸ਼ਾਂ ‘ਚ ਵੱਸਣ ਵਾਲੇ ਉਨ੍ਹਾਂ ਨੌਜਵਾਨਾਂ ਦੀ ਗਿਣਤੀ ਇਸੇ ਕਰਕੇ ਵੱਧ ਹੈ ਕਿ ਸੂਬੇ ਵਿਚ ਪੁਲੀਸ ਦੀ ਦਹਿਸ਼ਤ ਅਜੇ ਵੀ ਬਰਕਰਾਰ ਹੈ। ਹਰਮਨਦੀਪ ਸਿੰਘ ਸਰਹਾਲ ਨੇ ਮੰਗ ਕੀਤੀ ਕਿ ਪੰਜਾਬ ਸਰਕਾਰ ਤਾਂ ਝੂਠੇ ਪੁਲੀਸ ਮੁਕਾਬਲਿਆਂ ਵਿਚ ਮਾਰੇ ਗਏ ਨੌਜਵਾਨਾਂ ਨੂੰ ਮਾਨਤਾ ਨਹੀਂ ਦਿੰਦੀ, ਘੱਟੋ–ਘੱਟ ਸਿੱਖ ਸੰਘਰਸ਼ ਦੌਰਾਨ ਮਾਰੇ ਗਏ ਸਿੱਖ ਨੌਜਵਾਨਾਂ ਨੂੰ ਸ਼੍ਰੋਮਣੀ ਕਮੇਟੀ ਤਾਂ ਮਾਨਤਾ ਦੇਵੇ। ਉਨ੍ਹਾਂ ਦਾਅਵਾ ਕੀਤਾ ਕਿ ਗੁਰਦਾਸਪੁਰ ਤੇ ਸਰਹੱਦੀ ਜ਼ਿਲ੍ਹਿਆਂ ‘ਚ 1500 ਦੇ ਕਰੀਬ ਅਜਿਹੇ ਨਵੇਂ ਕੇਸ ਸਾਹਮਣੇ ਆਏ ਹਨ ਜਿਨ੍ਹਾਂ ਦਾ ਅਜੇ ਤੱਕ ਕਦੇ ਜ਼ਿਕਰ ਨਹੀਂ ਹੋਇਆ।

CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.






Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com

When tired of all treatments for
any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568



GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
‘Jus Punjabi TV’ & Face Book Every Saturday 09:00 AM, Live on ‘Jus Punjabi TV’ Sunday 4:00 A.M.

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!




Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# ਰਾਮ ਮੰਦਿਰ ਦੇ ਮੁੱਦੇ ’ਤੇ ਸਿਆਸੀ ਕਾਂਵਾਂਰੌਲੀ ਵਧੀ

- **ਸੰਸਦ ’ਚ ਬਿੱਲ ਲਿਆਉਣ ਲਈ ਸੰਘਰਸ਼ ਦੀ ਚਿਤਾਵਨੀ**
- **ਪੰਜਾਬ ’ਚ ਵੀ ਰਾਮ ਮੰਦਿਰ ਦੇ ਹੱਕ ਚ ਲੱਗੇ ਨਾਅਰੇ**
- **ਨਾਮਧਾਰੀ ਤੇ ਬਾਦਲਕੇ ਅਕਾਲੀ ਆਏ ਮੰਦਿਰ ਦੇ ਹੱਕ ’ਚ**

**ਨਵੀਂ ਦਿੱਲੀ/ਬਿਊਰੋ ਨਿਊਜ਼ :** ਦੇਸ਼ ਵਿੱਚ ਲੋਕ ਸਭਾ ਚੋਣਾਂ ਦੀ ਸਰਗਰਮੀ ਦੇ ਦਰਮਿਆਨ ਇਕ ਵਾਰ ਫੇਰ ਰਾਮ ਮੰਦਿਰ ਨੂੰ ਲੈ ਕੇ ਸਿਆਸੀ ਸਰਗਰਮੀ ਵਧੀ ਹੈ, ਦੇਸ਼ ਭਰ ਵਿੱਚ ਸਮਾਗਮ ਕਰਵਾ ਕੇ ਰਾਮ ਮੰਦਿਰ ਦੇ ਹਮਾਇਤੀ ਆਪਣਾ ਸ਼ਕਤੀਪ੍ਰਦਰਸ਼ਨ ਕਰ ਰਹੇ ਹਨ, ਤਾਂ ਜੋ ਸਰਕਾਰ ਉਤੇ ਦਬਾਅ ਪਾਇਆ ਜਾ ਸਕੇ ਤੇ ਸੰਸਦ ਵਿੱਚ ਮੰਦਿਰ ਲਈ ਬਿੱਲ ਲਿਆਂਦਾ ਜਾਵੇ। ਰਾਮ ਮੰਦਿਰ ’ਤੇ ਲੋਕਾਂ ਦੀ ਗੱਲ ਸੁਣੇ ਕੇਂਦਰ ਸਰਕਾਰ- ਭਈਆਜੀ ਜੋਸ਼ੀ : ਰਾਸ਼ਟਰੀ ਸਵੈ ਸੇਵਕ ਸੰਘ ਦੇ ਸੀਨੀਅਰ ਆਗੂ ਸੁਰੇਸ਼ ‘ਭਈਆਜੀ’ ਜੋਸ਼ੀ ਨੇ ਅਯੁੱਧਿਆ ਵਿਚ ਰਾਮ ਮੰਦਿਰ ਦੇ ਨਿਰਮਾਣ ਦਾ ਆਪਣਾ ਵਾਅਦਾ ਪੂਰਾ ਨਾ ਕਰਨ ਨੂੰ ਲੈ ਕੇ ਭਾਜਪਾ ’ਤੇ ਅਸਿੱਧਾ ਹਮਲਾ ਕਰਦਿਆਂ ਕੇਂਦਰ ਸਰਕਾਰ ਤੋਂ ਰਾਮ ਮੰਦਿਰ ਦੇ ਨਿਰਮਾਣ ਲਈ ਕਾਨੂੰਨ ਬਣਾਉਣ ਦੀ ਮੰਗ ਕੀਤੀ। ਦਿੱਲੀ ਦੇ ਰਾਮਲੀਲਾ ਮੈਦਾਨ ਵਿਚ ਵਿਸ਼ਵ ਹਿੰਦੂ ਪ੍ਰੀਸ਼ਦ ਦੀ ਰੈਲੀ ਨੂੰ ਸੰਬੋਧਨ ਕਰਦਿਆਂ ਆਰਐੱਸਐੱਸ ਆਗੂ ਨੇ ਕਿਹਾ, ‘ਜੋ ਅੱਜ ਸੱਤਾ ਵਿੱਚ ਹਨ, ਉਨ੍ਹਾਂ ਰਾਮ ਮੰਦਿਰ ਬਣਾਉਣ ਦਾ ਵਾਅਦਾ ਕੀਤਾ ਸੀ। ਉਨ੍ਹਾਂ ਨੂੰ ਲੋਕਾਂ ਦੀ ਗੱਲ ਸੁਣਨੀ ਚਾਹੀਦੀ ਹੈ ਅਤੇ ਅਯੁੱਧਿਆ ਵਿਚ ਰਾਮ ਮੰਦਿਰ ਦੀ ਮੰਗ ਪੂਰੀ ਕਰਨੀ ਚਾਹੀਦੀ ਹੈ।’ ਭਾਜਪਾ ਦਾ ਨਾਂ ਲਏ ਬਿਨਾ ਉਨ੍ਹਾਂ ਕਿਹਾ, ‘ਅਸੀਂ ਇਸ ਲਈ ਭੀਖ ਨਹੀਂ ਮੰਗ ਰਹੇ। ਅਸੀਂ ਆਪਣੀਆਂ ਭਾਵਨਾਵਾਂ ਜ਼ਾਹਿਰ ਕਰ ਰਹੇ ਹਾਂ। ਦੇਸ਼ ‘ਰਾਮ ਰਾਜ’ ਚਾਹੁੰਦਾ ਹੈ।’




## ਹਿੰਦੂਤਵੀ ਦੇ ਰਹੇ ਹਨ ਸਰਕਾਰ ਨੂੰ ਸਿੱਧੀ ਧਮਕੀ

ਵਿਸ਼ਵ ਹਿੰਦੂ ਪਰਿਸ਼ਦ ਦੇ ਕੇਂਦਰੀ ਮਾਰਗ ਦਰਸ਼ਕ ਮੰਡਲ ਦੇ ਮੈਂਬਰ ਸਵਾਮੀ ਦਿਵਿਆ ਨੰਦ ਨੇ ਕਿਹਾ ਹੈ, ‘ਜੇ ਨਰਮਦਾ ਦੇ ਤੱਟ ’ਤੇ ਸਰਦਾਰ ਬੱਲਭ ਭਾਈ ਪਟੇਲ ਦਾ ਬੁੱਤ ਬਣ ਸਕਦਾ ਹੈ ਤਾਂ ਅਯੁੱਧਿਆ ਵਿਚ ਰਾਮ ਮੰਦਿਰ ਕਿਉਂ ਨਹੀਂ ਬਣਾ ਸਕਦਾ। ਜੇ ਹੁਣ ਵੀ ਰਾਮ ਮੰਦਿਰ ਨਾ ਬਣਿਆ ਤਾਂ ਦੇਸ਼ ਵਿਚ ਕੋਈ ਵੀ ਸਰਕਾਰ ਨਹੀਂ ਬਣਨ ਦਿਆਂਗੇ।’ ਉਹ ਸੰਗਰੂਰ ਤੇ ਬਰਨਾਲਾ ਜ਼ਿਲ੍ਹਿਆਂ ਦੀ ਧਰਮ ਸਭਾ ਵਿਚ ਹਿੱਸਾ ਲੈਣ ਮਗਰੋਂ ਮੀਡੀਆ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਸਿਰਫ਼ ਰਾਮ ਮੰਦਿਰ ਹੀ ਨਹੀਂ ਸਗੋਂ ਚਾਰੋਂ ਜਨਮ ਭੂਮੀਆਂ ਵਿਚ ਮੰਦਿਰ ਬਣ ਕੇ ਰਹਿਣਗੇ। ਉਨ੍ਹਾਂ ਕਿਹਾ ਕਿ ਰਾਮ ਮੰਦਿਰ ਲਈ ਉਹ ਪਿਛਲੇ ਕਾਫ਼ੀ ਸਮੇਂ ਤੋਂ ਸੰਘਰਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਧਰਮ ਸਭਾਵਾਂ ਕਰਾਉਣਾ ਚੁਣਾਵੀ ਜੁਮਲਾ ਨਹੀਂ ਹੈ ਅਤੇ ਨਾ ਹੀ ਧਰਮ ਸਭਾਵਾਂ ਦੇ ਜ਼ਰੀਏ ਉਹ ਭਾਜਪਾ ਅਤੇ ਕਾਂਗਰਸ ਨੂੰ ਕੋਈ ਸਮਰਥਨ ਕਰ ਰਹੇ ਹਨ। ਸਵਾਮੀ ਦਿਵਿਆ ਨੰਦ ਨੇ ਇਹ ਵੀ ਕਿਹਾ ਕਿ ਉਹ ਅਮਨ ਸ਼ਾਂਤੀ ਨਾਲ ਰਾਮ ਮੰਦਿਰ ਬਣਾਉਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਉਹ ਕਿਸੇ ਵੀ ਤਰ੍ਹਾਂ ਦੀ ਹਿੰਸਾ ਨਹੀਂ ਚਾਹੁੰਦੇ ਪਰ ਹੁਣ ਜ਼ਿਆਦਾ ਇੰਤਜ਼ਾਰ ਨਹੀਂ ਕੀਤਾ ਜਾ ਸਕਦਾ। ਲੁਧਿਆਣਾ ਵਿਚ ਰਾਮ ਜਨਮ ਭੂਮੀ ਸੇਵਾ ਸਮਿਤੀ ਵੱਲੋਂ ਰਾਮ ਮੰਦਰ ਨਿਰਮਾਣ ਸਬੰਧੀ ਧਰਮ ਸੰਮੇਲਨ ਕਰਵਾਇਆ ਗਿਆ। ਜਿਥੇ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਭਾਜਪਾ ਸਣੇ ਵੱਖ ਵੱਖ ਸੰਗਠਨਾਂ ਦੇ ਵਰਕਰ ਪੁੱਜੇ। ਇਸ ਮੌਕੇ ਸਵਦੇਸ਼ੀ ਸਵਰਾਜ ਮੰਚ ਦੇ ਆਲ ਇੰਡੀਆ ਇੰਚਾਰਜ ਕਸ਼ਮੀਰੀ ਲਾਲ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਰਾਮ ਮੰਦਰ ਨਿਰਮਾਣ ਸਬੰਧੀ ਸੁਪਰੀਮ ਕੋਰਟ ਦੇ ਫ਼ੈਸਲੇ ਵਿੱਚ ਹੋ ਰਹੀ ਦੇਰੀ ਨੂੰ ਦੇਖਦਿਆਂ ਤੁਰੰਤ ਆਰਡੀਨੈਂਸ ਲਿਆ ਕੇ ਰਾਮ ਮੰਦਰ ਦਾ ਨਿਰਮਾਣ ਯਕੀਨੀ ਬਣਾਏ। ਉਨ੍ਹਾਂ ਕਿਹਾ ਕਿ ਇਸ ਮਾਮਲੇ ’ਤੇ ਰਾਜਨੀਤੀ ਨਹੀਂ ਹੋਣੀ ਚਾਹੀਦੀ। ਪੰਜਾਬ ਵਿੱਚ ਤਕਰੀਬਨ ਸਾਰੇ ਹੀ ਜ਼ਿਲਿਆਂ ਵਿੱਚ ਰਾਮ ਮੰਦਰ ਨੂੰ ਲੈ ਕੇ ਸਮਾਗਮ ਹੋਏ। ਨਾਮਧਾਰੀਆਂ ਨੇ ਵਿਸੇਸ਼ ਤੌਰ ਤੇ ਸਮਾਗਮਾਂ ਵਿਚ ਸ਼ਮੂਲੀਅਤ ਕਰਕੇ ਮੰਦਰ ਦੀ ਹਮਾਇਤ ਦਾ ਐਲਾਨ ਕੀਤਾ।

## ਅਕਾਲੀਆਂ ਵਲੋਂ ਰਾਮ ਮੰਦਰ ਦੀ ਅਸਿੱਧੀ ਹਮਾਇਤ

ਅਕਾਲੀ ਦਲ ਬਾਦਲ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਜਿਥੇ ਆਪਣੀਆਂ ਪਿਛਲੀਆਂ ਕੀਤੀਆਂ ਭੁੱਲਾਂ ਬਖ਼ਸ਼ਾਉਣ ਲਈ ਜੋੜੇ ਸਾਫ਼ ਕਰ ਰਿਹਾ ਸੀ ਅਤੇ ਉਥੇ ਨਵੀਆਂ ਭੁੱਲਾਂ ਕਰਨ ਦੀ ਤਿਆਰੀ ਵੀ ਨਾਲੋ ਨਾਲ ਕਰ ਰਿਹਾ ਸੀ। ਰੂਪਨਗਰ ਵਿਚ ਸ੍ਰੀ ਰਾਮ ਜਨਮ ਭੂਮੀ ਨਿਆਸ ਸਮਿਤੀਵਲੋਂ ਸਮਾਗਮ ਕਰਵਾਇਆ ਗਿਆ, ਉਸ ਵਿਚ ਜਿਸ ਤਰ੍ਹਾਂ ਅਕਾਲੀਆਂ ਨੇ ਸ਼ਮੂਲੀਅਤ ਕੀਤੀ ਉਸ ਤੋਂ ਲੱਗਦਾ ਤਾਂ ਹੈ ਕਿ ਹੁਣ ਸ਼੍ਰੋਮਣੀ ਅਕਾਲੀ ਦਲ ਰਾਮ ਮੰਦਿਰ ਵੀ ਬਣਾਏਗਾ। ਕਾਫੀ ਚਿਰ ਤੋਂ ਅਕਾਲੀ ਦਲ ਇਹ ਕਹਿੰਦਾ ਨਹੀਂ ਥੱਕਦਾ ਸੀ ਕਿ ਸਾਡੀ ਆਰਐਸਐਸ. ਨਾਲ ਕੋਈ ਸਾਂਝ ਨਹੀਂ ਹੈ, ਉਸੇ ਅਕਾਲੀ ਦਲ ਦੇ ਲੋਕ ਸਭਾ ਮੈਂਬਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਨਾ ਸਿਰਫ਼ ਆਰਐਸਐਸ. ਦੀ ਸਟੇਜ ’ਤੇ ਹਾਜ਼ਰੀ ਲਗਵਾ ਕੇ ਅਕਾਲ ਤਖਤ ਸਾਹਿਬ ਦੇ ਹੁਕਮਨਾਮੇ ਦੀ ਉਲੰਘਣਾ ਕੀਤੀ ਸਗੋਂ ਅਕਾਲੀ ਰਾਜਨੀਤੀ ਦੇ ਦੰਭ ਨੂੰ ਵੀ ਨੰਗਾ ਕਰ ਦਿੱਤਾ ਹੈ। ਚੰਦੂਮਾਜਰਾ ਨੇ ਆਰਐਸਐਸ ਨਾਲ ਮੰਚ ਸ਼ੇਅਰ ਕਰਕੇ ਅਕਾਲ ਤਖਤ ਸਾਹਿਬ ਨੂੰ ਚੁਣੌਤੀ ਦਿਤੀ, ਰਾਮ ਮੰਦਿਰ ਦੇ ਗੁਣਗਾਣ ਵੀ ਕੀਤੇ।

## ਰਾਮ ਮੰਦਰ ਬਣਨ ’ਤੇ ਭਾਰਤ ’ਚ ਤਬਾਹੀ ਮਚਾਉਣ ਦੀ ਧਮਕੀ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਅਯੁੱਧਿਆ ਵਿਵਾਦ ਸਿਰਫ਼ ਭਾਰਤ ਤਕ ਹੀ ਸੀਮਤ ਨਹੀਂ, ਅੱਤਵਾਦੀ ਸੰਗਠਨ ਵੀ ਹੁਣ ਇਸ ਮੁੱਦੇ ’ਤੇ ਨਜ਼ਰ ਰੱਖ ਰਹੇ ਹਨ। ਦਾਅਵਾ ਕੀਤਾ ਜਾ ਰਿਹਾ ਹੈ ਕਿ ਦਹਿਸ਼ਤੀ ਜਥੇਬੰਦੀ ਜੈਸ਼-ਏ-ਮੁਹੰਮਦ ਦੇ ਸਰਗਨਾ ਮਸੂਦ ਅਜ਼ਹਰ ਨੇ ਬਾਬਰੀ ਮਸਜਿਦ ਢਾਹੁਣ ਤੇ ਰਾਮ ਮੰਦਰ ਦੀ ਉਸਾਰੀ ਬਾਰੇ ਆਡੀਓ ਜਾਰੀ ਕੀਤੀ ਹੈ, ਜਿਸ ਵਿੱਚ ਉਹ ਭਾਰਤ ਵਿੱਚ ਤਬਾਹੀ ਮਚਾਉਣ ਦੀ ਧਮਕੀ ਦੇ ਰਿਹਾ ਹੈ। ਇਸ ਟੇਪ ਦੇ ਆਉਣ ਤੋਂ ਬਾਅਦ ਸੁਰੱਖਿਆ ਏਜੰਸੀਆਂ ਵੀ ਚੌਕਸ ਹੋ ਗਈਆਂ ਹਨ। ਅਜ਼ਹਰ ਨੇ ਧਮਕਾਉਂਦੇ ਹੋਏ ਕਿਹਾ ਕਿ ਜੇਕਰ ਭਾਰਤ ਬਾਬਰੀ ਮਸਜਿਦ ਦੀ ਥਾਂ ਰਾਮ ਮੰਦਰ ਬਣਾਉਂਦਾ ਹੈ ਤਾਂ ਦਿੱਲੀ ਤੋਂ ਕਾਬੁਲ ਤਕ ਮੁਸਲਮਾਨ ਬਦਲਾ ਲੈਣ ਲਈ ਤਿਆਰ ਹਨ।

## ਪੰਜਾਬ ’ਚ ਰਾਮ ਮੰਦਿਰ ਦੇ ਹੱਕ ’ਚ ਉੱਠੀ ਆਵਾਜ਼

ਅਯੁੱਧਿਆ ਵਿਚ ਰਾਮ ਮੰਦਿਰ ਨਿਰਮਾਣ ਲਈ ਪੰਜਾਬ ਵਿਚ ਵੀ ਸੰਤ ਸਮਾਜ ਅਤੇ ਰਾਮ ਭਗਤਾਂ ਨੇ ਹੁੰਕਾਰ ਭਰ ਦਿੱਤੀ ਹੈ। ਲੁਧਿਆਣਾ, ਜਲੰਧਰ, ਪਟਿਆਲਾ, ਬਠਿੰਡਾ, ਹੁਸ਼ਿਆਰਪੁਰ ਤੇ ਸੰਗਰੂਰ ਵਿਚ ਹਿੰਦੂ ਸੰਗਠਨਾਂ ਨੇ ਸੰਮੇਲਨ ਕਰਕੇ ਇਕ ਸੁਰ ਵਿਚ ਕਿਹਾ ਹੈ ਕਿ ਮੰਦਿਰ ਦਾ ਨਿਰਮਾਣ ਕਰਵਾਏ। ਸੰਮੇਲਨ ਦੌਰਾਨ ਮੰਚ ’ਤੇ ਭਾਜਪਾ ਨੂੰ ਥਾਂ ਨਹੀਂ ਦਿੱਤੀ ਗਈ। ਵਿਸ਼ਵ ਹਿੰਦੂ ਪ੍ਰੀਸ਼ਦ, ਬਜਰੰਗ ਦਲ, ਰਾਸ਼ਟਰੀ ਸਵੈ-ਸੇਵਕ ਸੰਘ, ਭਾਜਪਾ, ਹਿੰਦ ਕ੍ਰਾਂਤੀ ਦਲ ਤੇ ਅਰੋੜਾ ਮਹਾਂ ਸਭਾ ਸਮੇਤ ਵੱਖ-ਵੱਖ ਸੰਗਠਨਾਂ ਦੇ ਵਰਕਰ ਸ਼ਾਮਲ ਹੋਏ।

A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ ’ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਕੰਮੀਆਂ ਦੇ ਵਿਹੜਿਆਂ 'ਚ ਜ਼ੁਲਮਾਂ ਦੀਆਂ ਘੋਰ ਕਹਾਣੀਆਂ

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਦੀ ਧਰਤੀ 'ਤੇ ਸਿੱਖ ਗੁਰੂਆਂ ਨੇ ਲੋਕਾਂ ਨੂੰ ਜਾਤ ਪਾਤ ਦੀਆਂ ਵਲਗਣਾਂ ਤੋਂ ਉਪਰ ਉਠ ਕੇ ਵਿਚਰਨ ਦਾ ਸੱਦਾ ਦਿੱਤਾ ਸੀ। ਇਸ ਦਾ ਵੱਡਾ ਅਸਰ ਵੀ ਪਿਆ ਤੇ ਨਿਮਾਣਿਆਂ-ਨਿਤਾਣਿਆਂ ਨੇ ਇਸ ਧਰਤੀ ਉਤੇ ਗੁਲਾਮੀ ਦਾ ਫਸਤਾ ਵੱਢ ਕੇ ਇਤਿਹਾਸ ਸਿਰਜੇ। ਪੰਜਾਬ ਦੇਸ਼ ਦਾ ਇਕ ਅਜਿਹਾ ਸੂਬਾ ਹੈ, ਜਿੱਥੇ ਦਲਿਤ ਵਸੋਂ ਸਭ ਤੋਂ ਜ਼ਿਆਦਾ ਹੈ। ਹੁਣ ਪੰਜਾਬ 'ਚ ਦਲਿਤਾਂ 'ਤੇ ਅੱਤਿਆਚਾਰ ਦੀਆਂ ਘਟਨਾਵਾਂ ਦਿਨ ਪ੍ਰਤੀ ਦਿਨ ਵਧ ਰਹੀਆਂ ਹਨ।
ਸਰਕਾਰੀ ਤੱਥ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਪੰਜਾਬ ਦੀ ਸੱਤਾ 'ਦੇ ਕਾਬਜ਼ ਹੁੰਦੀਆਂ ਆ ਰਹੀਆਂ ਸਿਆਸੀ ਪਾਰਟੀਆਂ ਲਈ ਦਲਿਤ ਵਸੋਂ ਮਹਿਜ਼ ਵੋਟ ਬੈਂਕ ਹੈ। ਅਜੋਕੇ ਪੰਜਾਬ ਵਿਚ ਦਲਿਤ ਜਾਤੀ ਨਾਲ ਸਬੰਧਤ ਵਿਅਕਤੀਆਂ ਨੂੰ ਜਾਤੀ ਸੂਚਕ ਸ਼ਬਦ ਨਾਲ ਸੱਦਣਾ ਤਾਂ ਆਮ ਵਰਤਾਰਾ ਹੈ। ਧੱਕੇਸ਼ਾਹੀ ਹੋਣ ਤੋਂ ਬਾਅਦ ਥਾਣਿਆਂ ਵਿਚ ਸੁਣਵਾਈ ਨਾ ਹੋਣ ਦੀਆਂ ਸ਼ਿਕਾਇਤਾਂ ਵੀ ਵਧ ਰਹੀਆਂ ਹਨ। ਇਹ ਤੱਥ ਸਪੱਸ਼ਟ ਰੂਪ ਵਿੱਚ ਸਾਹਮਣੇ ਆਉਂਦਾ ਹੈ ਕਿ ਦਲਿਤਾਂ ਦੀਆਂ ਵੋਟਾਂ ਲੋਕ ਸਭਾ ਜਾਂ ਵਿਧਾਨ ਸਭਾ ਦੀਆਂ ਚੋਣਾਂ ਸਮੇਂ ਸਾਰੀਆਂ ਹੀ ਪਾਰਟੀਆਂ ਲਈ ਅਸਰਦਾਰ ਹੋ ਸਕਦੀਆਂ ਹਨ। ਇਸ ਦੇ ਬਾਵਜੂਦ ਆਪਣੇ ਹੱਕਾਂ ਲਈ ਹਾਕਮ ਪਾਰਟੀਆਂ ਅਤੇ ਪ੍ਰਭਾਵਸ਼ਾਲੀ ਵਰਗਾਂ ਦੀ ਧੱਕੇਸ਼ਾਹੀ ਦਾ ਲਗਾਤਾਰ ਸ਼ਿਕਾਰ ਹੋਣਾ ਪੈਂਦਾ ਹੈ।
ਪੰਜਾਬ ਸਰਕਾਰ ਵੱਲੋਂ ਦਲਿਤਾਂ ਦੇ ਅਧਿਕਾਰਾਂ ਦੀ ਰਾਖੀ ਅਤੇ ਜ਼ਿਆਦਤੀਆਂ ਦਾ ਇਨਸਾਫ਼ ਦਿਵਾਉਣ ਲਈ ਐੱਸਸੀ ਕਮਿਸ਼ਨ ਕਾਇਮ ਕੀਤਾ। ਕਮਿਸ਼ਨ ਕੋਲ ਜ਼ਿਆਦਾ ਸ਼ਕਤੀਆਂ ਨਾ ਹੋਣ ਕਾਰਨ ਦਲਿਤਾਂ ਦੇ ਮਾਮਲੇ ਅੱਧ ਵਿਚਾਲੇ ਹੀ ਲਟਕ ਜਾਂਦੇ ਹਨ। ਕਮਿਸ਼ਨ ਦੀ ਚੇਅਰਪਰਸਨ ਤੇਜਿੰਦਰ ਕੌਰ ਨੇ ਦੱਸਿਆ ਕਿ ਸਭ ਤੋਂ ਵੱਧ ਸ਼ਿਕਾਇਤਾਂ ਪੁਲੀਸ ਦੇ ਖ਼ਿਲਾਫ਼ ਹੀ ਆਉਂਦੀਆਂ ਹਨ ਤੇ ਪੁਲੀਸ ਪੀੜਤ ਦਲਿਤਾਂ ਦੀ ਸੁਣਵਾਈ ਕਰਨ ਤੋਂ ਟਾਲਾ ਹੀ ਨਹੀਂ ਵੱਟਦੀ ਸਗੋਂ ਝੂਠੇ ਕੇਸ ਵੀ ਗਰੀਬਾਂ 'ਤੇ ਹੀ ਦਰਜ ਕਰਦੀ ਹੈ। ਉਨ੍ਹਾਂ ਕਿਹਾ ਕਿ ਪੁਲੀਸ ਦਾ ਰਵੱਈਆ ਬਦਲਣ ਅਤੇ ਪੁਲੀਸ ਕਰਮਚਾਰੀਆਂ ਨੂੰ ਕਮਿਸ਼ਨ ਦੀਆਂ ਹਦਾਇਤਾਂ ਦੀ ਪਾਲਣਾ ਕਰਾਉਣ ਲਈ ਪੰਜਾਬ ਦੇ ਡੀਜੀਪੀ ਨੂੰ ਲਿਖਤੀ ਰੂਪ ਵਿੱਚ ਕਿਹਾ ਗਿਆ ਹੈ ਤੇ ਹੇਠਲੇ ਪੱਧਰ 'ਤੇ ਸਖ਼ਤ ਹਦਾਇਤਾਂ ਦਿੱਤੀਆਂ ਜਾਣ। ਪੰਜਾਬ 'ਚ ਦਲਿਤਾਂ ਉਪਰ ਅੱਤਿਆਚਾਰ ਵਧਣ ਦੀ ਗਵਾਹੀ ਸਰਕਾਰੀ ਰਿਕਾਰਡ ਵੀ ਭਰਦਾ ਹੈ। ਜਾਣਕਾਰੀ ਮੁਤਾਬਕ ਸਾਲ 2004 ਤੋਂ 31 ਮਾਰਚ 2018 ਤੱਕ ਦਲਿਤਾਂ 'ਤੇ ਅੱਤਿਆਚਾਰ ਦੇ 19,547 ਮਾਮਲੇ



ਸਾਹਮਣੇ ਆਏ ਹਨ, ਜਿਨ੍ਹਾਂ ਵਿੱਚ ਸੰਗੀਨ ਅਪਰਾਧ ਦੀ ਸ਼ਾਮਲ ਹਨ। ਇਹ ਤੱਥ ਪੰਜਾਬ ਦੇ ਐੱਸਸੀ ਕਮਿਸ਼ਨ ਦੇ ਰਿਕਾਰਡ ਵਿੱਚ ਦਰਜ ਹਨ। ਦਲਿਤਾਂ ਨਾਲ ਵਿਤਕਰਾ ਜਾਂ ਹੋਰ ਜ਼ਿਆਦਤੀਆਂ ਹੋਣ ਦੀਆਂ ਹੋਰ 5 ਹਜ਼ਾਰ ਤੋਂ ਵੱਧ ਘਟਨਾਵਾਂ ਨੂੰ ਕਮਿਸ਼ਨ ਵੱਲੋਂ ਵੱਖਰੇ ਤੌਰ 'ਤੇ ਦਰਜ ਕੀਤਾ ਗਿਆ ਹੈ। ਇਨ੍ਹਾਂ ਘਟਨਾਵਾਂ 'ਚ ਹਰ ਸਾਲ ਵਾਧਾ ਹੋ ਰਿਹਾ ਹੈ।
ਕਮਿਸ਼ਨ ਦੇ ਅਧਿਕਾਰੀਆਂ ਦਾ ਮੰਨਣਾ ਹੈ ਕਿ ਪੰਜਾਬ 'ਚ ਦਲਿਤਾਂ ਖ਼ਿਲਾਫ਼ ਅੱਤਿਆਚਾਰਾਂ ਦੀਆਂ ਘਟਨਾਵਾਂ ਦੇ ਜੋ ਵੇਰਵੇ ਕਮਿਸ਼ਨ ਕੋਲ ਦਰਜ ਹਨ, ਉਨ੍ਹਾਂ ਨੂੰ ਅੱਧੇ ਹੀ ਮੰਨਿਆ ਜਾਂਦਾ ਹੈ, ਕਿਉਂਕਿ ਇਹ ਮਾਮਲੇ ਉਹ ਹਨ, ਜਿਨ੍ਹਾਂ ਸਬੰਧੀ ਲੋਕਾਂ ਨੇ ਕਮਿਸ਼ਨ ਤੱਕ ਪਹੁੰਚ ਕਰ ਲਈ ਜਾਂ ਫਿਰ ਮੀਡੀਆ ਰਿਪੋਰਟ ਦੇ ਆਧਾਰ ਉਤੇ ਕਮਿਸ਼ਨ ਨੇ ਨੋਟਿਸ ਲੈ ਲਿਆ। ਐੱਸਸੀ ਕਮਿਸ਼ਨ ਮੁਤਾਬਕ ਸਾਲ 2004 ਵਿੱਚ ਦਲਿਤਾਂ 'ਤੇ ਅੱਤਿਆਚਾਰ ਦੀਆਂ 354 ਘਟਨਾਵਾਂ ਵਾਪਰੀਆਂ। ਸਾਲ 2005 ਵਿੱਚ 565, ਸਾਲ 2006 ਵਿੱਚ 1014, ਸਾਲ 2006 ਵਿੱਚ 651, ਸਾਲ 2008 ਵਿੱਚ 508, ਸਾਲ 2009 ਵਿੱਚ 517, 2010 ਵਿੱਚ 788, 2011 ਵਿੱਚ 745, 2012 ਤੋਂ ਦਲਿਤਾਂ ਵਿਰੁੱਧ ਅਪਰਾਧਾਂ 'ਚ ਇੱਕ ਦਮ ਵਾਧਾ ਹੋਣ ਲੱਗਿਆ। ਸਾਲ 2012 ਵਿੱਚ 1055, 2013 ਵਿੱਚ 2805, 2014 ਵਿੱਚ 1942 ਤੇ ਸਾਲ 2015 ਵਿੱਚ 1982 ਘਟਨਾਵਾਂ ਵਾਪਰੀਆਂ।
ਐੱਸਸੀ ਕਮਿਸ਼ਨ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਾਲ 2016 'ਚ 1900, 2017 ਵਿੱਚ 2435 ਅਤੇ ਇਸ ਸਾਲ ਪਹਿਲੇ ਤਿੰਨਾਂ ਮਹੀਨਿਆਂ ਦੌਰਾਨ ਹੀ 441 ਸ਼ਿਕਾਇਤਾਂ ਪਹੁੰਚੀਆਂ। ਇਨ੍ਹਾਂ ਤੱਥਾਂ ਤੋਂ ਸਪੱਸ਼ਟ ਹੈ ਕਿ ਦਲਿਤਾਂ ਖ਼ਿਲਾਫ਼ ਅਤਿਆਚਾਰ ਦੇ ਮਾਮਲੇ ਪੰਜਾਬ ਵਿੱਚ ਤੇਜ਼ੀ ਨਾਲ ਵੱਧ ਰਹੇ ਹਨ। ਕਮਿਸ਼ਨ ਦਾ ਦਾਅਵਾ ਹੈ ਕਿ ਜ਼ਿਆਦਤੀਆਂ ਦਾ ਸ਼ਿਕਾਰ ਵੱਡੀ ਗਿਣਤੀ ਲੋਕ ਪੁਲੀਸ ਜਾਂ ਆਰਥਿਕ ਪੱਖੋਂ ਮਜ਼ਬੂਤ ਬੰਦਿਆਂ ਦੇ ਦਬਾਅ ਕਾਰਨ ਕਮਿਸ਼ਨ ਤੱਕ ਪਹੁੰਚ ਨਹੀਂ ਕਰਦੇ ਅਤੇ ਅਜਿਹੀਆਂ ਘਟਨਾਵਾਂ ਕਿਸੇ ਵੀ ਰਿਕਾਰਡ ਵਿਚ ਦਰਜ ਨਹੀਂ ਹੁੰਦੀਆਂ। ਐੱਸਸੀ ਕਮਿਸ਼ਨ ਵੱਲੋਂ ਦਲਿਤ ਅੱਤਿਆਚਾਰ ਦੀ ਘਟਨਾ 'ਤੇ ਪੁਲੀਸ ਜਾਂ ਸਿਵਲ ਪ੍ਰਸ਼ਾਸਨ ਨੂੰ ਨੋਟਿਸ ਤਾਂ ਭੇਜਿਆ ਜਾਂਦਾ ਹੈ ਪਰ ਇਹ ਮਹਿਜ਼ ਰਸਮੀ ਕਾਰਵਾਈ ਹੀ ਬਣ ਕੇ ਰਹਿ ਗਈ ਹੈ।
ਐੱਸਸੀ ਕਮਿਸ਼ਨ ਦੀ ਚੇਅਰਪਸਨ ਤੇਜਿੰਦਰ ਕੌਰ ਦਾ ਦਾਅਵਾ ਹੈ ਕਿ ਕਮਿਸ਼ਨ ਦੇ ਦਖ਼ਲ ਕਾਰਨ ਦਲਿਤਾਂ 'ਤੇ ਹੁੰਦੇ ਅੱਤਿਆਚਾਰ ਦੇ ਮਾਮਲਿਆਂ 'ਤੇ ਕਾਰਵਾਈ ਹੁੰਦੀ ਹੈ। ਉਨ੍ਹਾਂ ਮੰਨਿਆ ਕਿ ਰਾਜ ਵਿੱਚ ਦਲਿਤਾਂ 'ਤੇ ਅੱਤਿਆਚਾਰ ਦੀਆਂ ਘਟਨਾਵਾਂ ਵੱਧ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਦਲਿਤਾਂ ਵਿਰੁੱਧ ਹੁੰਦੇ ਅਪਰਾਧ ਰੋਕਣ ਲਈ ਸਖ਼ਤੀ ਕਰਨੀ ਚਾਹੀਦੀ ਹੈ।

## ਪੰਜਾਬ ਦੇ ਕਿਸਾਨਾਂ ਦੇ ਮਾਨਵੀ ਅਧਿਕਾਰਾਂ ਦੀ ਕੌਣ ਕਰੇਗਾ ਰਾਖੀ

**ਬਠਿੰਡਾ/ਬਿਊਰੋ ਨਿਊਜ਼ :** ਪੰਜਾਬ ਵਿਚ ਕਿਸਾਨਾਂ ਦੀ ਹਾਲਤ ਦੇਖ ਕੇ ਇੰਝ ਲਗਦਾ ਹੈ ਕਿ ਸਾਡੇ ਮੀਡੀਆ ਤੇ ਸਰਕਾਰਾਂ ਨੂੰ ਜਦੋਂ ਤਕ ਮਾਨਵੀ ਹੱਕਾਂ ਦਾ ਚੇਤਾ ਆਵੇਗਾ, ਉਦੋਂ ਤਕ ਸਭ ਫਨਾਹ ਹੋ ਚੁੱਕਾ ਹੋਵੇਗਾ। ਕਦੇ ਪੰਜਾਬ ਦਾ ਦਰਦ ਸਮਝਣ ਵਾਲਾ ਇਕ ਸ਼ਾਇਰ ਸੰਤ ਰਾਮ ਉਦਾਸੀ ਕੂਕਿਆ ਸੀ, "ਗਲ ਲੱਗ ਕੇ ਸੀਰੀ ਦੇ ਜੱਟ ਰੋਵੇ, ਬੋਹਲਾਂ ਵਿਚੋਂ ਨੀਰ ਵਗਿਆ।" ਹੁਣ ਪੰਜਾਬ ਦਾ ਕਿਸਾਨ ਕਿਸ ਦੇ ਗਲ ਲੱਗ ਕੇ ਰੋਵੇ, ਸੀਰੀ ਵੀ ਤਾਂ ਢਾਰਸ ਦੇਣ ਜੋਗਾ ਨਹੀਂ ਬਚਿਆ। ਏਨਾ ਕੁ ਫ਼ਰਕ ਬਚਿਐ ਕਿ ਸੀਰੀ ਦਾ ਵਿਹੜਾ ਵੱਖਰਾ ਹੈ। ਕਿਸਾਨ ਤੇ ਸੀਰੀ ਦੇ ਘਰਾਂ ਦੀ ਹੋਣੀ 'ਚ ਕੋਈ ਵਖਰੇਵਾਂ ਨਹੀਂ। ਟੁੱਟੀਆਂ ਚੱਪਲਾਂ, ਉਤਰੇ ਚਿਹਰੇ, ਹੱਥਾਂ ਤੇ ਅੱਟਣ, ਸਿਰਾਂ 'ਤੇ ਕਰਜ਼ੇ, ਕਿਸਾਨ ਤੇ ਸੀਰੀ 'ਚ ਹੁਣ ਇਹ ਸਭ ਕੁਝ ਸਾਂਝਾ ਹੈ। ਲੇਬਰ ਚੌਕਾਂ ਨੇ ਸਭ ਭੇਦ ਹੀ ਮਿਟਾ ਦਿੱਤੇ। ਬਸ ਥੋੜ੍ਹਾ ਹੀ ਫ਼ਰਕ ਹੈ ਕਿ ਮਜ਼ਦੂਰ ਬਿਨਾਂ ਲੁਕੋ-ਛੁਪੋ ਖੜ੍ਹਦਾ ਹੈ ਤੇ ਜੱਟਾਂ ਦਾ ਮੁੰਡਾ ਮੂੰਹ ਢਕ ਕੇ। ਜਦੋਂ ਗੰਭੀਰ ਬਿਮਾਰੀ ਹੱਲਾ ਬੋਲਦੀ ਹੈ, ਤਾਂ ਉਦੋਂ ਨਾ ਕਿਸਾਨ ਕੋਲ ਇਲਾਜ ਦੀ ਪਹੁੰਚ ਹੁੰਦੀ ਹੈ ਤੇ ਨਾ ਸੀਰੀ ਕੋਲ ਪੈਸੇ ਹੁੰਦੇ ਹਨ। ਬਸ ਇਹੋ ਲਕੀਰ ਬਾਕੀ ਹੈ, ਇਕ ਜੱਟ ਹੈ ਤੇ ਇਕ ਸੀਰੀ। ਇਕ ਜ਼ਮੀਨਾਂ ਵਾਲਾ ਵੱਜਦੈ ਤੇ ਇੱਕ ਵਿਹੜੇ ਵਾਲਾ। ਵੱਡੀ ਸਾਂਝ ਹੈ ਕਿ ਮਾਨਵੀ ਹੱਕ ਤੋਂ ਦੋਵੇਂ ਇਕੋ ਜਿੰਨੀ ਵਿੱਥ 'ਤੇ ਹਨ। ਰਾਮਪੁਰਾ ਨੇੜਲੇ ਪਿੰਡ ਦੀ ਕਰਨੈਲ ਕੌਰ ਨੂੰ ਦੋ ਵਾਰ ਵਿਧਵਾ ਹੋਣਾ ਪਿਆ। ਜਦੋਂ ਜ਼ਮੀਨ ਹੱਥੋਂ ਕਿਰਨ ਲੱਗੀ ਤਾਂ ਪਤੀ ਵੀ ਖ਼ੁਦਕੁਸ਼ੀ ਕਰ ਗਿਆ। ਭਾਣਾ ਮੰਨਣ ਦਾ ਧਰਵਾਸ ਦੇ ਕੇ ਉਸ ਨੂੰ ਦਿਉਰ ਦੇ ਲੜ ਲਾ ਦਿੱਤਾ। ਜ਼ਖ਼ਮ ਭਰਨ ਤੋਂ ਪਹਿਲਾਂ ਹੀ ਉਸ ਦਾ ਦੂਸਰਾ ਪਤੀ ਵੀ ਖ਼ੁਦਕੁਸ਼ੀ ਕਰ ਗਿਆ। ਜ਼ਮੀਨ ਵਿਕ ਗਈ ਤੇ ਦੋ ਵਾਰ ਸੁਹਾਗ ਉਜੜ ਗਿਆ। ਕਰਨੈਲ ਕੌਰ ਆਖਦੀ ਹੈ, 'ਜਿਸ ਤਨ ਲੱਗੇ, ਸੋ ਜਾਣੇ', ਸਾਡੇ ਕਾਹਦੇ ਹੱਕ ਹਕੂਕ। ਨਰਮਾ ਪੱਟੀ 'ਚ ਇਕੱਲੇ ਕਿਸਾਨ ਹੀ ਨਹੀਂ, ਅੱਠ ਵਰ੍ਹਿਆਂ ਵਿੱਚ ਜ਼ਿਲ੍ਹਾ ਬਠਿੰਡਾ ਵਿੱਚ 137 ਕਿਸਾਨ ਔਰਤਾਂ ਨੇ ਵੀ ਖ਼ੁਦਕੁਸ਼ੀ ਕੀਤੀ ਹੈ। ਬਹੁਤੇ ਘਰਾਂ ਵਿਚ ਬੱਚਿਆਂ ਦੇ ਮਾਪੇ ਖ਼ੁਦਕੁਸ਼ੀ ਕਰ ਗਏ ਤੇ ਇਹ ਬੱਚੇ ਹੁਣ ਦਾਦਾ ਦਾਦੀ ਦੀ ਲੰਮੀ ਉਮਰ ਦੀ ਸੁੱਖ ਮੰਗ ਰਹੇ ਹਨ।




ਅੰਮ੍ਰਿਤਸਰ ਟਾਈਮਜ਼ Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਕੈਪਟਨ ਅਮਰਿੰਦਰ ਸਿੰਘ ਨੇ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ ਨੂੰ ਦੱਸਿਆ ਪਾਕਿਸਤਾਨ ਦੀ ਗਹਿਰੀ ਸਾਜ਼ਿਸ਼

**ਚੰਡੀਗੜ੍ਹ-ਬਿਊਰੋ ਨਿਊਜ਼ :** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਿੱਟਾ ਕੱਢਿਆ ਹੈ ਕਿ ਕਰਤਾਰਪੁਰ ਸਾਹਿਬ ਗਲਿਆਰੇ ਪਿੱਛੇ ਪਾਕਿਸਤਾਨੀ ਫ਼ੌਜ ਦੀ ਡੂੰਘੀ ਦਹਿਸ਼ਤੀ ਸਾਜ਼ਿਸ਼ ਹੈ। ਕੈਪਟਨ ਨੇ ਆਪਣੇ ਇਸ ਬਿਆਨ ਨਾਲ ਆਪਣੇ ਹੀ ਵਜ਼ੀਰ ਨਵਜੋਤ ਸਿੱਧੂ ਉੱਪਰ ਵੀ ਅਸਿੱਧਾ ਨਿਸ਼ਾਨਾ ਲਾਇਆ ਹੈ। ਇਮਰਾਨ ਖ਼ਾਨ ਦੇ ਹਲਫ਼ਦਾਰੀ ਸਮਾਗਮ ਤੋਂ ਪਹਿਲਾਂ ਪਾਕਿਸਤਾਨੀ ਥਲ ਸੈਨਾ ਦੇ ਮੁਖੀ ਜਨਰਲ ਜਾਵੇਦ ਕਮਰ ਬਾਜਵਾ ਵੱਲੋਂ ਕਰਤਾਰਪੁਰ ਲਾਂਘੇ ਨੂੰ ਖੋਲ੍ਹਣ ਸਬੰਧੀ ਨਵਜੋਤ ਸਿੰਘ ਸਿੱਧੂ ਕੋਲ ਪ੍ਰਗਟਾਏ ਵਿਚਾਰਾਂ ਸਬੰਧੀ ਤੱਥਾਂ ਦੇ ਸੰਦਰਭ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਨੂੰ ਪਾਕਿਸਤਾਨ ਫੌਜ ਵੱਲੋਂ ਘੜੀ ਵੱਡੀ ਸਾਜ਼ਿਸ਼ ਕਰਾਰ ਦਿੱਤਾ ਹੈ। ਇਥੇ ਇੱਕ ਟੀਵੀ ਚੈਨਲ ਨੂੰ ਦਿੱਤੀ ਇੰਟਰਵਿਊ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਕਰਤਾਰਪੁਰ ਲਾਂਘੇ ਨੂੰ ਖੋਲ੍ਹਣਾ ਸਪੱਸ਼ਟ ਤੌਰ ‘ਤੇ ਆਈਐਸਆਈ ਦੀ ਯੋਜਨਾ ਦਾ ਹਿੱਸਾ ਹੈ। ਉਨ੍ਹਾਂ ਕਿਹਾ ਕਿ ਲਗਦਾ ਹੈ ਕਿ ਪਾਕਿਸਤਾਨ ਫ਼ੌਜ ਨੇ ਭਾਰਤ ਖ਼ਿਲਾਫ਼ ਵੱਡੀ ਸਾਜ਼ਿਸ਼ ਘੜੀ ਹੈ। ਪਾਕਿਸਤਾਨ ਵੱਲੋਂ ਪੰਜਾਬ ਵਿੱਚ ਅਤਿਵਾਦ ਨੂੰ ਮੁੜ ਸੁਰਜੀਤ ਕਰਨ ਦੀ ਕੋਸ਼ਿਸ਼ ਕੀਤੇ ਜਾਣ ਨੂੰ ਪ੍ਰਵਾਨ ਕਰਦੇ ਹੋਏ ਉਨ੍ਹਾਂ ਕਿਹਾ ਕਿ ਹਰ ਕਿਸੇ ਨੂੰ ਇਸ ਤੋਂ ਚੌਕਸ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਨਵਜੋਤ ਸਿੱਧੂ ਦੇ ਮੁੱਦੇ ਨੂੰ ਗ਼ੈਰਜ਼ਰੂਰੀ ਤਰੀਕੇ ਨਾਲ ਉਭਾਰਿਆ ਜਾ ਰਿਹਾ ਹੈ ਅਤੇ ਜਿਹੜੇ ਇਸ ਨੂੰ ਉਭਾਰ ਰਹੇ ਹਨ ਉਹ ਸਪੱਸ਼ਟ ਤੌਰ ‘ਤੇ ਆਈਐਸਆਈ ਦੀ ਇਸ ਸਾਜ਼ਿਸ਼ ਨੂੰ ਵੇਖਣ ਤੋਂ ਅਸਮਰੱਥ ਹਨ। ਉਨ੍ਹਾਂ ਪੰਜਾਬ ਦੇ ਮੰਤਰੀ ਨੂੰ ਪਾਕਿਸਤਾਨੀ ਪ੍ਰਧਾਨ ਮੰਤਰੀ ਦਾ ਹੱਥ-ਠੋਕਾ ਦੱਸਣ ਲਈ ਅਕਾਲੀਆਂ ਦੀ ਤਿੱਖੀ ਆਲੋਚਨਾ ਕੀਤੀ ਹੈ।ਉਨ੍ਹਾਂ ਪੰਜਾਬ ਕੈਬਨਿਟ ਵਿਚਲੇ ਆਪਣੀ ਸਾਥੀ ਮੰਤਰੀ ਨਵਜੋਤ ਸਿੱਧੂ ਨਾਲ ਸਬੰਧਾਂ ਦੇ ਮੁੱਦੇ ‘ਤੇ ਗੈਰਜ਼ਰੂਰੀ ਵਿਵਾਦ ਖੜ੍ਹਾ ਕਰਨ ਲਈ ਅਕਾਲੀਆਂ ਅਤੇ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਦੀ ਤਿੱਖੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਸਰਹੱਦੀ ਸੂਬੇ ਵਿੱਚ ਅਸਥਿਰਤਾ ਪੈਦਾ ਕਰਨਾ ਪਾਕਿਸਤਾਨ ਦਾ ਉਦੇਸ਼ ਹੈ। ਪਾਕਿਸਤਾਨ ਪੰਜਾਬ ਵਿਚ ਅਤਿਵਾਦੀ ਸਰਗਰਮੀਆਂ ਰਾਹੀਂ ਜਾਣਬੁੱਝ ਕੇ ਲਗਾਤਾਰ ਅਸਥਿਰਤਾ ਪੈਦਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਜਦਕਿ ਅਕਾਲੀ-ਭਾਜਪਾ ਇਸ ਅਹਿਮ ਮੁੱਦੇ ਤੋਂ ਲੋਕਾਂ ਦਾ ਧਿਆਨ ਲਾਂਭੇ ਕਰਨ ਦੀ ਕੋਸ਼ਿਸ਼ ਦੇ ਹਿੱਸੇ ਵਜੋਂ ਸਿੱਧੂ ਦਾ ਮੁੱਦਾ ਉਭਾਰ ਰਹੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਇਮਰਾਨ ਖਾਨ ਭਾਰਤ ਨਾਲ ਸ਼ਾਂਤੀ ਅਤੇ ਸਦਭਾਵਨਾ ਦੀਆਂ ਕੋਸ਼ਿਸ਼ਾਂ ਕਰ ਰਿਹਾ ਹੈ ਪਰ ਇਸ ਦੇ ਨਾਲ ਹੀ ਉਨ੍ਹਾਂ ਨੂੰ



ਆਪਣੇ ਥਲ ਸੈਨਾ ਮੁਖੀ(ਬਾਜਵਾ) ‘ਤੇ ਜ਼ੋਰ ਪਾਉਣਾ ਚਾਹੀਦਾ ਹੈ ਕਿ ਉਹ ਸਰਹੱਦ ਉੱਤੇ ਭਾਰਤੀ ਫ਼ੌਜੀਆਂ ਦੀਆਂ ਹੱਤਿਆਵਾਂ ਨੂੰ ਤੁਰੰਤ ਰੋਕੇ ਜਾਣਾ ਯਕੀਨੀ ਬਣਾਏ। ਉਨ੍ਹਾਂ ਕਿਹਾ ਕਿ ਪਾਕਿਸਤਾਨ ਦਾ ਇਤਿਹਾਸ ਗਵਾਹ ਹੈ ਕਿ ਵਜ਼ੀਰੇ ਆਜ਼ਮ ਨੂੰ ਸੱਤਾ ਵਿੱਚ ਬਣੇ ਰਹਿਣ ਲਈ ਫੌਜ ਦੀ ਹਾਂ ਵਿਚ ਹਾਂ ਮਿਲਾਉਣੀ ਪੈਂਦੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਨਵਜੋਤ ਸਿੰਘ ਸਿੱਧੂ ‘ਪਸੰਦੀਦਾ’ ਵਿਅਕਤੀ ਹੈ। ਉਨ੍ਹਾਂ ਦੇ ਸਿੱਧੂ ਦੇ ਮਾਪਿਆਂ ਨਾਲ ਵੀ ਨਿੱਘੇ ਸਬੰਧ ਹਨ। ਜਦੋਂ ਇਹ ਕ੍ਰਿਕਟਰ, ਮੰਤਰੀ ਬਣਿਆ ਤਾਂ ਉਨ੍ਹਾਂ ਦੇ ਪਿਤਾ ਕਾਂਗਰਸ ਦੀ ਪਟਿਆਲਾ ਜ਼ਿਲ੍ਹਾ ਇਕਾਈ ਦੇ ਪ੍ਰਧਾਨ ਸਨ ਅਤੇ ਉਨ੍ਹਾਂ (ਕੈਪਟਨ) ਦੀ ਮਾਤਾ ਮਹਿੰਦਰ ਕੌਰ ਪਟਿਆਲਾ ਤੋਂ ਸੰਸਦ ਮੈਂਬਰ ਸਨ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਅਤੇ ਸਿੱਧੂ ਵਿਚਕਾਰ ਕਦੀ ਵੀ ਟਕਰਾਅ ਪੈਦਾ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਸਰਕਾਰ ਚਲਾਉਂਦੇ ਸਮੇਂ ਵੀ ਉਨ੍ਹਾਂ ਨੂੰ ਸਿੱਧੂ ਨਾਲ ਕਦੇ ਕੋਈ ਸਮੱਸਿਆ ਨਹੀਂ ਆਈ। ਕੈਪਟਨ ਨੇ ਕਿਹਾ ਕਿ ਸਿੱਧੂ ਦੀ ਇੱਕੋ-ਇਕ ਸਮੱਸਿਆ ਹੈ ਕਿ ਉਹ ਕਈ ਵਾਰੀ ਸੋਚਣ ਤੋਂ ਪਹਿਲਾਂ ਹੀ ਬੋਲ ਜਾਂਦੇ ਹਨ। ਪੰਜਾਬ ਪੁਲੀਸ ਪਾਕਿਸਤਾਨ ਨਾਲ ਸਿੱਧੀ ਟੱਕਰ ਲੈਣ ਦੇ ਸਮਰੱਥ : ਮੁੱਖ ਮੰਤਰੀ ਨੇ ਕਿਹਾ ਕਿ ਪਾਕਿਸਤਾਨੀ ਥਲ ਸੈਨਾ ਦੇ ਮੁਖੀ ਜਨਰਲ ਜਾਵੇਦ ਕਮਰ ਬਾਜਵਾ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਪੰਜਾਬ ਪੁਲੀਸ ਪਾਕਿਸਤਾਨ ਨਾਲ ਸਿੱਧੀ ਟੱਕਰ ਲੈਣ ਦੇ ਪੂਰੀ ਤਰ੍ਹਾਂ ਸਮਰੱਥ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਨੇ ਜੇਕਰ ਅਤਿਵਾਦ ਰਾਹੀਂ ਸੂਬੇ ਦੇ ਸ਼ਾਂਤੀਪੂਰਨ ਮਾਹੌਲ ਨੂੰ ਵਿਗਾੜਨ ਦੀ ਕੋਸ਼ਿਸ਼ ਕੀਤੀ ਤਾਂ ਇਹ ਉਨ੍ਹਾਂ ਦੀ ਗਲਤੀ ਹੋਵੇਗੀ।

## ਕੈਪਟਨ ਦੇ ਬਿਆਨ ਦੀ ਚੁਫੇਰਿਓਂ ਨਿਖੇਧੀ

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਕਰਤਾਰਪੁਰ ਲਾਂਘੇ ਨੂੰ ਪਾਕਿਸਤਾਨ ਫੌਜ ਦੀ ਸਾਜਿਸ਼ ਦੱਸਣ ਵਾਲੇ ਬਿਆਨ ਨੇ ਗੁਰੂ ਨਾਨਕ ਨਾਮ ਲੇਵਾ ਸੰਗਤ ਵਿਚ ਗੁੱਸੇ ਦੀ ਲਹਿਰ ਪੈਦਾ ਕਰ ਦਿੱਤੀ ਹੈ। ਪੰਜਾਬ ਵਿਚ ਹੀ ਨਹੀਂ ਸਗੋਂ ਵਿਦੇਸ਼ਾਂ ਵਿਚ ਵੀ ਕੈਪਟਨ ਅਮਰਿੰਦਰ ਸਿੰਘ ਦੇ ਇਸ ਬਿਆਨ ਦੀ ਨਿਖੇਧੀ ਹੋ ਰਹੀ ਹੈ। ਨਾਰਥ ਅਮਰੀਕਨ ਪੰਜਾਬੀ ਐਸੋਸੀਏਸ਼ਨ (ਨਾਪਾ) ਦੇ ਕਾਰਜਕਾਰੀ ਡਾਇਰੈਕਟਰ ਸਤਨਾਮ ਸਿੰਘ ਚਾਹਲ ਨੇ ਕਿਹਾ ਕਿ ਮੁੱਖ ਮੰਤਰੀ ਦੇ ਬਿਆਨ ਨਾਲ ਕਰਤਾਰਪੁਰ ਲਾਂਘੇ ਨੂੰ ਖੋਲ੍ਹਣ ਲਈ ਚੱਲ ਰਹੀ ਪ੍ਰਕਿਰਿਆ ਨੂੰ ਧੱਕਾ ਲੱਗ ਸਕਦਾ ਹੈ। ਕੈਨੇਡਾ ਤੋਂ ਸੁਰਜੀਤ ਸਿੰਘ ਭੱਟੀ ਨੇ ਕਿਹਾ ਕਿ ਜੇ ਪਾਕਿਸਤਾਨ ਖਾੜਕੂ ਲਹਿਰ ਨੂੰ ਮੁੜ ਖੜ੍ਹੀ ਕਰਨ ਦੀ ਕੋਸ਼ਿਸ਼ ਵਿਚ ਹੈ, ਤਾਂ ਇਹ ਮੁੱਦਾ ਸਰਕਾਰੀ ਪੱਧਰ ‘ਤੇ ਨਜਿੱਠਿਆ ਜਾਣਾ ਚਾਹੀਦਾ ਹੈ। ਆਸਟ੍ਰੇਲੀਆ ਦੇ ਸ਼ਹਿਰ ਸਿਡਨੀ ਤੋਂ ਸੁਖਜਿੰਦਰ ਸਿੰਘ ਨੇ ਕੈਪਟਨ ਅਮਰਿੰਦਰ ਸਿੰਘ ਦੇ ਇਸ ਬਿਆਨ ਦੀ ਨਿਖੇਧੀ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਦੀ ਬੋਲੀ ਬੋਲ ਕੇ ਪੰਜਾਬ ਦੇ ਮੁੱਖ ਮੰਤਰੀ ਨੇ ਪਰਵਾਸੀ ਪੰਜਾਬੀਆਂ ਨੂੰ ਨਿਰਾਸ਼ ਕੀਤਾ ਹੈ। ਯੂਨਾਈਟਿਡ ਖਾਲਸਾ ਦਲ ਯੂਕੇ ਦੇ ਜਨਰਲ ਸਕੱਤਰ ਲਵਸ਼ਿੰਦਰ ਸਿੰਘ ਡੱਲੇਵਾਲ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਕੇਂਦਰ ਦੀ ਸ਼ਹਿ ‘ਤੇ ਬਿਆਨਬਾਜ਼ੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਦੋਸਤੀ ਦੀ ਪਹਿਲਕਦਮੀ ਕਰਕੇ ਭਾਜਪਾ ਦਾ ਏਜੰਡਾ ਫੇਲ੍ਹ ਕਰ ਦਿੱਤਾ ਹੈ, ਜਿਹੜਾ ਉਨ੍ਹਾਂ ਨੇ 2019 ਦੀਆਂ ਲੋਕ ਸਭਾ ਚੋਣਾਂ ਵਿਚ ਵਰਤਣਾ ਸੀ। ਇਸੇ ਕਰਕੇ ਪਾਕਿਸਤਾਨ ਨੂੰ ਅਤਿਵਾਦੀ ਸਰਗਰਮੀਆਂ ਦੇ ਕੇਂਦਰ ਵਜੋਂ ਉਭਾਰ ਕੇ ਭਾਜਪਾ ਹਿੰਦੂ ਵੋਟਾਂ ਲੈਣਾ ਚਾਹੁੰਦੀ ਹੈ। ਇਸੇ ਤਰ੍ਹਾਂ ਕੈਲੀਫੋਰਨੀਆ ਤੋਂ ਬਲਦੇਵ ਸਿੰਘ ਲਿੱਤਰਾਂ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੇ ਬਿਆਨ ਨੇ ਸਿੱਖ ਸ਼ਰਧਾਲੂਆਂ ਨੂੰ ਸ਼ੱਕ ਦੇ ਘੇਰੇ ਵਿਚ ਲੈ ਆਂਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੇ ਪਹਿਲਾਂ ਹੀ ਬਹੁਤ ਵੱਡਾ ਸੰਤਾਪ ਭੋਗਿਆ ਹੈ। ਹੁਣ ਫਿਰ ਅਜਿਹੀ ਬਿਆਨਬਾਜ਼ੀ ਨਾਲ ਸਿੱਖ ਭਾਈਚਾਰੇ ਨੂੰ ਬਦਨਾਮ ਕਰਨ ਦੀ ਕੋਝੀ ਚਾਲ ਚੱਲੀ ਜਾ ਰਹੀ ਹੈ। ਆਮ ਆਦਮੀ ਪਾਰਟੀ ਦੇ ਸਾਬਕਾ ਵਿਧਾਇਕ ਜਰਨੈਲ ਸਿੰਘ ਨੇ ਵੀ ਸੋਸ਼ਲ ਮੀਡੀਆ ‘ਤੇ ਕੈਪਟਨ ਅਮਰਿੰਦਰ ਸਿੰਘ ਦੇ ਇਸ ਬਿਆਨ ਬਾਰੇ ਕਿਹਾ ਕਿ ਵਾਘਾ ਸਰਹੱਦ ਤੋਂ ਵੀ ਸਿੱਖ ਤੇ ਹਿੰਦੂ ਭਾਈਚਾਰੇ ਦੇ ਲੋਕ ਪਾਕਿਸਤਾਨੀ ਗੁਰਧਾਮਾਂ ਦੇ ਦਰਸ਼ਨਾਂ ਲਈ ਜਾਂਦੇ ਹਨ। ਕਰਤਾਰਪੁਰ ਲਾਂਘਾ ਖੋਲ੍ਹਣ ਨਾਲ ਅਤਿਵਾਦ ਨਹੀਂ ਆ ਸਕਦਾ।

## ਸੁਨੀਲ ਜਾਖੜ ਨੇ ਕੀਤਾ ਕੈਪਟਨ ਦਾ ਬਚਾਅ

ਲਾਂਘੇ ਪਿੱਛੇ ਪਾਕਿਸਤਾਨੀ ਫ਼ੌਜ ਦੀ ਘਿਨਾਉਣੀ ਯੋਜਨਾ ਹੋਣ ਦਾ ਸ਼ੱਕ ਜਤਾਏ ਜਾਣ ਤੋਂ ਬਾਅਦ ਘਿਰੇ ਕੈਪਟਨ ਦਾ ਬਚਾਅ ਕਰਦਿਆਂ ਸੁਨੀਲ ਜਾਖੜ ਨੇ ਕਿਹਾ ਕਿ ਕੈਪਟਨ ਨੇ ਇਮਰਾਨ ਖ਼ਾਨ ਦੀ ਨੀਅਤ ’ਤੇ ਨਹੀਂ ਬਲਕਿ ਫ਼ੌਜ ਉੱਪਰ ਸ਼ੱਕ ਜ਼ਾਹਰ ਕੀਤਾ ਸੀ। ਜਾਖੜ ਨੇ ਕਿਹਾ ਕਿ ਮੁੱਖ ਮੰਤਰੀ ਨੇ ਆਪਣੇ ਬਿਆਨ ਵਿੱਚ ਸਪੱਸ਼ਟ ਕੀਤਾ ਹੈ ਕਿ ਇਮਰਾਨ ਖ਼ਾਨ ਦੀ ਨੀਅਤ ਵਿੱਚ ਕੋਈ ਖੋਟ ਨਹੀਂ ਪਰ ਕੁਝ ਇਹੋ ਜਿਹੇ ਲੋਕ ਹਨ ਜੋ ਨਹੀਂ ਚਾਹੁੰਦੇ ਕਿ ਦੋਵੇਂ ਦੇਸ਼ਾਂ ਵਿੱਚ ਅਮਨ ਸ਼ਾਂਤੀ ਬਣੇ।



# ਭਾਰਤ ਵਿਚ ਭਗਵੇਂ ਅੱਤਵਾਦ ਦੀ ਦਹਿਸ਼ਤ

- **ਅਯੁਧਿਆ ਦਾ ਮਸਲਾ ਭਗਵੀਂ ਸਿਆਸਤ ਦਾ ਮੁੱਖ ਮੁੱਦਾ ਬਣਿਆ**
- **ਹਿੰਦੂ ਯੁਵਾ ਵਾਹਿਨੀ ਵਾਲਿਆਂ ਵਲੋਂ ਸਿੱਧੂ ਦਾ ਸਿਰ ਵੱਢਣ ਲਈ ਇਕ ਕਰੋੜ ਰੁਪਏ ਦੇ ਇਨਾਮ ਦਾ ਐਲਾਨ**



**ਜਲੰਧਰ/ਬਿਊਰੋ ਨਿਊਜ਼ :**
ਭਾਰਤ ਵਿਚ ਭਗਵੇਂ ਅੱਤਵਾਦ ਦੀ ਦਹਿਸ਼ਤ ਜਾਰੀ ਹੈ। ਭਗਵੇਂ ਅੱਤਵਾਦ ਦੀਆਂ ਨਿੱਜੀ ਫੌਜਾਂ ਗਊ ਹੱਤਿਆ ਨੂੰ ਬਹਾਨਾ ਬਣਾ ਕੇ ਹਿੰਸਕ ਭੀੜਾਂ ਦੇ ਰੂਪ ਵਿਚ ਸਰਗਰਮ ਹਨ। ਅਯੁੱਧਿਆ ਵਿਚ ਰਾਮ ਮੰਦਿਰ ਦੀ ਉਸਾਰੀ ਲਈ ਹਿੰਦੂਤਵੀ ਸਿਆਸਤ ਸਰਗਰਮ ਹੈ।
'ਗਊ' ਦੇ ਮੁੱਦੇ ਉਤੇ ਗੱਲ ਕਰਨ ਤੋਂ ਹਰ ਕੋਈ ਝਿਜਕਦਾ ਹੈ, ਇਥੋਂ ਤਕ ਕਿ ਰਾਜਸਥਾਨ ਵਿਚ ਅਪਰਾਧਾਂ 'ਚ ਵਾਧੇ ਨੂੰ ਲੈ ਕੇ ਕਾਂਗਰਸ, ਭਾਰਤੀ ਜਨਤਾ ਪਾਰਟੀ ਦੀ ਕਾਰਗੁਜ਼ਾਰੀ ਉਤੇ ਤਾਂ ਸਵਾਲ ਖੜ੍ਹੇ ਕਰ ਰਹੀ ਹੈ ਪਰ ਉਸ ਨੇ ਪਹਿਲੂ ਖ਼ਾਨ ਦਾ ਮੁੱਦਾ ਨਹੀਂ ਚੁੱਕਿਆ। ਉਹ 'ਹਿਦੂਆਂ' ਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦੀ। ਗਊ-ਹੱਤਿਆ ਹੋਣ ਦੀ ਅਫ਼ਵਾਹ ਸੁਣ ਕੇ ਹੀ ਬੁਲੰਦ ਸ਼ਹਿਰ ਦੀ ਭਗਵੀਂ ਹਿੰਸਕ ਭੀੜ ਨੂੰ ਏਨਾ ਗੁੱਸਾ ਆ ਗਿਆ ਕਿ ਉਨ੍ਹਾਂ ਨੇ ਇਕ ਇੰਸਪੈਕਟਰ ਨੂੰ ਹੀ ਗੋਲੀ ਮਾਰ ਦਿੱਤੀ ਅਤੇ ਭੀੜ 'ਚੋਂ ਇਕ 18 ਸਾਲ ਦਾ ਨੌਜਵਾਨ ਵੀ ਮਾਰਿਆ ਗਿਆ। ਇਸ ਭੀੜ ਨੇ ਇਲਾਕੇ ਵਿਚ ਜਾਨਵਰਾਂ ਦੀਆਂ ਹੱਡੀਆਂ ਸੁੱਟੇ ਜਾਣ ਤੋਂ ਹੀ ਅੰਦਾਜ਼ਾ ਲਾ ਕੇ ਨਿਆਂ ਨੂੰ ਆਪਣੇ ਹੱਥਾਂ ਵਿਚ ਲੈਣ ਦਾ ਫ਼ੈਸਲਾ ਕਰ ਲਿਆ ਸੀ।
ਯਾਦ ਰਹੇ ਕਿ ਇਸ ਤਰ੍ਹਾਂ ਦੀਆਂ ਫ਼ਿਰਕੂ ਭੀੜਾਂ ਅਖ਼ਲਾਕ ਖ਼ਾਨ ਤੇ ਪਹਿਲੂ ਖ਼ਾਨ ਵਰਗੇ ਬੜੇ ਨਿਰਦੋਸ਼ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਚੁੱਕੀਆਂ ਹਨ। ਅੱਜ ਸਾਹਮਣੇ ਕੋਈ ਗਊ-ਮਾਰ ਮੁਸਲਿਮ ਚਿਹਰਾ ਨਹੀਂ ਸੀ, ਤਾਂ ਇਕ ਇੰਸਪੈਕਟਰ ਹੀ ਇਸ ਭੀੜ ਦਾ ਨਿਸ਼ਾਨਾ ਬਣਾ ਲਿਆ ਗਿਆ। ਅਜੀਬ ਇਤਫ਼ਾਕ ਹੈ ਕਿ ਇਹ ਉਹੀ ਇੰਸਪੈਕਟਰ ਸੀ ਜੋ ਅਖ਼ਲਾਕ ਦੀ ਮੌਤ ਦੀ ਜਾਂਚ ਕਰ ਰਿਹਾ ਸੀ ਅਤੇ ਇਸ ਉਤੇ ਭੀੜ ਦਾ ਹਮਾਇਤੀ ਹੋਣ ਦੇ ਇਲਜ਼ਾਮ ਲੱਗੇ ਸਨ ਜਿਸ ਕਰ ਕੇ ਇਸ ਦਾ ਤਬਾਦਲਾ ਕੀਤਾ ਗਿਆ ਸੀ। ਹੁਣ ਇਲਜ਼ਾਮ ਲੱਗ ਰਹੇ ਹਨ ਕਿ ਇਸ ਇੰਸਪੈਕਟਰ ਨੇ ਕਿਉਂਕਿ ਇਕ ਮੁਸਲਮਾਨ ਨੂੰ ਬਚਾ ਕੇ ਆਪ ਹਸਪਤਾਲ ਪਹੁੰਚਾਇਆ ਸੀ, ਇਸ ਲਈ ਯੋਜਨਾ ਬਣਾ ਕੇ, ਫ਼ਿਰਕੂ ਭੀੜ ਨੇ ਉਸ ਨੂੰ ਮੁਸਲਮਾਨ ਦਾ ਰਾਖਾ ਕਹਿ ਕੇ ਮਾਰਿਆ ਹੈ।
ਲਵ-ਜੇਹਾਦ ਜਾਂ ਮਸਜਿਦਾਂ ਨੂੰ ਮੰਦਿਰ ਢਾਹ ਕੇ ਬਣਾਈਆਂ ਕਹਿਣ ਦੀ ਇਕ ਆਮ ਬਣ ਚੁੱਕੀ ਰੀਤ ਵੀ ਇਸੇ ਭਗਵੇਂ ਅੱਤਵਾਦ ਦਾ ਹਿੱਸਾ ਹੈ। ਪਿਛਲੇ ਦਿਨੀਂ ਅਯੁੱਧਿਆ ਵਿਚ ਕਰਵਾਈ ਗਈ ਧਰਮ ਸੰਸਦ ਅਤੇ ਉਸ ਵਿਚ ਰਾਮ ਮੰਦਿਰ ਦੀ ਉਸਾਰੀ ਸ਼ੁਰੂ ਕਰਨ ਦੀ ਤਰੀਕ ਬਾਰੇ ਵਿਚਾਰ-ਵਟਾਂਦਰੇ ਦਾ ਸਾਰਾ ਚੱਕਰ ਵੀ ਇਸ ਤਰ੍ਹਾਂ ਦੀ ਤਲਖ਼ੀ ਵਧਾਉਣ ਦਾ ਕਾਰਨ ਬਣਿਆ ਸੀ ਅਤੇ ਅਜੇ ਵੀ ਬਣ ਰਿਹਾ ਹੈ 16 ਦਸੰਬਰ ਨੂੰ ਬਾਬਰੀ ਮਸਜਿਦ ਨੂੰ ਕਾਰ ਸੇਵਕਾਂ ਵਲੋਂ ਢਾਹਿਆਂ 26 ਸਾਲ ਪੂਰੇ ਹੋ ਗਏ ਹਨ। ਇਸ ਸਮੇਂ ਦੌਰਾਨ ਦੇਸ਼ ਵਿਚ ਘਿਰਣਾ ਦਾ ਮਾਹੌਲ ਵਧੇਰੇ ਵਧਿਆ ਹੈ। ਅੱਗੋਂ ਵੀ ਇਸ ਦੇ ਹੋਰ ਵਧਣ ਦੀ ਪ੍ਰਬਲ ਸੰਭਾਵਨਾ ਬਣ ਗਈ ਹੈ। ਇਹ ਮਸਜਿਦ 6 ਦਸੰਬਰ, 1992 ਨੂੰ ਢਾਹੀ ਗਈ ਸੀ। ਉਸ ਤੋਂ ਬਾਅਦ ਦੇਸ਼ ਭਰ ਵਿਚ ਫ਼ਿਰਕੂ ਦੰਗੇ ਭੜਕੇ ਸਨ, ਜਿਨ੍ਹਾਂ ਵਿਚ ਘੱਟੋ-ਘੱਟ 1200 ਦੇ ਲਗਭੱਗ ਲੋਕ ਮਾਰੇ ਗਏ ਸਨ। ਇਹ ਮਸਜਿਦ ਲਗਭੱਗ 490 ਸਾਲ ਪੁਰਾਣੀ ਹੈ। ਪਿਛਲੇ 150 ਸਾਲ ਤੋਂ ਇਹ ਝਗੜਾ ਚਲਿਆ ਆਉਂਦਾ ਹੈ ਕਿ ਇਸ ਮਸਜਿਦ ਵਾਲੀ ਥਾਂ 'ਤੇ ਰਾਮ ਮੰਦਿਰ ਦਾ ਨਿਰਮਾਣ ਹੋਣਾ ਚਾਹੀਦਾ ਹੈ। ਕਿਉਂਕਿ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਭਗਵਾਨ ਰਾਮ ਇਸੇ ਥਾਂ 'ਤੇ ਪੈਦਾ ਹੋਏ ਸਨ, ਜਿਸ ਨੂੰ ਤੋੜ ਕੇ ਬਾਬਰ ਦੇ ਇਕ ਜਰਨੈਲ ਨੇ ਇਥੇ ਮਸਜਿਦ ਬਣਵਾਈ ਸੀ।
ਦੇਸ਼ ਦੇ ਆਜ਼ਾਦ ਹੋਣ ਤੋਂ ਦੋ ਸਾਲ ਬਾਅਦ ਇਥੇ ਰਾਮ ਲੱਲਾ ਦੀਆਂ ਮੂਰਤੀਆਂ ਰੱਖ ਦਿੱਤੀਆਂ ਗਈਆਂ ਅਤੇ ਕੁਝ ਭਗਤਾਂ ਵਲੋਂ ਇਥੇ ਆਰਤੀ ਵੀ ਕੀਤੀ ਗਈ ਸੀ। ਝਗੜਾ ਵਧਦਾ ਦੇਖ ਕੇ ਇਸ ਨੂੰ ਬੰਦ ਕਰ ਦਿੱਤਾ ਗਿਆ ਅਤੇ ਇਸ ਦੇ ਦਰਵਾਜ਼ਿਆਂ ਨੂੰ ਤਾਲੇ ਲਗਾ ਦਿੱਤੇ ਗਏ। ਪਰ ਬਾਅਦ ਵਿਚ ਇਕ ਹੇਠਲੀ ਅਦਾਲਤ ਨੇ ਹਿੰਦੂਆਂ ਨੂੰ ਇਥੇ ਪੂਜਾ ਕਰਨ ਦੀ ਇਜਾਜ਼ਤ ਦੇ ਦਿੱਤੀ ਅਤੇ ਸਾਲ 1989 ਵਿਚ ਕਾਂਗਰਸ ਦੇ ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਇਸ ਅਹਾਤੇ ਵਿਚ ਰਾਮ ਮੰਦਿਰ ਦਾ ਨੀਂਹ ਪੱਥਰ ਰਖਵਾ ਦਿੱਤਾ। ਆਰੰਭੇ ਗਏ ਇਸ ਅੰਦੋਲਨ ਵਿਚ ਭਾਰਤੀ ਜਨਤਾ ਪਾਰਟੀ ਮੋਹਰੀ ਰੋਲ ਅਦਾ ਕਰ ਰਹੀ ਸੀ। ਲਾਲ ਕ੍ਰਿਸ਼ਨ ਅਡਵਾਨੀ, ਜਿਸ ਨੂੰ ਇਸ ਪਾਰਟੀ ਦੀ ਸਿਆਸਤ ਵਿਚੋਂ ਪੂਰੀ ਤਰ੍ਹਾਂ ਨੁੱਕਰੇ ਲਗਾ ਦਿੱਤਾ ਗਿਆ ਹੈ, ਨੇ ਇਸ ਥਾਂ ਨੂੰ ਲੈਣ ਲਈ ਗੱਜ-ਵੱਜ ਕੇ ਰੱਥ ਯਾਤਰਾ ਕੀਤੀ ਸੀ। ਚਾਹੇ ਉਸ ਨੂੰ ਤਾਂ ਬਿਹਾਰ ਵਿਚ ਤਤਕਾਲੀ ਮੁੱਖ ਮੰਤਰੀ ਲਾਲੂ ਪ੍ਰਸਾਦ ਯਾਦਵ ਨੇ ਕੈਦ ਕਰ ਲਿਆ ਸੀ ਪਰ ਭੜਕੀਆਂ ਭੀੜਾਂ ਦੇ ਹਜੂਮ ਨੇ ਹਮਲਾ ਕਰ ਦਿੱਤਾ ਸੀ। ਉਸ ਸਮੇਂ ਉੱਤਰ ਪ੍ਰਦੇਸ਼ ਵਿਚ ਮੁਲਾਇਮ ਸਿੰਘ ਯਾਦਵ ਦੀ ਸਰਕਾਰ ਸੀ, ਜਿਸ ਨੇ ਡਟ ਕੇ ਅਜਿਹੀਆਂ ਆਪਹੁਦਰੀਆਂ ਕਾਰਵਾਈਆਂ ਦਾ ਸਾਹਮਣਾ ਕੀਤਾ। ਉਸ ਨੇ ਅਯੁੱਧਿਆ ਵਿਚ ਮਸਜਿਦ ਨੂੰ ਡੇਗਣ ਲਈ ਕਾਰ-ਸੇਵਕਾਂ ਦੀ ਭੀੜ 'ਤੇ ਗੋਲੀ ਚਲਾ ਦਿੱਤੀ ਸੀ, ਜਿਸ ਵਿਚ 30 ਬੰਦੇ ਮਾਰੇ ਗਏ ਸਨ। ਪਰ ਉਸ ਤੋਂ ਦੋ ਸਾਲ ਬਾਅਦ ਪ੍ਰਾਂਤ ਵਿਚ ਭਾਰਤੀ ਜਨਤਾ ਪਾਰਟੀ ਦੀ ਹਕੂਮਤ ਦੇ ਹੁੰਦੇ ਹੋਏ ਇਕ ਵਿਸ਼ੇਸ਼ ਨੀਤੀ ਤਹਿਤ ਅਤੇ ਕੇਂਦਰ ਵਿਚ ਕਾਂਗਰਸ ਦੀ ਸਰਕਾਰ ਹੁੰਦਿਆਂ, ਇਸ ਮਸਜਿਦ ਨੂੰ ਢਾਹ ਦਿੱਤਾ ਗਿਆ ਅਤੇ ਉਥੇ ਭਗਵਾਨ ਰਾਮ ਦੀਆਂ ਮੂਰਤੀਆਂ ਰੱਖ ਕੇ ਪੂਜਾ ਲਈ ਅਸਥਾਈ ਮੰਦਿਰ ਬਣਾ ਦਿੱਤਾ ਗਿਆ।
ਪਿਛਲੇ 26 ਸਾਲ ਤੋਂ ਇਹ ਕੇਸ ਵੱਖ-ਵੱਖ ਅਦਾਲਤਾਂ ਵਿਚ ਚਲਦਾ ਰਿਹਾ ਹੈ। ਉਤਰ ਪ੍ਰਦੇਸ਼ ਵਿਚ ਇਲਾਹਾਬਾਦ ਹਾਈਕੋਰਟ ਨੇ ਸਾਲ 2010 ਵਿਚ ਇਸ ਪੌਣੇ-ਕੁ-ਤਿੰਨ ਏਕੜ ਦੀ ਜ਼ਮੀਨ ਨੂੰ ਹਿੰਦੂਆਂ ਅਤੇ ਮੁਸਲਮਾਨਾਂ ਦੀਆਂ ਸੰਸਥਾਵਾਂ ਅਤੇ ਨਿਰਮੋਹੀ ਅਖਾੜੇ ਵਿਚ ਵੰਡਣ ਦਾ ਫ਼ੈਸਲਾ ਕਰ ਦਿੱਤਾ ਸੀ। ਇਸ ਸਬੰਧੀ ਦਰਜਨਾਂ ਹੀ ਅਪੀਲਾਂ ਸੁਪਰੀਮ ਕੋਰਟ ਵਿਚ ਪੁੱਜੀਆਂ ਸਨ, ਜਿਨ੍ਹਾਂ ਬਾਰੇ ਅਜੇ ਫ਼ੈਸਲਾ ਹੋਣਾ ਹੈ। ਮੁੱਖ ਮਾਮਲਾ ਇਸ ਜ਼ਮੀਨ 'ਤੇ ਅਧਿਕਾਰ ਦਾ ਹੈ ਪਰ ਹੁਣ ਕਿਉਂਕਿ ਲੋਕ ਸਭਾ ਦੀਆਂ ਚੋਣਾਂ ਨੂੰ ਛੇ-ਕੁ ਮਹੀਨੇ ਦਾ ਸਮਾਂ ਬਾਕੀ ਰਹਿ ਗਿਆ ਹੈ, ਭਾਰਤੀ ਜਨਤਾ ਪਾਰਟੀ ਦੀ ਕੇਂਦਰ ਵਿਚ ਸਰਕਾਰ ਹੈ, ਇਸ ਦੇ ਨਾਲ ਹੀ ਦੇਸ਼ ਦੇ ਬਹੁਤੇ ਸੂਬਿਆਂ ਵਿਚ ਭਾਰਤੀ ਜਨਤਾ ਪਾਰਟੀ ਦੀਆਂ ਹੀ ਸਰਕਾਰਾਂ ਹਨ, ਇਸ ਲਈ ਰਾਸ਼ਟਰੀ ਸੋਇਮ ਸੇਵਕ ਸੰਘ, ਵਿਸ਼ਵ ਹਿੰਦੂ ਪ੍ਰੀਸ਼ਦ, ਸ਼ਿਵ ਸੈਨਾ ਅਤੇ ਉਨ੍ਹਾਂ ਦੀਆਂ ਹੋਰ ਅਨੇਕਾਂ ਭਾਈਵਾਲ ਸੰਸਥਾਵਾਂ ਜ਼ੋਰ-ਸ਼ੋਰ ਨਾਲ ਇਹ ਮੰਗ ਕਰ ਰਹੀਆਂ ਹਨ ਕਿ ਰਾਮ ਮੰਦਿਰ ਦੇ ਨਿਰਮਾਣ ਲਈ ਸੁਪਰੀਮ ਕੋਰਟ ਦੇ ਫ਼ੈਸਲੇ ਦੀ ਇੰਤਜ਼ਾਰ ਨਾ ਕੀਤੀ ਜਾਵੇ, ਸਗੋਂ ਕੇਂਦਰ ਸਰਕਾਰ ਰਾਮ ਮੰਦਿਰ ਦੇ ਨਿਰਮਾਣ ਸਬੰਧੀ ਇਕ ਆਰਡੀਨੈਂਸ ਜਾਰੀ ਕਰ ਦੇਵੇ। ਜਿੱਥੋਂ ਤੱਕ ਕੇਂਦਰ ਸਰਕਾਰ ਦਾ ਸਵਾਲ ਹੈ, ਉਹ ਇਸ ਮਾਮਲੇ ਨੂੰ ਸੱਤਾ ਪ੍ਰਾਪਤੀ ਲਈ ਉਤਸ਼ਾਹਿਤ ਕਰ ਰਹੀ ਹੈ।ਇਸ ਲਈ ਕੇਂਦਰ ਸਰਕਾਰ ਵਲੋਂ ਅਜਿਹਾ ਕੋਈ ਆਰਡੀਨੈਂਸ ਜਾਰੀ ਹੋਣ ਦੀ ਸੰਭਾਵਨਾ ਵੀ ਬਣੀ ਨਜ਼ਰ ਆਉਂਦੀ ਹੈ।
ਜੇਕਰ ਕੇਂਦਰ ਸਰਕਾਰ ਨੇ ਇਸ ਦਿਸ਼ਾ ਵਿਚ ਕੋਈ ਅਜਿਹਾ ਕਦਮ ਪੁੱਟਿਆ ਤਾਂ ਉਹ ਦੇਸ਼ ਲਈ ਬੇਹੱਦ ਘਾਤਕ ਸਾਬਤ ਹੋ ਸਕਦਾ ਹੈ। ਸੁਪਰੀਮ ਕੋਰਟ ਦੇ ਫ਼ੈਸਲੇ ਨੂੰ ਨਾ ਉਡੀਕਣਾ, ਜਿਥੇ ਸੰਵਿਧਾਨ ਦੀਆਂ ਜੜ੍ਹਾਂ ਉਖੇੜ ਸਕਦਾ ਹੈ, ਉਥੇ ਸਮੁੱਚੇ ਸਮਾਜ ਵਿਚ ਅਰਾਜਕਤਾ ਵਾਲੀ ਹਾਲਤ ਪੈਦਾ ਹੋ ਸਕਦੀ ਹੈ।
ਦੂਸਰਾ ਪੱਖ ਜਾਤੀ ਅਧਾਰਤ ਤਲਖ਼ੀ ਦਾ ਹੈ। ਇਸ ਦੀ ਸ਼ੁਰੂਆਤ ਯੂਪੀ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਆਪ ਹੀ ਇਹ ਬਿਆਨ ਦੇ ਕੇ ਕਰ ਦਿੱਤੀ ਸੀ ਕਿ ਰਾਮ-ਭਗਤ ਹਨੂੰਮਾਨ ਦਲਿਤ ਜਾਤੀ ਵਿੱਚੋਂ ਸੀ। ਇਸ ਦਾ ਵਿਰੋਧ ਹੋਇਆ ਤਾਂ ਕਈ ਭਾਜਪਾ ਆਗੂਆਂ ਨੇ ਵਲਾਵੇਂ ਪਾ ਕੇ ਯੋਗੀ ਆਦਿਤਿਆਨਾਥ ਦੇ ਕਹੇ ਸ਼ਬਦਾਂ ਦੀ ਕੌੜ ਘਟਾਉਣ ਦਾ ਯਤਨ ਕੀਤਾ ਪਰ ਜਿਸ ਬੰਦੇ ਵੱਲੋਂ ਇਹ ਸ਼ਬਦ ਕਹੇ ਜਾਣ ਤੋਂ ਪੁਆੜਾ ਪਿਆ ਸੀ, ਉਸ ਨੇ ਕੋਈ ਪ੍ਰਵਾਹ ਨਹੀਂ ਕੀਤੀ। ਨਤੀਜੇ ਵਜੋਂ ਦਲਿਤ ਭੜਕ ਉੱਠੇ ਅਤੇ ਕਈ ਥਾਂਈਂ ਉਨ੍ਹਾਂ ਨੇ ਹਨੂੰਮਾਨ ਮੰਦਿਰ ਉੱਤੇ ਕਬਜ਼ੇ ਕਰਨ ਦਾ ਕੰਮ ਕਰ ਵਿਖਾਇਆ ਤੇ ਕਾਰਨ ਇਹ ਦੱਸਿਆ ਕਿ ਜਦੋਂ ਉਸ ਨੂੰ ਦਲਿਤ ਹੀ ਕਹਿ ਦਿੱਤਾ ਹੈ ਤਾਂ ਫਿਰ ਉਥੇ ਉਚ ਜਾਤੀ ਦਾ ਬ੍ਰਾਹਮਣ ਪੁਜਾਰੀ ਨਹੀਂ ਚਾਹੀਦਾ। ਭਾਜਪਾ ਆਗੂਆਂ ਦੀ ਇਸੇ ਖੇਡ ਤੋਂ ਤੰਗ ਆਈ ਭਾਜਪਾ ਪਾਰਲੀਮੈਂਟ ਮੈਂਬਰ ਸਵਿੱਤਰੀ ਬਾਈ ਫੂਲੇ ਨੇ ਇਸ ਪਾਰਟੀ ਤੋਂ ਅਸਤੀਫਾ ਦੇ ਦਿੱਤਾ ਹੈ ਅਤੇ ਇਹ ਵੀ ਕਹਿ ਦਿੱਤਾ ਹੈ ਕਿ ਦੇਸ਼ ਮੰਦਿਰ ਨਾਲ ਨਹੀਂ ਚੱਲਣਾ, ਸੰਵਿਧਾਨ ਨਾਲ ਚੱਲਣਾ ਹੈ, ਜਿਸ ਨੂੰ ਭਾਜਪਾ ਢਾਹ ਲਾ ਰਹੀ ਹੈ।
ਤੀਸਰਾ ਮਾਮਲਾ ਰਾਜਨੀਤਕ ਤਲਖ਼ੀ ਦਾ ਹੈ। ਇਸ ਦਾ ਇਕ ਨਮੂਨਾ ਕੱਲ੍ਹ ਉਸ ਵਕਤ ਮਿਲਿਆ, ਜਦੋਂ ਇਕ ਹਿੰਦੂ ਯੁਵਾ ਵਾਹਿਨੀ ਵਾਲਿਆਂ ਨੇ ਪੰਜਾਬ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਦਾ ਸਿਰ ਵੱਢਣ ਦੇ ਲਈ ਇਕ ਕਰੋੜ ਰੁਪਏ ਦਾ ਇਨਾਮ ਐਲਾਨ ਕਰ ਦਿੱਤਾ। ਇਹ ਹਿੰਦੂ ਜਥੇਬੰਦੀ ਸੋਲਾਂ ਸਾਲ ਪਹਿਲਾਂ ਖ਼ੁਦ ਯੋਗੀ ਆਦਿਤਿਆਨਾਥ ਨੇ ਖੜ੍ਹੀ ਕੀਤੀ ਸੀ ਤੇ ਇਸ ਦਾ ਮੁੱਖ ਕੇਂਦਰ ਵੀ ਯੋਗੀ ਆਦਿਤਿਆਨਾਥ ਦੇ ਸ਼ਹਿਰ ਗੋਰਖਪੁਰ ਵਿਚ ਹੈ। ਨਵਜੋਤ ਸਿੱਧੂ ਨਾਲ ਇਸ ਹਿੰਦੂ ਜਥੇਬੰਦੀ ਦੀ ਨਾਰਾਜ਼ਗੀ ਇਸ ਕਰਕੇ ਹੈ ਕਿ ਉਨ੍ਹਾਂ ਦੇ ਕਹਿਣ ਮੁਤਾਬਕ ਸਿੱਧੂ ਨੇ ਯੋਗੀ ਆਦਿਤਿਆਨਾਥ ਦੇ ਖ਼ਿਲਾਫ਼ ਚੋਣ ਪ੍ਰਚਾਰ ਕੀਤਾ ਸੀ।

## ਰੁਸਤਮ-ਏ-ਕੈਨੇਡਾ ਦਾ ਖਿਤਾਬ ਡੌਮ ਬਰੈਡਲੀ ਪਹਿਲਵਾਨ ਨੇ ਜਿੱਤਿਆ




**ਸਿਆਟਲ/ਗੁਰਚਰਨ ਸਿੰਘ ਢਿੱਲੋਂ :** ਰੁਸਤਮ ਕੁਸ਼ਤੀ ਕਲੱਬ ਵਲੋਂ ਤੀਸਰਾ ਅੰਤਰਰਾਸ਼ਟਰੀ ਕੁਸ਼ਤੀ ਤੇ ਵੇਟ ਲਿਫਟਿੰਗ ਟੂਰਨਾਮੈਂਟ ਮਾਰਗ੍ਰੇਟ ਹਾਈ ਸਕੂਲ ਸਰੀ ਦੇ ਇਨਡੋਰ ਹਾਲ ਵਿਚ ਬੜੀ ਸ਼ਾਨੋ-ਸ਼ੌਕਤ ਤੇ ਉਤਸ਼ਾਹ ਨਾਲ ਕਰਵਾਇਆ ਗਿਆ, ਜਿਸ ਵਿਚ ਅਮਰੀਕਾ ਦੇ ਸ਼ਕਤੀਸ਼ਾਲੀ ਪਹਿਲਵਾਨ ਡੌਮ ਬਰੈਡਲੀ ਨੇ ਅਮਰੀਕਾ ਦੇ ਹੀ ਪਹਿਲਵਾਨ ਜੈਕੂਬ ਕੈਸਪਰ ਨੂੰ ਫਾਈਨਲ ਵਿਚ ਹਰਾ ਕੇ ਰੁਸਤਮ-ਏ-ਕੈਨੇਡਾ ਦਾ ਖਿਤਾਬ ਜਿੱਤਿਆ। ਜੇਤੂ ਪਹਿਲਵਾਨ ਨੂੰ ਚਾਂਦੀ ਦੀ ਗੁਰਜ ਤੇ ਨਕਦ ਇਨਾਮ ਨਾਲ ਨਿਵਾਜਿਆ ਗਿਆ। ਕੈਨੇਡਾ ਦੇ ਮੌਲੀ ਪਹਿਲਵਾਨ ਤੀਸਰੇ ਦਰਜੇ 'ਤੇ ਰਹੇ। ਕੈਨੇਡਾ ਟਾਈਗਰ ਦਾ ਖਿਤਾਬ ਅਮਰੀਕਾ ਦੇ ਜੈਕੂਬ ਕੈਸਪਰ ਨੇ ਕੈਨੇਡਾ ਦੇ ਨਿਸ਼ਾਨ ਰੰਧਾਵਾ ਨੂੰ ਹਰਾ ਕੇ ਜਿੱਤਿਆ। ਇਸ ਤੋਂ ਪਹਿਲਾਂ 20 ਸਾਲ ਤੱਕ ਨਿਸ਼ਾਨ ਰੰਧਾਵਾ ਇਸ ਖਿਤਾਬ ਦੇ ਜੇਤੂ ਰਹੇ ਸਨ। 18 ਸਾਲ ਉਮਰ ਵਰਗ ਦੇ ਖਿਤਾਬ ਵਾਸਤੇ ਟੋਰਾਂਟੋ ਤੋਂ ਦੌਲਤ ਪਹਿਲਵਾਨ ਦੇ ਭਾਣਜੇ ਤੇਜਬੀਰ ਗੋਇਲ ਨੇ ਰੁਸਤਮ ਕਲੱਬ ਦੇ ਹਰਜੋਤ ਗਿੱਲ ਨੂੰ ਹਰਾ ਕੇ ਜਿੱਤਿਆ। 16 ਸਾਲ ਉਮਰ ਵਰਗ 'ਚ ਕਰਨਪ੍ਰੀਤ ਗਿੱਲ, 14 ਸਾਲ ਉਮਰ ਵਰਗ 'ਚ ਚਿਰਾਗ ਮੱਟੂ ਤੇ 12 ਸਾਲ ਉਮਰ ਵਰਗ ਦੇ ਖਿਤਾਬ ਲਈ ਮੁਕਾਬਲੇ ਵਿਚ ਸ਼ਾਨ ਧਾਲੀਵਾਲ ਜੇਤੂ ਰਹੇ। 10 ਸਾਲ ਉਮਰ ਵਰਗ ਵਿਚ ਉਦੇ ਬਿਲਨ, 8 ਸਾਲ ਉਮਰ ਵਰਗ ਵਿਚ ਜੋਬਨ ਥਾਂਦੀ ਅਤੇ 6 ਸਾਲ ਉਮਰ ਵਰਗ ਵਿਚ ਗੁਰਲੀਨ ਢਿੱਲੋਂ ਖਿਤਾਬ ਜਿੱਤਣ ਵਿਚ ਕਾਮਯਾਬ ਰਹੇ।
ਇਸ ਮੌਕੇ ਵੇਟ ਲਿਫਟਿੰਗ ਮੁਕਾਬਲੇ ਵੀ ਬੜੇ ਸੁਚੱਜੇ ਨਾਲ ਕਰਵਾਏ ਗਏ ਜਿਸ ਵਿਚ ਵੱਖ-ਵੱਖ ਭਾਰ ਵਰਗ ਵਿਚ ਲੜਕੇ, ਲੜਕੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਖਿਤਾਬ ਜਿੱਤੇ। ਇਸ ਤਰ੍ਹਾਂ ਦੇਸ਼-ਵਿਦੇਸ਼ ਦੇ ਨਾਮੀ ਪਹਿਲਵਾਨਾਂ ਅਤੇ ਵੇਟ ਲਿਫਟਿੰਗ ਦੇ ਖਿਡਾਰੀਆਂ ਨੇ ਵਧੀਆ ਕਾਰਗੁਜ਼ਾਰੀ ਦਿਖਾਈ।
ਸਰੀ ਦੇ ਮੇਅਰ ਅਤੇ ਕੈਲੀਫੋਰਨੀਆ ਤੋਂ ਅਜੀਤ ਸਿੰਘ ਸੰਧੂ ਕਮਿਸ਼ਨਰ ਪਾਰਕ ਤੇ ਰੀਕ੍ਰੇਸ਼ਨ ਲੈਥਰੋਪ ਨੇ ਜੇਤੂ ਖਿਡਾਰੀਆਂ ਨੂੰ ਇਨਾਮ ਵੰਡੇ। ਇਸ ਮੌਕੇ ਵੱਖ-ਵੱਖ ਕੁਸ਼ਤੀ ਅਖਾੜਿਆਂ ਦੇ ਮੁਖੀਆਂ ਸਤਨਾਮ ਸਿੰਘ ਜੌਹਲ, ਬਲਬੀਰ ਬੀਰੀ ਪਹਿਲਵਾਨ, ਬੂਟਾ ਸਿੰਘ ਢੀਂਡਸਾ, ਸ਼ਿੰਗਾਰਾ ਸਿੰਘ ਪਹਿਲਵਾਨ, ਭਾਰਤ ਤੋਂ ਆਤਮ ਪ੍ਰਕਾਸ਼ ਸਿੰਘ, ਰੁਸਤਮੇ ਹਿੰਦ ਸੁਖਵੰਤ ਸਿੰਘ ਸਿੱਧੂ ਪਹਿਲਵਾਨ, ਬਾਡੀ ਬਿਲਡਰ ਬਿੱਕਰ ਸਿੰਘ, ਟੋਰਾਂਟੋ ਤੋਂ ਗੁਰਦੇਵ ਸਿੰਘ ਰੰਧਾਵਾ ਪਹਿਲਵਾਨ, ਸੀਤਲ ਢਿੱਲੋਂ ਤੇ ਰੇਸ਼ਮ ਸਿੰਘ ਬਾਸੀ, ਵਿਕਟੋਰੀਆ ਤੋਂ ਜਗਦੇਵ ਸਿੰਘ ਪਹਿਲਵਾਨ, ਗੁਰਮੇਲ ਸਿੰਘ ਸਮੇਤ ਕਈ ਨਾਮਵਰ ਸ਼ਖ਼ਸੀਅਤਾਂ ਨੇ ਪਹੁੰਚ ਕੇ ਸਮਾਰੋਹ ਦੀ ਸ਼ੋਭਾ ਵਧਾਈ ਅਤੇ ਹਰਜੀਤ ਬਿਲਨ ਮੁੱਖ ਪ੍ਰਬੰਧਕ ਵਲੋਂ ਸ਼ਾਨਦਾਰ ਇੰਤਜ਼ਾਮ ਤੇ ਸਫ਼ਲ ਟੂਰਨਾਮੈਂਟ ਕਰਾਉਣ ਦੀ ਸ਼ਲਾਘਾ ਕੀਤੀ ਤੇ ਵਧਾਈ ਦਿੱਤੀ। ਟੂਰਨਾਮੈਂਟ ਵਿਚ ਸਪਾਂਸਰਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਕੁੱਲ ਮਿਲਾ ਕੇ ਇਹ ਅੰਤਰਰਾਸ਼ਟਰੀ ਕੁਸ਼ਤੀ-ਵੇਟ ਲਿਫਟਿੰਗ ਟੂਰਨਾਮੈਂਟ ਸਫ਼ਲ ਰਿਹਾ, ਜਿਸ ਦਾ ਦਰਸ਼ਕਾਂ ਨੇ ਖ਼ੂਬ ਆਨੰਦ ਮਾਣਿਆ।

## ਵਿਧਾਇਕ ਫੂਲਕਾ ਅਸਤੀਫਾ ਦੇਣ ਦੇ ਫੈਸਲੇ 'ਤੇ ਅਡਿੱਗ

**ਚੰਡੀਗੜ੍ਹ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ ਦੇ ਦਾਖਾ ਤੋਂ ਵਿਧਾਇਕ ਹਰਵਿੰਦਰ ਸਿੰਘ ਫੂਲਕਾ ਨੇ ਆਪਣੇ ਅਸਤੀਫ਼ੇ ਵਾਲੇ ਫੈਸਲੇ 'ਤੇ ਕਾਇਮ ਰਹਿਣ ਦਾ ਦਾਅਵਾ ਕੀਤਾ ਹੈ। ਫੂਲਕਾ ਨੇ ਇਹ ਪ੍ਰਗਟਾਵਾ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੋਲ ਨਿੱਜੀ ਤੌਰ 'ਤੇ ਪੇਸ਼ ਹੋਣ ਤੋਂ ਬਾਅਦ ਕੀਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਵਿਅਕਤੀਗਤ ਰੂਪ ਵਿਚ ਵਿਧਾਨ ਸਭਾ ਦੇ ਸਪੀਕਰ ਨੂੰ ਇੱਕ ਵਾਰ ਫਿਰ ਆਪਣਾ ਅਸਤੀਫ਼ਾ ਸੌਂਪ ਦਿੱਤਾ ਹੈ। ਫੂਲਕਾ ਨੇ ਸਪੀਕਰ ਨੂੰ ਇਹ ਵੀ ਅਪੀਲ ਕੀਤੀ ਹੈ ਕਿ ਉਨ੍ਹਾਂ ਦੇ ਅਸਤੀਫ਼ੇ ਨੂੰ ਪ੍ਰਵਾਨ ਕਰਕੇ 13 ਦਸੰਬਰ ਤੋਂ ਸ਼ੁਰੂ ਹੋਣ ਵਾਲੇ ਵਿਧਾਨ ਸਭਾ ਇਜਲਾਸ ਦੌਰਾਨ ਸਦਨ ਨੂੰ ਇਸ ਬਾਰੇ ਸੂਚਿਤ ਵੀ ਕਰ ਦਿੱਤਾ ਜਾਵੇ। ਐਚਐਸ ਫੂਲਕਾ ਨੇ ਇੱਥੇ ਫਿਰ ਦਾਅਵਾ ਕੀਤਾ ਹੈ ਕਿ ਜਸਟਿਸ (ਸੇਵਾਮੁਕਤ) ਰਣਜੀਤ ਸਿੰਘ ਕਮਿਸ਼ਨ ਦੀ ਬੇਅਦਬੀ ਤੇ ਗੋਲੀਕਾਂਡਾਂ 'ਤੇ ਤਿਆਰ ਰਿਪੋਰਟ ਵਿਧਾਨ ਸਭਾ ਵਿੱਚ ਪੇਸ਼ ਹੋਣ ਤੋਂ ਬਾਅਦ ਕੈਪਟਨ ਸਰਕਾਰ ਦੇ ਮੰਤਰੀਆਂ ਨੇ ਵਾਅਦਾ ਕੀਤਾ ਸੀ ਕਿ ਤਤਕਾਲੀ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਦੇ ਨਾਲ-ਨਾਲ ਡੇਰਾ ਸਿਰਸਾ ਮੁਖੀ ਤੇ ਪੰਜਾਬ ਪੁਲਿਸ ਦੇ ਤਤਕਾਲੀ ਮੁਖੀ ਵਿਰੁੱਧ ਵੀ ਕੇਸ ਦਰਜ ਕੀਤੇ ਜਾਣਗੇ, ਪਰ ਅਜਿਹਾ ਨਹੀਂ ਹੋਇਆ। ਉਨ੍ਹਾਂ ਕਿਹਾ ਹੈ ਕਿ ਉਹ ਇਸ ਸਟੈਂਡ 'ਤੇ ਅੱਜ ਵੀ ਕਾਇਮ ਹਨ ਤੇ ਮੰਤਰੀਆਂ ਵੱਲੋਂ ਕਾਰਵਾਈ ਨਾ ਕਰਨ ਅਤੇ ਨਾਲ ਅਸਤੀਫ਼ੇ ਦੇਣ ਦੇ ਰੋਸ ਵਜੋਂ ਉਹ ਖ਼ੁਦ ਵਿਧਾਨ ਸਭਾ ਦੀ ਮੈਂਬਰੀ ਤਿਆਗ ਰਹੇ ਹਨ।

# ਕਰਤਾਰਪੁਰ ਲਾਂਘਾ ਖੁੱਲ੍ਹਣ ਦਾ ਮੈਸੇਂਜਰ ਸਿੱਧੂ ਬਣਿਆ ਪੰਜਾਬ ਵਿਚ 'ਹੀਰੋ'




**• ਸਿੱਧੂ ਦਾ ਵਿਰੋਧ ਕਰਨ ਕਰਕੇ ਬਾਦਲ ਪਰਿਵਾਰ ਦੀ ਸੋਸ਼ਲ ਮੀਡੀਆ 'ਚ ਭੰਡੀ • ਲਾਂਘਾ ਖੋਲ੍ਹਣ ਬਾਰੇ ਦੋ-ਚਿੱਤੀ ਵਿਚ ਹੈ ਭਾਜਪਾ**

**ਜਲੰਧਰ/ਬਿਊਰੋ ਨਿਊਜ਼ :** ਕ੍ਰਿਕਟਰ ਤੋਂ ਸਿਆਸਤਦਾਨ ਬਣੇ ਨਵਜੋਤ ਸਿੰਘ ਸਿੱਧੂ ਪਿਛਲੇ ਕੁਝ ਹਫ਼ਤਿਆਂ ਤੋਂ ਹਰ ਪਾਸੇ ਚਰਚਾ ਵਿਚ ਹਨ। ਜਦੋਂ ਸਿੱਧੂ ਪਾਕਿਸਤਾਨ ਤੋਂ ਕਰਤਾਰਪੁਰ ਲਾਂਘਾ ਖੁੱਲ੍ਹਣ ਦਾ ਮੈਸੇਂਜਰ ਬਣ ਕੇ ਭਾਰਤ ਵਾਪਸ ਪਰਤੇ, ਤਾਂ ਉਨ੍ਹਾਂ ਦੀ ਪ੍ਰਸਿੱਧੀ ਪੰਜਾਬ ਵਿਚ ਅਤੇ ਖਾਸ ਕਰ ਕੇ ਸਿੱਖਾਂ 'ਚ ਕਾਫ਼ੀ ਵਧ ਗਈ। ਸੋਸ਼ਲ ਮੀਡੀਆ 'ਤੇ ਲੋਕਾਂ ਵੱਲੋਂ ਉਨ੍ਹਾਂ ਨੂੰ 'ਸ਼ਾਂਤੀ ਪਸੰਦ ਸ਼ਖ਼ਸ' ਅਤੇ 'ਸੱਚਾ ਸਿੱਖ' ਕਿਹਾ ਗਿਆ। ਸਿੱਖਾਂ ਵੱਲੋਂ ਕਰਤਾਰਪੁਰ ਲਾਂਘਾ ਖੋਲ੍ਹਣ ਦੀ ਮੰਗ ਕਈ ਦਹਾਕਿਆਂ ਤੋਂ ਕੀਤੀ ਜਾ ਰਹੀ ਹੈ। ਜਦੋਂ ਪਾਕਿਸਤਾਨੀ ਫੌਜ ਮੁਖੀ ਕਮਰ ਬਾਜਵਾ ਨੇ ਪਾਕਿਸਤਾਨ ਦੀ ਲਾਂਘੇ ਪ੍ਰਤੀ ਇੱਛਾ ਜ਼ਾਹਰ ਕਰਨ ਦਾ ਜ਼ਰੀਆ ਨਵਜੋਤ ਸਿੰਘ ਸਿੱਧੂ ਨੂੰ ਚੁਣਿਆ ਤਾਂ ਸਿੱਖਾਂ ਲਈ ਉਸ ਦਾ 'ਹੀਰੋ' ਬਣਨਾ ਤੈਅ ਸੀ।

ਪਾਕਿਸਤਾਨੀ ਜਰਨੈਲ ਨੂੰ ਜੱਫ਼ੀ ਪਾਉਣ ਅਤੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਤਾਰੀਫ਼ ਕਰਨ ਤੋਂ ਬਾਅਦ ਸਿੱਧੂ ਦੀ ਪੰਜਾਬ ਤੋਂ ਬਾਹਰ ਖਾਸ ਕਰਕੇ ਹਿੰਦੀ ਭਾਸ਼ੀ ਖੇਤਰਾਂ ਵਿਚ ਕਾਫ਼ੀ ਨੁਕਤਾਚੀਨੀ ਹੋਈ। ਇੱਥੋਂ ਤੱਕ ਕਿ ਉਨ੍ਹਾਂ ਲਈ 'ਗਦਾਰ' ਸ਼ਬਦ ਦੀ ਵਰਤੋਂ ਵੀ ਕੀਤੀ ਗਈ। ਹਾਲਾਂਕਿ ਆਮ ਸਿੱਖ ਇਸ ਆਲੋਚਨਾ ਨਾਲ ਸਹਿਮਤ ਨਹੀਂ ਵਿਖਾਈ ਦਿੱਤੇ। ਕ੍ਰਿਕਟ ਅਤੇ ਟੀਵੀ ਦੀ ਦੁਨੀਆ ਦੇ ਵੀ ਸਟਾਰ ਸਿੱਧੂ ਜਦੋਂ ਕਦੇ ਕ੍ਰਿਕਟ ਪਿੱਚ 'ਤੇ ਖੇਡਣ ਲਈ ਉਤਰਦੇ ਸਨ, ਉਨ੍ਹਾਂ ਨੂੰ ਰਾਸ਼ਟਰੀ ਮਾਣ ਨਾਲ ਜੋੜ ਕੇ ਵੇਖਿਆ ਜਾਂਦਾ ਸੀ ਪਰ ਰਾਤੋ-ਰਾਤ ਉਹ ਕਈਆਂ ਲਈ ਖਲਨਾਇਕ ਕਿਵੇਂ ਬਣ ਗਏ ?

ਪੰਜਾਬ ਵਿਚ, ਅਕਾਲੀ ਦਲ ਨੇ ਸਿੱਧੂ ਦੀ ਆਲੋਚਨਾ ਕੀਤੀ ਜਦਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸਿੱਧੂ ਅਜਿਹਾ ਨਾ ਕਰਦੇ ਤਾਂ ਠੀਕ ਹੁੰਦਾ। ਵਧੇਰੇ ਪੰਜਾਬੀਆਂ ਦਾ ਮੰਨਣਾ ਸੀ ਕਿ ਨਵਜੋਤ ਸਿੰਘ ਸਿੱਧੂ ਦੀ ਆਲੋਚਨਾ ਤੇ ਕਰਤਾਰਪੁਰ ਲਾਂਘੇ ਬਾਰੇ ਸਿਆਸਤ ਪੰਜ ਸੂਬਿਆਂ ਵਿਚ ਹੋ ਰਹੀਆਂ ਵਿਧਾਨ ਸਭਾ ਚੋਣਾਂ ਅਤੇ ਆਉਣ ਵਾਲੀਆਂ ਆਮ ਚੋਣਾਂ ਨੂੰ ਧਿਆਨ ਵਿਚ ਰੱਖ ਕੇ ਕੀਤੀ ਗਈ ਹੈ।

ਸਿਆਸੀ ਮਾਹਿਰ ਡਾਕਟਰ ਗੁਰਵਿੰਦਰ ਸਿੰਘ ਕੈਨੇਡਾ ਆਖਦੇ ਹਨ, ਕਿ "ਉਸ ਨੇ ਆਪਣੇ ਯਾਰ ਇਮਰਾਨ ਖ਼ਾਨ ਦੀ ਮਦਦ ਨਾਲ, ਕਰਤਾਰਪੁਰ ਲਾਂਘਾ ਖੁੱਲ੍ਹਵਾਉਣ ਦਾ ਕਮਾਲ ਕਰ ਵਿਖਾਇਆ ਹੈ। ਅਕਾਲੀਆਂ ਵੱਲੋਂ ਕੀਤੀ ਗਈ ਨਿੰਦਾ ਨੇ ਅਸਲ ਵਿਚ ਸਿੱਧੂ ਦੀ ਮਦਦ ਹੀ ਕੀਤੀ ਹੈ। ਬਹੁਤ ਸਾਰੇ ਪੰਜਾਬੀ ਅਕਾਲੀਆਂ ਨਾਲ ਇਸ ਮੁੱਦੇ 'ਤੇ ਸਹਿਮਤ ਨਹੀਂ ਸਨ। ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਅਤੇ ਸੂਬੇ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਸਿੱਧੂ ਲਈ 'ਗਦਾਰ' ਵਰਗੇ ਸ਼ਬਦਾਂ ਦੀ ਵਰਤੋਂ ਨਾਲ ਵੱਡੀ ਗਿਣਤੀ ਸਿੱਖ ਸਹਿਮਤ ਨਹੀਂ ਹਨ। ਸ਼ੋਸ਼ਲ ਮੀਡੀਆ ਤੇ ਇਸ ਕਾਰਨ ਬਾਦਲ ਪਰਿਵਾਰ ਦੀ ਸਖਤ ਆਲੋਚਨਾ ਹੋ ਰਹੀ ਹੈ।"

ਬਾਅਦ ਵਿਚ ਨਵਜੋਤ ਸਿੰਘ ਸਿੱਧੂ ਅਤੇ ਪਾਕਿਸਤਾਨ ਦੇ ਫੌਜ ਮੁਖੀ ਦੀ ਮੌਜੂਦਗੀ ਵਿਚ ਹਰਸਿਮਰਤ ਕੌਰ ਬਾਦਲ ਅਤੇ ਕੇਂਦਰੀ ਮੰਤਰੀ ਹਰਦੀਪ ਪੁਰੀ ਕਰਤਾਰਪੁਰ ਲਾਂਘੇ ਦੇ ਨੀਂਹ ਪੱਥਰ ਸਮਾਗਮ ਵਿਚ ਸ਼ਾਮਲ ਹੋਣ ਲਈ ਪਾਕਿਸਤਾਨ ਪਹੁੰਚੇ, ਜਿਸ ਦਾ ਸ਼ੋਸ਼ਲ ਮੀਡੀਆ ਉਤੇ ਸਿੱਖਾਂ ਵਲੋਂ ਕਾਫ਼ੀ ਮਖੌਲ ਵੀ ਉਡਾਇਆ ਗਿਆ।

ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਆਖਦੇ ਹਨ ਕਿ ਸਿੱਧੂ ਦਾ ਕਾਰਜ ਕਰਤਾਰਪੁਰ ਲਾਂਘੇ ਬਾਰੇ ਇਤਿਹਾਸਕ ਹੈ ਤੇ ਬਾਦਲ ਪਰਿਵਾਰ ਇਸ ਮੁੱਦੇ ਬਾਰੇ ਪੰਥ ਵਿਰੋਧੀ ਰੋਲ ਨਿਭਾ ਰਿਹਾ ਹੈ।ਸਿੱਧੂ ਅਪਣੀ ਧੁਨ ਦਾ ਪੱਕਾ ਰਿਹਾ। ਉਹ ਕੇਂਦਰੀ ਵਜ਼ੀਰ ਖ਼ਾਸ ਕਰ ਕੇ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੂੰ ਮਿਲਦਾ ਰਿਹਾ ਅਤੇ ਇਸ ਲਾਂਘੇ ਦੀ ਪੈਰਵੀ ਕਰਦਾ ਰਿਹਾ। ਅੱਜ ਜਦੋਂ ਇਹ ਲਾਂਘਾ ਖੁੱਲ੍ਹ ਰਿਹਾ ਹੈ ਤਾਂ ਇਸ ਦਾ ਸਿਹਰਾ



ਲੈਣ ਲਈ ਬਾਦਲਕੇ ਦੌੜ ਵਿਚ ਸ਼ਾਮਲ ਹੋ ਗਏ ਹਨ ਜੋ ਕਿ ਪਾਕਿਸਤਾਨ ਤੇ ਨਵਜੋਤ ਸਿੰਘ ਨੂੰ ਬੁਰਾ ਭਲਾ ਕਹਿੰਦੇ ਨਹੀਂ ਸਨ ਥੱਕਦੇ।ਕਿਹਾ ਜਾ ਸਕਦਾ ਹੈ ਕਿ ਇਮਰਾਨ ਖ਼ਾਨ ਅਤੇ ਨਵਜੋਤ ਸਿੱਧੂ ਵਿਚ ਕ੍ਰਿਕਟ ਖੇਡਦਿਆਂ ਬਣੀ ਸਹਿਜ ਸੁਭਾਅ ਦੋਸਤੀ ਨੇ ਭਾਰਤ ਅਤੇ ਪਾਕਿਸਤਾਨ ਦੋ ਮੁਲਕਾਂ ਵਿਚ ਇਕ ਵਾਰੀ ਫਿਰ ਦੋਸਤੀ ਦਾ ਰਾਹ ਖੋਲ੍ਹ ਦਿੱਤਾ ਹੈ। ਲੋੜ ਇਸ ਦੋਸਤੀ ਦੇ ਪੁਲ ਦੀ ਸਲਾਮਤੀ ਨੂੰ ਬਰਕਰਾਰ ਰੱਖਣ ਦੀ ਹੈ। ਉਂਜ ਗੁਰਦਵਾਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਲਈ ਇਹ ਯਤਨ ਕੋਈ ਨਵੇਂ ਨਹੀਂ, ਸਗੋਂ ਬਹੁਤ ਜ਼ਿਆਦਾ ਪੁਰਾਣੇ ਹਨ। ਪੰਜਾਬ ਦੇ ਪ੍ਰਸਿੱਧ ਅਕਾਲੀ ਲੀਡਰ ਜਥੇ. ਕੁਲਦੀਪ ਸਿੰਘ ਵਡਾਲਾ ਪਿਛਲੇ 18 ਸਾਲਾਂ ਤੋਂ ਸਮੇਂ-ਸਮੇਂ ਉਤੇ ਆਪਣੇ ਜਥੇ ਨਾਲ ਡੇਰਾ ਬਾਬਾ ਨਾਨਕ ਸਾਹਿਬ ਵਾਲੇ ਪਾਸੇ ਆ ਕੇ ਅਰਦਾਸ ਕਰਦੇ ਰਹੇ ਹਨ।ਹਾਲ ਦੀ ਘੜੀ ਦੋਹਾਂ ਦੇਸ਼ਾਂ ਵਿਚ ਆਪਸੀ ਰਿਸ਼ਤਿਆਂ ਦੀ ਇਕ ਨਵੀਂ ਦਾਸਤਾਨ ਸ਼ੁਰੂ ਹੋਈ ਹੈ ਅਤੇ ਦੋਵੇਂ ਇਸ ਨੂੰ ਨਿਭਾਉਣ ਦਾ ਯਤਨ ਕਰਨਗੇ। ਇਕ ਗੱਲ ਤਾਂ ਸਾਫ਼ ਹੈ ਕਿ ਪਾਕਿਸਤਾਨ ਦੇ ਵਜ਼ੀਰ-ਏ-ਆਜ਼ਮ ਇਮਰਾਨ ਖ਼ਾਨ ਨੇ ਆਪਣੇ ਪੁਰਾਣੇ ਕ੍ਰਿਕਟ ਦੇ ਸਾਥੀ ਅਤੇ ਦੋਸਤ ਨੂੰ ਮੈਸੇਂਜਰ ਚੁਣ ਕੇ ਆਪਣਾ ਸਿਆਸੀ ਕਾਰਡ ਬਹੁਤ ਚੰਗੀ ਤਰ੍ਹਾਂ ਖੇਡਿਆ ਹੈ। ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ 'ਤੇ ਕਰਤਾਰਪੁਰ ਲਾਂਘਾ ਖੋਲ੍ਹਣ ਦੀ ਮੰਗ 'ਤੇ ਭਾਰਤ ਸਰਕਾਰ ਨੂੰ ਪਹਿਲਕਦਮੀ ਕਰਨੀ ਚਾਹੀਦੀ ਸੀ ਪਰ ਲਾਂਘੇ ਨੂੰ ਖੋਲ੍ਹਣ ਦਾ ਜਿਸ ਤਰ੍ਹਾਂ ਪਾਕਿਸਤਾਨ ਵੱਲੋਂ ਐਲਾਨ ਕੀਤਾ ਗਿਆ, ਭਾਰਤ ਸਰਕਾਰ ਲਈ ਇਹ ਇੱਕ ਅਚੰਭਾ ਸੀ।ਇਸ ਸਾਰੇ ਘਟਨਾਕ੍ਰਮ ਦੌਰਾਨ ਇਮਰਾਨ ਖ਼ਾਨ ਨੂੰ ਸਿੱਖਾਂ ਨੇ ਜਿੱਥੇ ਇੱਕ ਖੁੱਲ੍ਹੇ ਦਿਲ ਵਾਲੇ ਦੇ ਤੌਰ 'ਤੇ ਦੇਖਿਆ ਉੱਥੇ ਧਰਮ ਸੰਕਟ ਵਿਚ ਫਸੀ ਭਾਰਤ ਸਰਕਾਰ ਦੀ ਇਹ ਮੰਗ ਬਿਨਾ ਇੱਛਾ ਤੋਂ ਮਨਜ਼ੂਰੀ ਦਿੰਦੀ ਨਜ਼ਰ ਆਈ।ਕਰਤਾਰਪੁਰ ਲਾਂਘੇ ਦਾ ਨੀਂਹ ਪੱਥਰ ਦੋਵਾਂ ਦੇਸ਼ਾਂ ਵਿਚਾਲੇ ਇਕ ਨਵੇਂ ਰਿਸ਼ਤੇ ਦੀ ਸ਼ੁਰੂਆਤ ਕਰਨ ਦਾ ਮੌਕਾ ਸੀ। ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਮੀਡੀਆ ਨੂੰ ਕਿਹਾ, "ਭਾਰਤ ਸਰਕਾਰ ਵੱਲੋਂ ਪਿਛਲੇ 20 ਸਾਲਾਂ ਤੋਂ ਕਰਤਾਪੁਰ ਲਾਂਘੇ ਬਾਰੇ ਮੰਗ ਕੀਤੀ ਜਾ ਰਹੀ ਹੈ ਪਰ ਇਹ ਪਹਿਲੀ ਵਾਰ ਹੈ ਜਦੋਂ ਪਾਕਿਸਤਾਨ ਨੇ ਸਕਾਰਾਤਮਕ ਜਵਾਬ ਦਿੱਤਾ ਹੈ।"

ਸੁਸ਼ਮਾ ਸਵਰਾਜ ਜੀ ਨੇ ਕਿਹਾ ਕਿ ਕਰਤਾਪੁਰ ਲਾਂਘੇ ਦੀ ਉਸਾਰੀ ਦੇ ਨੀਂਹ ਪੱਥਰ ਦਾ ਇਹ ਕਤਈ ਮਤਲਬ ਨਹੀਂ ਹੈ ਕਿ ਭਾਰਤ-ਪਾਕਿਸਤਾਨ ਦੁਵੱਲੀ ਗੱਲਬਾਤ ਸ਼ੁਰੂ ਹੋ ਜਾਵੇਗੀ। ਅੱਤਵਾਦ ਅਤੇ ਗੱਲਬਾਤ ਇਕੱਠੀ ਨਹੀਂ ਚੱਲ ਸਕਦੀ।ਉਨ੍ਹਾਂ ਦਾ ਇਹ ਬਿਆਨ ਉਸ ਵੇਲੇ ਆਇਆ ਜਦੋਂ ਕਰਤਾਰਪੁਰ ਲਾਂਘੇ ਦਾ ਨੀਂਹ ਪੱਥਰ ਸਮਾਰੋਹ ਚੱਲ ਰਿਹਾ ਸੀ। ਪੰਜਾਬੀ ਸੋਸ਼ਲ ਮੀਡੀਆ ਯੂਜ਼ਰਜ਼ ਇਸ ਗੱਲ 'ਤੇ ਇਤਰਾਜ਼ ਕਰ ਰਹੇ ਸਨ ਕਿ ਜਿਸ ਮੌਕੇ ਦੀ ਉਡੀਕ ਪੰਜਾਬੀ ਕਈ ਦਹਾਕਿਆਂ ਤੋਂ ਕਰ ਰਹੇ ਸੀ, ਉਸ 'ਤੇ ਭਾਜਪਾ ਸਰਕਾਰ ਵਲੋਂ ਸਿਆਸਤ ਹੋ ਰਹੀ ਹੈ।ਸਿੱਖਾਂ ਦੀ ਖ਼ੁਸ਼ੀ ਦੇ ਮੌਕੇ ਰਸਮੀ 'ਵਧਾਈ' ਦੇਣ ਵਾਲੇ ਵੀ ਉਂਗਲਾਂ ਉਤੇ ਗਿਣੇ ਜਾਣ ਵਾਲੇ ਹੀ ਹੋਣਗੇ। ਸਿੱਧੂ ਵਿਰੁਧ ਵੀ ਗੁੱਸਾ ਇਸ ਗੱਲ ਦਾ ਹੀ ਹੈ ਕਿ ਉਸ ਨੇ ਸਿੱਖਾਂ ਦੀ ਝੋਲੀ ਵਿਚ, ਚਿਰਾਂ ਤੋਂ ਰੁੱਸੀ ਖ਼ੁਸ਼ੀ ਕਿਉਂ ਲਿਆ ਪਾਈ ? ਜੇ ਸਿੱਧੂ ਤੇ ਇਮਰਾਨ ਦੋ ਦੋਸਤਾਂ ਦੀ ਯਾਰੀ ਕੰਮ ਨਾ ਕਰਦੀ ਤਾਂ ਲਾਂਘਾ ਉਥੇ ਹੀ ਪਿਆ ਰਹਿੰਦਾ ਜਿਥੇ 71 ਸਾਲ ਤੋਂ ਪਿਆ ਸੀ। ਗੁਰੂ ਬਾਬੇ ਨਾਨਕ ਦੇ 500 ਸਾਲਾ ਪੁਰਬ ਉਤੇ ਵੀ ਲਾਂਘਾ ਖੋਲ੍ਹਣ ਦੀ ਗੱਲ ਚੱਲੀ ਸੀ ਪਰ ਸਿੱਧੂ ਤੇ ਇਮਰਾਨ ਉਦੋਂ ਨਹੀਂ ਸਨ, ਇਸ ਲਈ ਕੁਝ ਨਾ ਬਣ ਸਕਿਆ। ਸੰਨ 1999 ਵਿਚ ਵੀ ਗੱਲ ਸ਼ੁਰੂ ਹੋਈ ਸੀ ਪਰ ਉਥੇ ਹੀ ਦਬ ਕੇ ਰਹਿ ਗਈ ਸੀ।

## ਮੁਸਲਮਾਨ ਭਾਈਚਾਰੇ ਵੱਲੋਂ ਕਰਤਾਰਪੁਰ ਕੋਰੀਡੋਰ ਸੰਬੰਧੀ ਸਿੱਖਾਂ ਨਾਲ ਸਾਂਝੀ ਪ੍ਰੈਸ ਮਿਲਣੀ

*ਭਾਰਤੀ ਮੀਡੀਆ ਦਾ ਨਾਂਹ-ਪੱਖੀ ਰਵੱਈਆ ਕਰਤਾਰਪੁਰ ਕੋਰੀਡੋਰ ਨੂੰ ਢਾਹ ਲਾਉਣ ਦਾ ਅਮਲ : ਡਾ. ਅਮਰਜੀਤ ਸਿੰਘ*

**ਨਿਊਯਾਰਕ/ਹੁਸਨ ਲੜੋਆ ਬੰਗਾ :**

'ਫੋਰਥ ਪਿੱਲਰ-ਵਿਜੀਲੈਂਟ ਮੀਡੀਆ ਵਾਚਡਾਗ' ਅਤੇ ਆਲ ਪਾਕਿਸਤਾਨੀ-ਅਮੈਰੀਕਨ ਕੋਲੀਸ਼ਨ ਵੱਲੋਂ ਪਿਛਲੇ ਦਿਨੀਂ ਕਰਤਾਰਪੁਰ ਸਾਹਿਬ ਕੋਰੀਡੋਰ ਦਾ ਨੀਂਹ ਪੱਥਰ ਰੱਖੇ ਜਾਣ ਦੀ ਖ਼ੁਸ਼ੀ ਅਤੇ ਇਸ ਸਬੰਧੀ ਵੱਖ-ਵੱਖ ਪਹਿਲੂਆਂ ਉਤੇ ਵਿਚਾਰ ਚਰਚਾ ਕਰਨ ਲਈ ਸਥਾਨਕ 'ਟੇਸਟ ਆਫ ਲਾਹੌਰ' ਰੈਸਤਰਾਂ ਵਿਚ ਇਕ ਖਾਸ ਪ੍ਰੈਸ ਮਿਲਣੀ ਕੀਤੀ ਗਈ। ਇਸ ਵਿਚ ਪਾਕਿਸਤਾਨ ਦੇ ਪ੍ਰਮੁੱਖ ਅਖਬਾਰਾਂ ਅਤੇ ਟੀਵੀ ਚੈਨਲਾਂ ਦੇ ਨੁਮਾਇੰਦਿਆਂ ਨੇ ਸ਼ਮੂਲੀਅਤ ਕੀਤੀ। ਇਸ ਮਿਲਣੀ ਵਿਚ ਵਿਸ਼ੇਸ਼ ਤੌਰ ਉਤੇ ਖਾਲਿਸਤਾਨ ਅਫੇਅਰਜ਼ ਸੈਂਟਰ ਦੇ ਸੰਚਾਲਕ ਡਾ. ਅਮਰਜੀਤ ਸਿੰਘ ਦੀ ਅਗਵਾਈ ਹੇਠ ਸਿੱਖ ਵਫਦ ਨੇ



ਹਿੱਸਾ ਲਿਆ ਅਤੇ ਪਾਕਿਸਤਾਨੀ ਅਵਾਮ ਤੇ ਹਕੂਮਤ ਦਾ ਕਰਤਾਰਪੁਰ ਕੋਰੀਡੋਰ ਲਈ ਲਏ ਫੈਸਲੇ ਬਾਰੇ ਧੰਨਵਾਦ ਕੀਤਾ। ਮੀਡੀਆ ਵਾਚਡਾਗ ਦੇ ਆਗੂਆਂ (ਫਾਰੂਕ ਮਿਰਜ਼ਾ, ਸ਼ੇਖ ਤੌਕੀਰ, ਜੇਮਜ਼ ਕੈਪਰੀਅਨ, ਮੁਹੰਮਦ ਹੁਸੈਨ ਅਤੇ ਮਨਜ਼ੂਰ ਹੁਸੈਨ) ਨੇ ਜਿੱਥੇ ਕਰਤਾਰਪੁਰ ਕੋਰੀਡੋਰ

ਬਾਕੀ ਸਫ਼ਾ 29 'ਤੇ

ਅੰਮ੍ਰਿਤਸਰ ਟਾਈਮਜ਼ AMRITSAR TIMES

12 ਦਸੰਬਰ 2018 ਤੋਂ 18 ਦਸੰਬਰ 2018

## ਮਨੁੱਖੀ ਅਧਿਕਾਰਾਂ ਦੀ ਬਾਤ

**-ਮਨਜੀਤ ਸਿੰਘ ਟਿਵਾਣਾ**

ਸੰਸਾਰ ਦੀ ਸਭ ਤੋਂ ਵੱਡੀ ਸਾਂਝੀ ਸੰਸਥਾ ਸੰਯੁਕਤ ਰਾਸ਼ਟਰ ਸੰਘ (ਯੂਐਨਓ) ਵੱਲੋਂ 10 ਦਸੰਬਰ 1948 ਨੂੰ ਮਨੁੱਖੀ ਅਧਿਕਾਰਾਂ ਬਾਰੇ ਐਲਾਨਨਾਮਾ ਪਾਸ ਕੀਤਾ ਗਿਆ ਸੀ। ਉਦੋਂ ਤੋਂ ਹੀ ਇਸ ਦਿਨ ਨੂੰ ਵਿਸ਼ਵ ਪੱਧਰ ਉਤੇ ਕੌਮਾਂਤਰੀ ਮਨੁੱਖੀ ਅਧਿਕਾਰ ਦਿਹਾੜੇ ਦੇ ਤੌਰ 'ਤੇ ਮਨਾਇਆ ਜਾਂਦਾ ਹੈ। ਇਹ ਐਲਾਨਨਾਮਾ ਇਸ ਧਰਤੀ ਉਤੇ ਪੈਦਾ ਹੋਏ ਮਨੁੱਖ ਨੂੰ ਜਨਮ ਤੋਂ ਹੀ ਆਜ਼ਾਦ ਹੋਣ ਦੇ ਹੱਕ ਦੀ ਜ਼ਾਮਨੀ ਭਰਦਾ ਹੈ। ਇਸ ਦੀ ਪਹਿਲੀ ਹੀ ਮਦ ਵਿਚ ਦਰਜ ਹੈ ਕਿ, "ਸਭ ਇਨਸਾਨ, ਜਨਮ ਤੋਂ ਆਜ਼ਾਦ, ਸਵੈਮਾਣ ਤੇ ਹੋਰ ਅਧਿਕਾਰਾਂ ਵਿਚ ਬਰਾਬਰ ਹਨ।"

ਇਸ ਐਲਾਨਨਾਮੇ ਵਿਚ ਜੋ ਸਮਾਜਿਕ, ਸਿਆਸੀ ਅਤੇ ਆਰਥਿਕ ਅਧਿਕਾਰ ਸ਼ਾਮਿਲ ਕੀਤੇ ਗਏ ਸਨ, ਉਨ੍ਹਾਂ ਬਾਰੇ ਕੁਝ ਮੱਤਭੇਦ ਹੋਣ ਕਾਰਨ ਯੂਐਨਓ ਵੱਲੋਂ ਸੰਨ 1966 ਵਿਚ ਦੋ ਪ੍ਰਣ ਪੱਤਰ ਤਿਆਰ ਕੀਤੇ ਗਏ। ਪਹਿਲਾ ਪ੍ਰਣ ਪੱਤਰ ਮਨੁੱਖੀ ਬਰਾਬਰੀ ਅਤੇ ਸਮਾਜਿਕ ਇਨਸਾਫ ਦੇ ਸਿਧਾਂਤ ਦੀ ਗੱਲ ਕਰਦਿਆਂ ਸਮਾਜਿਕ, ਰਾਜਨੀਤਿਕ ਅਤੇ ਸੱਭਿਆਚਾਰਕ ਹੱਕਾਂ ਦੀ ਜ਼ਾਮਨੀ ਭਰਦਾ ਹੈ। ਇਨ੍ਹਾਂ ਵਿਚ ਭੋਜਨ, ਕੱਪੜੇ, ਘਰ, ਸਿੱਖਿਆ, ਸਿਹਤ, ਰੁਜ਼ਗਾਰ ਤੇ ਵਾਜਿਬ ਮਜ਼ਦੂਰੀ ਸ਼ਾਮਲ ਹਨ। ਦੂਜੇ ਪ੍ਰਣ ਪੱਤਰ ਵਿਚ ਸਿਵਲ ਅਤੇ ਰਾਜਨੀਤਿਕ ਹੱਕ ਲਏ ਗਏ ਹਨ ਜਿਵੇਂ ਕਿ ਜਿਊਣ ਦਾ ਅਧਿਕਾਰ, ਵਿਚਾਰ ਪ੍ਰਗਟਾਉਣ ਦੀ ਆਜ਼ਾਦੀ, ਧਾਰਮਿਕ ਆਜ਼ਾਦੀ ਸਮੇਤ ਇਨਸਾਫ ਦੇ ਬਰਾਬਰ ਮੌਕੇ ਮਿਲਣਾ ਆਦਿ। ਮਨੁੱਖੀ ਅਧਿਕਾਰਾਂ ਦੇ ਇਸ ਸਰਵਵਿਆਪੀ ਐਲਾਨਨਾਮੇ ਉਤੇ ਭਾਰਤ ਸਮੇਤ ਦੁਨੀਆ ਦੇ ਲਗਭੱਗ ਸਾਰੇ ਦੇਸ਼ ਸਹੀ ਪਾ ਚੁੱਕੇ ਹਨ।

ਇਸ ਐਲਾਨਨਾਮੇ ਦੇ ਪਾਸ ਹੋਣ ਤੋਂ ਲਗਭੱਗ ੬੮ ਸਾਲ ਬਾਅਦ ਜੇਕਰ ਸੰਸਾਰ ਵਿਚ ਮਨੁੱਖੀ ਅਧਿਕਾਰਾਂ ਦੀ ਹਾਲਤ ਉਤੇ ਗੌਰ ਕੀਤੀ ਜਾਵੇ, ਤਾਂ ਬਹੁਤ ਹੀ ਅਫਸੋਸ ਨਾਲ ਕਿਹਾ ਜਾ ਸਕਦਾ ਹੈ ਕਿ ਅਜੇ ਵੀ "ਸਕਤੇ ਦਾ ਸੱਤੀਂ-ਵੀਹੀਂ ਸੌ" ਹੀ ਗਿਣਿਆਂ ਜਾ ਰਿਹਾ ਹੈ। ਸੰਸਾਰ ਪੱਧਰ ਉਤੇ ਵੀ ਅਤੇ ਵੱਖ-ਵੱਖ ਦੇਸ਼ਾਂ ਦੇ ਪੱਧਰ ਉਤੇ ਵੀ ਸੱਤਾ ਦੀ ਮਾਲਕੀ, ਜਨ-ਸੰਖਿਆਂ ਗਿਣਤੀ ਜਾਂ ਆਰਥਿਕ ਅਸਾਸਿਆਂ ਦੇ ਪੱਖ ਤੋਂ ਤਕੜੀਆਂ ਧਿਰਾਂ ਵੱਲੋਂ ਘੱਟ ਗਿਣਤੀਆਂ, ਗਰੀਬਾਂ ਤੇ ਮਜ਼ਲੂਮਾਂ ਦਾ ਵੱਖ-ਵੱਖ ਪੱਖਾਂ ਤੋਂ ਸ਼ੋਸ਼ਣ ਕੀਤਾ ਜਾਣਾ ਬ-ਦਸਤੂਰ ਜਾਰੀ ਹੈ। ਯੂਐਨਓ ਦੇ ਮਨੁੱਖੀ ਅਧਿਕਾਰਾਂ ਬਾਰੇ ਐਲਾਨਨਾਮੇ ਦੇ ਲਾਗੂ ਹੋਣ ਤੋਂ ਪੌਣੀ ਸਦੀ ਬਾਅਦ ਤਕ ਵੀ ਮਨੁੱਖੀ ਅਧਿਕਾਰਾਂ ਦੀ ਕੋਈ ਕਦਰ ਨਹੀਂ ਹੋ ਰਹੀ ਹੈ। ਇਨ੍ਹਾਂ ਦੀਆਂ ਘੋਰ ਉਲੰਘਣਾਵਾਂ ਦੇ ਬਾਵਜੂਦ ਵਿਸ਼ਵ ਭਾਈਚਾਰੇ ਵੱਲੋਂ ਟਾਵੇਂ-ਟਾਵੇਂ ਯਤਨ ਹੀ ਸਾਹਮਣੇ ਆਏ ਹਨ। ਇਥੇ ਵੀ ਸਗੋਂ ਮਨੁੱਖੀ ਅਧਿਕਾਰਾਂ ਦੇ ਹਨਨ ਨੂੰ ਰੋਕਣ ਦੇ ਨਾਮ ਉਤੇ ਵਿਸ਼ਵ ਦੀਆਂ ਵੱਡੀਆਂ ਤਾਕਤਾਂ ਦੇ ਦੋਹਰੇ ਮਾਪਦੰਡ ਹੀ ਸਾਹਮਣੇ ਆ ਰਹੇ ਹਨ। ਅਮਰੀਕਾ ਅਤੇ ਉਸ ਦੇ ਸਾਥੀ ਮੁਲਕਾਂ ਦੀਆਂ ਫੌਜਾਂ ਵੱਲੋਂ ਪਿਛਲੇ ਦਹਾਕਿਆਂ ਦੌਰਾਨ ਅਰਬ ਮੁਲਕਾਂ ਵਿਚ ਮਨੁੱਖੀ ਹੱਕਾਂ ਦਾ ਜੋ ਘਾਣ ਕੀਤਾ ਗਿਆ ਹੈ, ਉਸ ਦੀਆਂ ਕਿੰਨੀਆਂ ਹੀ ਰਿਪੋਰਟਾਂ ਨਸ਼ਰ ਹੋ ਚੁੱਕੀਆਂ ਹਨ। ਜਿਨ੍ਹਾਂ ਤਾਕਤਾਂ ਨੇ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨੀ ਹੁੰਦੀ ਹੈ, ਉਹ ਹੀ ਮਨੁੱਖੀ ਅਧਿਕਾਰਾਂ ਦਾ ਹਨਨ ਕਰਨ, ਤਾਂ ਫਿਰ ਪੀੜਤ ਧਿਰਾਂ ਨੂੰ ਇਨਸਾਫ ਕਿੱਥੋਂ ਮਿਲਣਾ ਹੋਇਆ। ਰੂਸ ਤੇ ਚੀਨ ਵਰਗੀਆਂ ਵੱਡੀਆਂ ਤਾਕਤਾਂ ਦਾ ਦਾਮਨ ਵੀ ਇਸ ਮਾਮਲੇ ਵਿਚ ਬੇਦੋਸ਼ਿਆਂ ਦੇ ਲਹੂ ਨਾਲ ਰੰਗਿਆਂ ਹੀ ਮਿਲਦਾ ਹੈ।

ਜੇ ਮਨੁੱਖੀ ਅਧਿਕਾਰਾਂ ਦੇ ਮਾਮਲੇ ਵਿਚ ਭਾਰਤ ਦੀ ਗੱਲ ਕਰੀਏ ਤਾਂ ਧਰਮ ਨਿਰਪੱਖਤਾ ਤੇ ਸਭ ਲਈ ਬਰਾਬਰੀ ਦੀਆਂ ਟਾਹਰਾਂ ਮਾਰਨ ਵਾਲੇ ਇਸ ਦੇਸ਼ ਦਾ ਰਿਕਾਰਡ ਤਾਂ ਬਹੁਤ ਹੀ ਮਾੜਾ ਹੈ। ਉਂਝ ਕਹਿਣ ਨੂੰ ਭਾਰਤੀ ਸਰਕਾਰਾਂ, ਰਾਜਨੇਤਾ ਤੇ ਪ੍ਰਸ਼ਾਸਨਿਕ ਮਸ਼ੀਨਰੀ ਜਿੰਨੀਆਂ ਮਰਜ਼ੀ ਡੀਂਗਾਂ ਮਾਰੀ ਜਾਵੇ ਤੇ ਮਨੁੱਖੀ ਅਧਿਕਾਰ ਦਿਹਾੜੇ ਮਨਾਉਂਦੇ ਰਹਿਣ ਪਰ ਅਮਲ ਵਿਚ ਇਥੇ ਜ਼ੁਲਮ ਤੇ ਜਬਰ ਦਾ ਬੋਲਬਾਲਾ ਹੈ। ਮਾਨਵੀ ਅਧਿਕਾਰਾਂ ਦੇ ਚੰਗੇ ਹੋਣ ਦੇ ਨੁਕਤਾ-ਨਿਗਾਹ ਤੋਂ ਭਾਰਤ ਦੁਨੀਆ ਭਰ ਵਿਚ 145ਵੇਂ ਸਥਾਨ ਉਤੇ ਆਉਂਦਾ ਹੈ। ਮਨੁੱਖੀ ਅਧਿਕਾਰਾਂ ਬਾਰੇ ਸੰਸਥਾ ਏਸ਼ੀਅਨ ਸੈਂਟਰ ਅਨੁਸਾਰ ਇਥੇ ਔਸਤਨ ਹਰ ਰੋਜ਼ ਪੁਲਿਸੀਆ ਹਿਰਾਸਤ ਵਿਚ ਚਾਰ ਲੋਕਾਂ ਦੀ ਮੌਤ ਹੋ ਜਾਂਦੀ ਹੈ। ਇਥੇ ਬੰਧੂਆ ਮਜ਼ਦੂਰੀ ਚੱਲਦੀ ਹੈ, ਜੋ ਮੱਧ ਯੁੱਗ ਦੀ ਦਾਸ ਪ੍ਰਥਾ ਦਾ ਹੀ ਰੂਪ ਹੈ। ਮਨੁੱਖੀ ਤਸਕਰੀ ਨਾਲ ਸਬੰਧਤ 8 ਮਿਲੀਅਨ ਡਾਲਰ ਦਾ ਵਪਾਰ ਚਲਦਾ ਹੈ। ਧਾਰਮਿਕ ਆਜ਼ਾਦੀ ਤਾਂ ਸਿਰਫ ਸੰਵਿਧਾਨ ਵਿਚ ਲਿਖੀ ਹੋਈ ਹੀ ਰਹਿ ਗਈ ਹੈ। ਸ਼ਰੇਆਮ ਦੇਸ਼ ਨੂੰ "ਹਿੰਦੂ-ਰਾਸ਼ਟਰ" ਬਣਾਉਣ ਦੇ ਨਾਅਰੇ ਲਗਾਏ ਜਾ ਰਹੇ ਹਨ।

ਇਸ ਦੇਸ਼ ਵਿਚ ਸਮੇਂ-ਸਮੇਂ ਉਤੇ ਸਿੱਖਾਂ, ਮੁਸਲਮਾਨਾਂ, ਇਸਾਈਆਂ, ਬੋਧੀਆਂ, ਦਲਿਤਾਂ ਤੇ ਹੋਰ ਧਾਰਮਿਕ ਤੇ ਭਾਸ਼ਾਈ ਘੱਟ ਗਿਣਤੀਆਂ ਨੂੰ ਗਿਣ-ਮਿੱਥ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਨਵੰਬਰ-੧੯੮੪ ਵਿਚ ਦਿੱਲੀ ਸਮੇਤ ਦੇਸ਼ ਦੇ ਦੂਜੇ ਕਈ ਰਾਜਾਂ ਵਿਚ ਸਿੱਖਾਂ ਦਾ ਜੋ ਕਤਲੇਆਮ ਕੀਤਾ ਗਿਆ ਸੀ, ਉਸ ਦੇ ਜ਼ਖ਼ਮ ਨਿਆਂ ਨਾ ਮਿਲਣ ਕਾਰਨ ਅੱਜ ਵੀ ਰਿਸਦੇ ਹਨ। ਜਿਸ ਸਿੱਖ ਕੌਮ ਨੇ 85 ਫੀਸਦੀ ਕੁਰਬਾਨੀਆਂ ਦੇ ਕੇ ਇਸ ਮੁਲਕ ਨੂੰ ਆਜ਼ਾਦ ਕਰਵਾਇਆ ਸੀ, ਉਸ ਕੌਮ ਨੂੰ ਘੱਟ ਗਿਣਤੀ, ਧਰਮ, ਭਾਸ਼ਾ ਦੇ ਅਧਾਰ ਉਤੇ ਬਹੁਗਿਣਤੀ ਦੇ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਮੁਸਲਮਾਨਾਂ ਨਾਲ ਪੂਰੇ ਦੇਸ਼ ਵਿਚ ਦੂਜੇ ਦਰਜੇ ਦੇ ਸ਼ਹਿਰੀਆਂ ਵਰਗਾ ਵਰਤਾਉ ਕੀਤਾ ਜਾ ਰਿਹਾ ਹੈ। ਸਰਕਾਰਾਂ ਦੁਆਰਾ ਕਥਿਤ ਅੱਤਵਾਦ ਦੇ ਨਾਮ ਉਤੇ ਘੱਟ ਗਿਣਦੀਆਂ ਨੂੰ ਡੁੰਡਣ ਦੇ ਹਥਿਆਰ ਦੀ ਲਗਾਤਾਰ ਦੁਰਵਰਤੋਂ ਹੋ ਰਹੀ ਹੈ। ਇਸ ਤਰ੍ਹਾਂ ਇਕ ਮੁਕਾਮ ਉਤੇ ਆ ਕੇ ਕਈ ਵਾਰ ਮਨੁੱਖੀ ਅਧਿਕਾਰਾਂ ਦਾ ਮੁੱਦਾ ਵੀ ਕਿਸੇ ਵੱਡੀ-ਛੋਟੀ 'ਰਾਜਨੀਤਕ-ਖੇਡ' ਦਾ ਹੀ ਹਿੱਸਾ ਜਾਪਦਾ ਹੈ।

ਜੰਮੂ-ਕਸ਼ਮੀਰ ਵਿਚ ਦਹਾਕਿਆਂ ਤੋਂ ਮਨੁੱਖੀ ਅਧਿਕਾਰਾਂ ਦੀ ਦੁਰਗਤੀ ਹੋ ਰਹੀ ਹੈ। ਉਤਰ ਪੂਰਬ ਦੇ ਕਈ ਰਾਜਾਂ ਵਿਚ ਵੀ ਇਹੋ ਹਾਲਾਤ ਹਨ। ਭਾਰਤੀ ਸੰਵਿਧਾਨ ਵਲੋਂ ਦਿੱਤੇ ਗਏ ਮਾਨਵੀ ਅਧਿਕਾਰਾਂ ਨੂੰ ਖੋਹਣ ਦਾ ਪ੍ਰਬੰਧ ਵੀ ਭਾਰਤੀ ਸੰਵਿਧਾਨ ਅੰਦਰ ਹੀ ਬਾਖ਼ੂਬੀ ਕੀਤਾ ਗਿਆ ਹੈ ਤੇ ਕੀਤਾ ਜਾ ਰਿਹਾ ਹੈ। ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਬਣੀਆਂ ਬਹੁਤੀਆਂ ਜਥੇਬੰਦੀਆਂ ਵੀ ਬੇਵੱਸ ਹੋ ਗਈਆਂ ਪ੍ਰਤੀਤ ਹੁੰਦੀਆਂ ਹਨ। ਭਾਰਤ ਵਿਚ ਵਧ ਰਹੇ ਹਜੂਮੀ ਕਤਲਾਂ ਨੂੰ ਸੱਤਾ ਦੀ ਪੁਸ਼ਤਪਨਾਹੀ ਦੇ ਕਾਰਨ ਘੱਟ ਗਿਣਤੀਆਂ, ਦਲਿਤਾਂ ਅਤੇ ਕਬਾਇਲੀਆਂ ਅੰਦਰ ਖਾਸ ਤੌਰ ਉਤੇ ਡਰ ਅਤੇ ਸਹਿਮ ਦਾ ਮਾਹੌਲ ਪੈਦਾ ਹੋ ਰਿਹਾ ਹੈ। ਅਜਿਹੇ ਹਾਲਾਤ ਦੇ ਬਾਵਜੂਦ ਯੂਐਨਓ ਦੇ ਮਨੁੱਖੀ ਅਧਿਕਾਰਾਂ ਦੇ ਚਾਰਟਰ ਨੂੰ ਹਰ ਥਾਂ ਉਤੇ ਸਹੀ ਰੂਪ ਵਿਚ ਲਾਗੂ ਕਰਵਾਉਣ ਦੀ ਲੜਾਈ ਜਾਰੀ ਹੈ। ਮਾੜੇ ਹਾਲਾਤ ਵਿਚ ਵੀ ਇਸ ਜੰਗ ਵਿਚ ਮਨੁੱਖਤਾ ਦੇ ਪਾਸੇ ਤੋਂ ਜੂਝ ਰਹੇ ਸਿਪਾਹੀਆਂ ਨੂੰ ਦਾਦ ਦੇਣੀ ਬਣਦੀ ਹੈ। ਆਸ ਕੀਤੀ ਜਾਣੀ ਚਾਹੀਦੀ ਹੈ ਕਿ ਦੇਰ-ਸਵੇਰ ਸਮੂਹ ਮਨੁੱਖਤਾ ਦੀ ਇਹ ਲੜਾਈ ਜ਼ਰੂਰ ਜਿੱਤੀ ਜਾਵੇਗੀ।

# ਨਵੰਬਰ-84 ਦੀ ਹਜੂਮੀ ਹਿੰਸਾ ਤੇ ਨਿਆਂ ਵੱਲ ਪੇਸ਼ਕਦਮੀ

**ਬਲਾਕ ਨੰਬਰ 30 ਅਤੇ 32 ਵਿਚ ਲੁਬਾਣਾ ਸਿੱਖ ਵੱਸਦੇ ਸਨ ਜਿਹੜੇ ਅਲਵਰ (ਰਾਜਸਥਾਨ) ਤੋਂ ਆਏ ਸਨ। ਪਹਿਲੀ ਨਵੰਬਰ ਨੂੰ ਕਾਂਗਰਸ ਆਗੂਆਂ ਦੀ ਅਗਵਾਈ ਵਾਲੇ ਹਜੂਮ ਨੇ ਇਨ੍ਹਾਂ ਉਪਰ ਹਮਲਾ ਕੀਤਾ ਸੀ। ਜਦੋਂ ਸਿੱਖ ਕਿਰਪਾਨਾਂ ਲੈ ਕੇ ਘਰਾਂ ਵਿਚੋਂ ਬਾਹਰ ਆਏ ਤਾਂ ਹਜੂਮ ਪਰਤ ਗਿਆ। ਇਸ ਦੌਰਾਨ ਐੱਸਐੱਚਓ ਦੀ ਅਗਵਾਈ ਹੇਠ ਪੁਲੀਸ ਟੀਮ ਮੌਕੇ 'ਤੇ ਆਈ ਅਤੇ ਸਿੱਖਾਂ ਨੂੰ ਆਪਣੇ ਘਰਾਂ ਵਿਚ ਪਰਤਣ ਲਈ ਇਹ ਭਰੋਸਾ ਦੇ ਕੇ ਮਨਾ ਲਿਆ ਕਿ ਉਨ੍ਹਾਂ ਦੀ ਹਰ ਹਾਲਤ ਸੁਰੱਖਿਆ ਕੀਤੀ ਜਾਵੇਗੀ। ਹਜੂਮ ਫਿਰ ਪਰਤ ਆਇਆ ਅਤੇ ਉਨ੍ਹਾਂ ਨੇ ਘਰਾਂ ਵਿਚੋਂ ਇਕੱਲੇ-ਇਕੱਲੇ ਸਿੱਖ ਨੂੰ ਕੱਢ ਕੇ ਮਾਰਨਾ ਸ਼ੁਰੂ ਕਰ ਦਿੱਤਾ। ਉੱਥੇ ਦੋ ਦਿਨਾਂ ਵਿਚ 400 ਸਿੱਖ ਮਾਰੇ ਜਾ ਚੁੱਕੇ ਸਨ। ਇਨ੍ਹਾਂ ਵਿਚੋਂ ਇਕ ਸਿੱਖ ਭੱਜ ਕੇ ਖੇਤਾਂ ਵਿਚ ਜਾ ਵੜਿਆ। ਉਹ ਆਪਣੇ ਨਾਲ ਕੈਂਚੀ ਲੈ ਗਿਆ ਸੀ। ਉਸ ਨੇ ਆਪਣੇ ਵਾਲ ਕੱਟੇ ਅਤੇ ਰਾਤ ਖੇਤਾਂ ਵਿਚ ਗੁਜ਼ਾਰੀ।**

**ਐਚਐਸ ਫੂਲਕਾ**

ਭਾਰਤੀ ਕਾਨੂੰਨ ਵਿਵਸਥਾ ਦੇ ਤਹਿਤ, ਕਿਸੇ ਵੀ ਪੀੜਤ ਨੂੰ ਅਪਰਾਧਿਕ ਮੁਕੱਦਮਿਆਂ ਵਿਚ ਨਿਆਂ ਹਾਸਲ ਕਰਨ ਲਈ ਪ੍ਰਸ਼ਾਸਨ, ਮੁਕੱਦਮੇ ਦੀ ਜਾਂਚ ਕਰਨ ਵਾਲਿਆਂ ਅਤੇ ਕੇਸ ਲੜਨ ਵਾਲੇ ਸਰਕਾਰੀ ਵਕੀਲਾਂ ਨੂੰ ਮਹਿਜ਼ ਸਹਿਯੋਗ ਕਰਨਾ ਹੁੰਦਾ ਹੈ ਪਰ ਜਦੋਂ ਸੰਨ 1984 ਦੇ ਸਿੱਖ ਕਤਲੇਆਮ ਦੇ ਕੇਸਾਂ ਦੀ ਵਾਰੀ ਆਈ, ਕਿਤੇ ਨਾ ਕਿਤੇ, ਪ੍ਰਸ਼ਾਸਨ ਦੀ ਪਹੁੰਚ ਬਦਲ ਗਈ। ਇਸ ਵੱਲੋਂ ਨਿਭਾਈ ਜਾਣ ਵਾਲੀ ਜ਼ਿੰਮੇਵਾਰੀ, ਭਾਵ ਸਬੂਤ ਜੁਟਾਉਣਾ ਅਤੇ ਮੁਕੱਦਮਿਆਂ ਵਿਚ ਇਨਸਾਫ਼ ਮਿਲਣਾ ਯਕੀਨੀ ਬਣਾਉਣਾ, ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਮੋਢਿਆਂ ਉਪਰ ਤਬਦੀਲ ਹੋ ਗਈ। ਕੀ ਸਿੱਖ ਕਤਲੇਆਮ ਲਈ ਜ਼ਿੰਮੇਵਾਰ ਲੋਕਾਂ ਨੂੰ ਸਜ਼ਾ ਦਿਵਾਉਣ ਦੀ ਅਸਫਲਤਾ, ਸਮਾਜ ਦੀ ਅਸਫਲਤਾ ਨਹੀਂ ਹੈ? ਕੀ ਕਾਨੂੰਨ ਦਾ ਸ਼ਿਕੰਜਾ ਅਪਰਾਧੀਆਂ ਦੀ ਧੌਣ ਤਕ ਪਹੁੰਚਾਉਣਾ ਜਿੱਤ ਨਹੀਂ ਹੈ?

ਦਿੱਲੀ ਹਾਈ ਕੋਰਟ ਦੇ ਜਸਟਿਸ ਆਰਕੇ. ਗਾਬਾ ਨੇ ਸੰਨ 1984 ਦੀ ਹਜੂਮੀ ਹਿੰਸਾ ਲਈ ਹੇਠਲੀ ਅਦਾਲਤ ਵੱਲੋਂ 88 ਦੋਸ਼ੀਆਂ ਨੂੰ ਐਲਾਨੀ ਹੋਈ ਪੰਜ-ਪੰਜ ਸਾਲ ਦੀ ਕੈਦ ਸਜ਼ਾ ਹੁਣੇ ਜਿਹੇ ਅਪਰਾਧੀਆਂ ਦੀਆਂ ਅਪੀਲਾਂ ਖਾਰਜ ਕਰਦਿਆਂ ਬਰਕਰਾਰ ਰੱਖੀ ਹੈ। ਜੱਜ ਨੇ ਫ਼ੈਸਲੇ ਵਿਚ ਲਿਖਿਆ ਹੈ, "ਅਜਿਹਾ ਮੁੜ ਨਾ ਵਾਪਰਨ ਬਾਰੇ ਇਕ ਨਜ਼ਰੀਆ ਇਹ ਹੈ ਕਿ ਮੁਲਕ ਦੇ ਇਤਿਹਾਸ ਦੇ ਅਜਿਹੇ ਕਾਲੇ ਅਧਿਆਏ ਜਿਹੜੇ ਸਦਾ ਸਾਡੇ ਸਾਹਵੇਂ ਰਹਿੰਦੇ ਹਨ ਤੇ ਸਿਵਿਲ ਸੁਸਾਇਟੀ ਵਿਚ ਵੀ ਆਮ ਕਰਕੇ ਸਾਹਮਣੇ ਆਉਂਦੇ ਰਹਿੰਦੇ ਹਨ, ਇਹ ਸਾਡੀਆਂ ਯਾਦਾਂ ਵਿਚੋਂ ਮੇਸਣੇ ਨਹੀਂ ਚਾਹੀਦੇ ਤਾਂ ਕਿ ਸਾਨੂੰ ਗਲੇ-ਸੜੇ ਨਿਜ਼ਾਮ ਦਾ ਸ਼ੀਸ਼ਾ ਦਿਸਦਾ ਰਹੇ।" ਇਹ ਚਿਤਾਵਨੀ ਸਾਡੇ ਮੁਲਕ ਵਿਚ ਬਹੁਤ ਮਹੱਤਵ ਰੱਖਦੀ ਹੈ, ਜਿੱਥੇ ਸੰਨ 1984 ਵਿਚ ਨਿਰਦੋਸ਼ਾਂ ਦੀਆਂ ਵੱਡੇ ਪੱਧਰ 'ਤੇ ਹੱਤਿਆਵਾਂ ਕਰਨ ਦੇ ਨਵੇਂ ਰੁਝਾਨ ਦੀ ਸ਼ੁਰੂਆਤ ਹੋਈ; ਫਿਰ ਇਨ੍ਹਾਂ ਦੀ ਵਰਤੋਂ ਚੋਣਾਂ ਜਿੱਤਣ ਲਈ ਕੀਤੀ ਗਈ; ਤੇ ਅਪਰਾਧੀਆਂ ਨੂੰ ਉੱਚ ਅਹੁਦੇ ਬਖ਼ਸ਼ ਕੇ ਉਨ੍ਹਾਂ ਨੂੰ ਇਨਾਮ ਦਿੱਤੇ ਗਏ। ਯਾਦ ਰੱਖਣਾ ਚਾਹੀਦਾ ਹੈ ਕਿ ਗੁਨਾਹਗਾਰ ਕਾਨੂੰਨ ਦੇ ਸ਼ਿਕੰਜੇ ਤੋਂ ਬਚ ਨਹੀਂ ਸਕਦੇ।

ਮੇਰੀ ਪੁਸਤਕ 'ਵੈੱਨ ਏ ਟ੍ਰੀ ਸ਼ੁੱਕ ਦਿੱਲੀ' ਸੰਨ 2007 ਵਿਚ ਰਿਲੀਜ਼ ਕੀਤੀ ਗਈ ਸੀ, ਜਿਸ ਉਪਰ ਉਸ ਸਮੇਂ ਹੋਈ ਵਿਚਾਰ-ਚਰਚਾ ਵਿਚ ਹਿੱਸਾ ਲੈਂਦਿਆਂ ਸਾਬਕਾ ਕਾਨੂੰਨ ਮੰਤਰੀ ਅਤੇ ਕਾਂਗਰਸ ਦੇ ਸੀਨੀਅਰ ਕੌਮੀ ਨੇਤਾ ਸਲਮਾਨ ਖ਼ੁਰਸ਼ੀਦ ਨੇ ਕਿਹਾ ਸੀ ਕਿ ਇਹ ਪੁਸਤਕ, ਉਨ੍ਹਾਂ, ਜਿਹੜੇ ਅਜਿਹੇ ਅਪਰਾਧਾਂ ਵਿਚ ਸ਼ਾਮਲ ਹੁੰਦੇ ਹਨ, ਨੂੰ ਸੁਚੇਤ ਕਰਦੀ ਹੈ ਕਿ ਉਹ ਕਦੇ ਵੀ ਬਚ ਨਹੀਂ ਸਕਦੇ ਅਤੇ ਆਖ਼ਰਕਾਰ ਕਾਨੂੰਨ ਦੇ ਹੱਥ ਉਨ੍ਹਾਂ ਦੀ ਧੌਣ ਤੱਕ ਪਹੁੰਚ ਜਾਣਗੇ। ਹਾਲੀਆ ਸਜ਼ਾਵਾਂ ਉਨ੍ਹਾਂ ਲਈ ਚਿਤਾਵਨੀ ਹਨ, ਜਿਹੜੇ ਸੰਨ 1984 ਤੋਂ ਬਾਅਦ ਹੁਣ ਤੱਕ ਸਿਸਟਮ ਨੂੰ ਆਪਣੀ ਮਰਜ਼ੀ ਅਨੁਸਾਰ ਤੋੜਨ-ਮਰੋੜਨ ਵਿਚ ਮਸਰੂਫ਼ ਰਹੇ ਹਨ ਅਤੇ ਇਹ ਸਮਝਦੇ ਰਹੇ ਕਿ ਉਹ ਆਪਣੀ ਤਾਕਤ ਦੇ ਸਿਰ 'ਤੇ ਬਚ ਜਾਣਗੇ।

ਦਿੱਲੀ ਕਤਲੇਆਮ ਦੌਰਾਨ ਮਹੀਪਾਲਪੁਰ ਵਿਚ ਸਿੱਖਾਂ ਦੀਆਂ ਹੱਤਿਆਵਾਂ ਲਈ ਦੋ ਹੋਟਲ ਮਾਲਕਾਂ ਨੂੰ ਵਧੀਕ ਸੈਸ਼ਨਜ਼ ਜੱਜ ਅਜੇ ਪਾਂਡੇ ਨੇ ਸਖ਼ਤ ਸਜ਼ਾ ਸੁਣਾਈ ਹੈ। ਇਨ੍ਹਾਂ ਵਿਚੋਂ ਇਕ ਦੋਸ਼ੀ ਨੂੰ ਫਾਂਸੀ ਦੀ ਸਜ਼ਾ ਅਤੇ ਦੂਸਰੇ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਸੁਪਰੀਮ ਕੋਰਟ ਨੇ ਦੋ-ਮੈਂਬਰੀ ਵਿਸ਼ੇਸ਼ ਜਾਂਚ ਟੀਮ (ਸਿੱਟ) ਕਾਇਮ ਕੀਤੀ ਸੀ ਤਾਂ ਕਿ ਬੰਦ ਕੀਤੇ ਜਾ ਚੁੱਕੇ ਕੇਸਾਂ ਦੀ ਮੁੜ ਤਫ਼ਤੀਸ਼ ਹੋਵੇ। ਇਸ ਨੇ ਸਮੁੱਚੀ ਪਹੁੰਚ ਬਦਲ ਦਿੱਤੀ ਅਤੇ ਇਹ ਸੁਨੇਹਾ ਦਿੱਤਾ ਹੈ ਕਿ ਹਰ ਹਾਲ ਵਿਚ ਨਿਆਂ ਹੋਣਾ ਚਾਹੀਦਾ ਹੈ, ਭਾਵੇਂ ਕਿੰਨੀ ਵੀ ਦੇਰ ਕਿਉਂ ਨਾ ਹੋ ਚੁੱਕੀ ਹੋਵੇ। ਹੁਣੇ ਹੋਈਆਂ ਸਜ਼ਾਵਾਂ ਤੋਂ ਇਲਾਵਾ, ਦੂਜੇ ਕੇਸਾਂ ਵਿਚ ਵੀ ਫ਼ੈਸਲੇ ਜਲਦੀ ਹੋਣ ਦੀ ਆਸ ਹੈ। ਕੇਸਾਂ ਦੇ ਮੁੜ ਖੋਲ੍ਹੇ ਜਾਣ ਨਾਲ ਆਸ ਬੱਝੀ ਹੈ ਕਿ ਬਹੁਤ ਸਾਰੇ ਕੇਸਾਂ ਦੇ ਤਾਜ਼ਾ ਮੁਕੱਦਮੇ ਚੱਲਣਗੇ।

ਦਿੱਲੀ ਹਾਈ ਕੋਰਟ ਨੇ 88 ਦੋਸ਼ੀਆਂ ਦੀ ਪੰਜ-ਪੰਜ ਸਾਲ ਕੈਦ ਸਜ਼ਾ ਬਰਕਰਾਰ ਰੱਖੀ ਹੈ ਜਦੋਂਕਿ 2 ਨਵੰਬਰ 1984 ਨੂੰ ਪੁਲੀਸ ਨੇ 107 ਦੰਗਈ ਫੜੇ ਸਨ ਪਰ ਪੁਲੀਸ ਨੇ ਜਾਣ-ਬੁੱਝ ਕੇ ਇਨ੍ਹਾਂ ਵਿਰੁੱਧ ਕੇਵਲ ਦੰਗੇ ਕਰਨ ਦੀ ਚਾਰਜਸ਼ੀਟ ਦਾਖ਼ਲ ਕੀਤੀ ਸੀ, ਹੱਤਿਆ ਕਰਨ ਦੀ ਨਹੀਂ; ਹਾਲਾਂਕਿ ਕਰੀਬ ਸੌ ਲਾਸ਼ਾਂ ਬਰਾਮਦ ਕੀਤੀਆਂ ਜਾ ਚੁੱਕੀਆਂ ਸਨ। ਅਦਾਲਤ ਨੇ ਪੁਲੀਸ ਕਮਿਸ਼ਨਰ ਨੂੰ ਆਦੇਸ਼ ਦਿੱਤਾ ਸੀ ਕਿ ਉਹ 95 ਲਾਸ਼ਾਂ ਵਿਚੋਂ ਦੱਸਿਆਂ ਗਈਆਂ 22 ਅਣਪਛਾਤੀਆਂ ਲਾਸ਼ਾਂ ਸਬੰਧੀ ਵੀ ਕਾਰਵਾਈ ਕਰਨ।

ਹਰ ਕੋਈ ਹੈਰਾਨ ਹੈ ਕਿ ਕੇਵਲ ਤ੍ਰਿਲੋਕਪੁਰੀ ਵਿਚੋਂ ਹੀ ਉਸ ਸਮੇਂ 95 ਲਾਸ਼ਾਂ ਕਿਵੇਂ ਬਰਾਮਦ ਹੋ ਗਈਆਂ ਅਤੇ ਮੌਕੇ ਉਪਰ ਹੀ 107 ਮੁਲਜ਼ਮ ਕਾਬੂ ਕਰ ਲਏ ਗਏ ਜਦੋਂਕਿ ਬਾਕੀ ਦਿੱਲੀ ਵਿਚ ਮੌਕੇ 'ਤੇ ਅਜਿਹੀ ਕਾਰਵਾਈ ਹੋਣ ਦੀ ਕੋਈ ਰਿਪੋਰਟ ਨਹੀਂ ਹੈ। ਅਜਿਹਾ ਪੁਲੀਸ ਦੀ ਚੰਗੀ ਕਾਰਗੁਜ਼ਾਰੀ ਕਰਕੇ ਨਹੀਂ ਸੀ ਹੋਇਆ ਸਗੋਂ ਇਸ ਦੇ ਉਲਟ, ਪੁਲੀਸ ਉਸ ਸਮੇਂ ਹੱਤਿਆਰਿਆਂ ਦੀ ਭਾਈਵਾਲ ਬਣੀ ਹੋਈ ਸੀ। ਤ੍ਰਿਲੋਕਪੁਰੀ ਦੀ ਇਹ ਤੁਰੰਤ ਕਾਰਵਾਈ ਦੋ ਪੱਤਰਕਾਰਾਂ ਦੇ ਯਤਨਾਂ ਸਦਕਾ ਹੋਈ ਸੀ। ਬਲਾਕ ਨੰਬਰ 30 ਅਤੇ 32 ਵਿਚ ਲੁਬਾਣਾ ਸਿੱਖ ਵੱਸਦੇ ਸਨ ਜਿਹੜੇ ਅਲਵਰ (ਰਾਜਸਥਾਨ) ਤੋਂ ਆਏ ਸਨ। ਪਹਿਲੀ ਨਵੰਬਰ ਨੂੰ ਕਾਂਗਰਸ ਆਗੂਆਂ ਦੀ ਅਗਵਾਈ ਵਾਲੇ ਹਜੂਮ ਨੇ ਇਨ੍ਹਾਂ ਉਪਰ ਹਮਲਾ ਕੀਤਾ ਸੀ। ਜਦੋਂ ਸਿੱਖ ਕਿਰਪਾਨਾਂ ਲੈ ਕੇ ਘਰਾਂ ਵਿਚੋਂ ਬਾਹਰ ਆਏ ਤਾਂ ਹਜੂਮ ਪਰਤ ਗਿਆ। ਇਸ ਦੌਰਾਨ ਐੱਸਐੱਚਓ ਦੀ ਅਗਵਾਈ ਹੇਠ ਪੁਲੀਸ ਟੀਮ ਮੌਕੇ 'ਤੇ ਆਈ ਅਤੇ ਸਿੱਖਾਂ ਨੂੰ ਆਪਣੇ ਘਰਾਂ ਵਿਚ ਪਰਤਣ ਲਈ ਇਹ ਭਰੋਸਾ ਦੇ ਕੇ ਮਨਾ ਲਿਆ ਕਿ ਉਨ੍ਹਾਂ ਦੀ ਹਰ ਹਾਲਤ ਸੁਰੱਖਿਆ ਕੀਤੀ ਜਾਵੇਗੀ। ਹਜੂਮ ਫਿਰ ਪਰਤ ਆਇਆ ਅਤੇ ਉਨ੍ਹਾਂ ਨੇ ਘਰਾਂ ਵਿਚੋਂ ਇਕੱਲੇ-ਇਕੱਲੇ ਸਿੱਖ ਨੂੰ ਕੱਢ ਕੇ ਮਾਰਨਾ ਸ਼ੁਰੂ ਕਰ ਦਿੱਤਾ। ਉੱਥੇ ਦੋ ਦਿਨਾਂ ਵਿਚ 400 ਸਿੱਖ ਮਾਰੇ ਜਾ ਚੁੱਕੇ ਸਨ। ਇਨ੍ਹਾਂ ਵਿਚੋਂ ਇਕ ਸਿੱਖ ਭੱਜ ਕੇ ਖੇਤਾਂ ਵਿਚ ਜਾ ਵੜਿਆ। ਉਹ ਆਪਣੇ ਨਾਲ ਕੈਂਚੀ ਲੈ ਗਿਆ ਸੀ। ਉਸ ਨੇ ਆਪਣੇ ਵਾਲ ਕੱਟੇ ਅਤੇ ਰਾਤ ਖੇਤਾਂ ਵਿਚ ਗੁਜ਼ਾਰੀ।

ਅਗਲੀ ਸਵੇਰ ਉਹ ਪੁਲੀਸ ਹੈੱਡਕੁਆਰਟਰ ਵਿਚ ਮਦਦ ਲੈਣ ਲਈ ਪਹੁੰਚ ਗਿਆ ਪਰ ਉਸ ਨੂੰ ਕੋਈ ਭਰੋਸਾ ਨਹੀਂ ਮਿਲਿਆ। ਪੁਲੀਸ ਹੈੱਡਕੁਆਰਟਰ ਦੇ ਨੇੜੇ ਹੀ ਇੰਡੀਅਨ ਐੱਕਸਪ੍ਰੈੱਸ ਅਖ਼ਬਾਰ ਦਾ ਦਫਤਰ ਸੀ ਜਿੱਥੇ ਉਸ ਸਿੱਖ ਨੌਜਵਾਨ ਦਾ ਦੋਸਤ ਕੈਂਟੀਨ ਵਿਚ ਕੰਮ ਕਰਦਾ ਸੀ। ਉਸ ਨੇ ਆਪ ਬੀਤੀ ਸੁਣਾਈ ਤਾਂ ਦੋ ਪੱਤਰਕਾਰਾਂ ਰਾਹੁਲ ਬੇਦੀ ਅਤੇ ਜੋਸੇਫ ਮਲਕੀਅਨ ਨੇ ਤ੍ਰਿਲੋਕਪੁਰੀ ਜਾਣ ਦਾ ਫ਼ੈਸਲਾ ਕੀਤਾ ਪਰ ਉਨ੍ਹਾਂ ਨੂੰ ਕਾਲੋਨੀ ਵਿਚ ਦਾਖ਼ਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਉਹ ਪੁਲੀਸ ਸਟੇਸ਼ਨ ਗਏ ਜਿੱਥੇ ਡਿਊਟੀ ਅਫ਼ਸਰ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਤ੍ਰਿਲੋਕਪੁਰੀ ਪੂਰੀ ਤਰ੍ਹਾਂ ਸ਼ਾਂਤ ਹੈ। ਜਦੋਂ ਉਹ ਪਰਤਣ ਲੱਗੇ ਤਾਂ ਉਨ੍ਹਾਂ ਦੀ ਨਜ਼ਰ ਕੋਨੇ ਵਿਚ ਖੜ੍ਹੇ ਟਰੱਕ ਉਪਰ ਪਈ ਜਿਸ ਉਪਰ ਮੱਖੀਆਂ ਉੱਡ ਰਹੀਆਂ ਸਨ। ਉਨ੍ਹਾਂ ਨੂੰ ਸ਼ੱਕ ਪੈ ਗਿਆ ਅਤੇ ਜਦੋਂ ਉਨ੍ਹਾਂ ਇਸ ਅੰਦਰ ਨਜ਼ਰ ਮਾਰੀ ਤਾਂ ਦੇਖਿਆ ਕਿ ਲਾਸ਼ਾਂ ਭਰੀਆਂ ਪਈਆਂ ਸਨ। ਉਨ੍ਹਾਂ ਵਿਚੋਂ ਹੀ ਇਕ ਸਿੱਖ ਦੀ ਚੀਕ ਸੁਣਾਈ ਦਿੱਤੀ ਜੋ ਮਦਦ ਲਈ ਪੁਕਾਰ ਰਿਹਾ ਸੀ। ਸ਼ਾਇਦ ਉਹੀ ਇਕੱਲਾ ਬਚਿਆ ਸੀ। ਉਸ ਨੇ ਦੱਸਿਆ ਕਿ ਉਹ ਤ੍ਰਿਲੋਕਪੁਰੀ ਤੋਂ ਹੈ ਅਤੇ ਉੱਥੇ ਸਿੱਖਾਂ ਦਾ ਕਤਲੇਆਮ ਹੋਇਆ ਹੈ।

ਦੋਵੇਂ ਪੱਤਰਕਾਰ ਫਿਰ ਪੁਲੀਸ ਸਟੇਸ਼ਨ ਗਏ ਅਤੇ ਜ਼ਖ਼ਮੀ ਸਿੱਖ ਨੌਜਵਾਨ ਨੂੰ ਤੁਰੰਤ ਹਸਪਤਾਲ ਲਿਜਾਣ ਲਈ ਕਿਹਾ। ਡਿਊਟੀ ਅਫ਼ਸਰ ਨੇ ਇਹ ਕਹਿ ਦਿੱਤਾ ਕਿ ਇਸ ਦਾ ਫ਼ੈਸਲਾ ਉਹ ਨਹੀਂ ਕਰ ਸਕਦਾ, ਡੀਸੀਪੀ ਹੀ ਕਰੇਗਾ। ਉਨ੍ਹਾਂ ਡੀਸੀਪੀ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਜੋ ਸਫਲ ਨਹੀਂ ਹੋਈ। ਉਹ ਪੁਲੀਸ ਹੈੱਡਕੁਆਰਟਰ ਗਏ ਅਤੇ ਜ਼ਖ਼ਮੀ ਦੀ ਮਦਦ ਲਈ ਵਾਸਤਾ ਪਾਇਆ ਜਿਸ ਬਾਅਦ ਏਸੀਪੀ ਨੇ ਡੀਸੀਪੀ ਨੂੰ ਤ੍ਰਿਲੋਕਪੁਰੀ ਜਾਣ ਦਾ ਆਦੇਸ਼ ਦਿੱਤਾ। ਉਹ ਫਿਰ ਤ੍ਰਿਲੋਕਪੁਰੀ ਗਏ ਜਿੱਥੇ ਉਨ੍ਹਾਂ ਨੂੰ ਕਾਲੋਨੀ ਅੰਦਰ ਜਾਣ ਦੀ ਇਜਾਜ਼ਤ ਮਿਲ ਗਈ। ਗਲੀਆਂ ਲਾਸ਼ਾਂ ਨਾਲ ਭਰੀਆਂ ਪਈਆਂ ਸਨ। ਲੁੱਟਮਾਰ ਜਾਰੀ ਸੀ। ਪੁਲੀਸ ਨੂੰ ਲਾਸ਼ਾਂ ਪੋਸਟਮਾਰਟਮ ਲਈ ਲਿਜਾਣ ਲਈ ਮਜਬੂਰ ਹੋਣਾ ਪਿਆ। ਜਿਹੜੇ ਉਸ ਸਮੇਂ ਕਤਲੋਗਾਰਤ ਅਤੇ ਲੁੱਟਮਾਰ ਵਿਚ ਮਸਰੂਫ਼ ਸਨ, ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ।

ਦੋਵਾਂ ਪੱਤਰਕਾਰਾਂ ਨੇ ਜਸਟਿਸ ਮਿਸ਼ਰਾ ਕਮਿਸ਼ਨ ਅੱਗੇ ਹਲਫ਼ੀਆ ਬਿਆਨ ਦਿੱਤੇ ਪਰ ਅਜੇ ਤੱਕ ਕਿਸੇ ਵੀ ਪੁਲੀਸ ਅਧਿਕਾਰੀ ਨੂੰ ਸਜ਼ਾ ਨਹੀਂ ਹੋਈ। ਕਾਨੂੰਨ ਨੂੰ 88 ਮੁਲਜ਼ਮਾਂ ਵਿਰੁੱਧ ਸ਼ਿਕੰਜਾ ਕੱਸਣ ਵਿਚ 35 ਸਾਲ ਲੱਗ ਗਏ। ਇਹ ਦੁੱਖ ਦੀ ਗੱਲ ਹੈ ਕਿ ਸਿੱਖ ਕਤਲੇਆਮ ਦੀ ਜਾਂਚ ਲਈ ਜਿੰਨੇ ਕਮਿਸ਼ਨ ਬਣੇ, ਉਨ੍ਹਾਂ ਦੀ ਗਿਣਤੀ ਭੁੱਲਦੀ ਜਾ ਰਹੀ ਹੈ ਪਰ ਜਿੰਨੇ ਦੋਸ਼ੀਆਂ ਨੂੰ ਹੁਣ ਤੱਕ ਸਜ਼ਾ ਹੋਈ ਹੈ, ਉਨ੍ਹਾਂ ਦੀ ਗਿਣਤੀ ਇਨ੍ਹਾਂ ਕਮਿਸ਼ਨਾਂ ਦੇ ਮੈਂਬਰਾਂ ਨਾਲੋਂ ਘੱਟ ਬਣਦੀ ਹੈ। ਪੀੜਤਾਂ ਦੀਆਂ ਸ਼ਿਕਾਇਤਾਂ ਵਾਜਬ ਹਨ ਕਿ ਸਜ਼ਾਵਾਂ ਬਹੁਤ ਘੱਟ ਦੋਸ਼ੀਆਂ ਨੂੰ ਹੋਈਆਂ ਹਨ ਅਤੇ ਉਹ ਵੀ ਬਹੁਤ ਦੇਰ ਨਾਲ ਪਰ ਜਿੱਥੋਂ ਤੱਕ ਮੇਰੀ ਗੱਲ ਹੈ, ਭਾਵੇਂ ਕੀਮਤ ਕੋਈ ਵੀ ਹੋਵੇ, ਮੈਂ ਸੰਨ 1984 ਦੇ ਕੇਸ ਲੜਨ ਲਈ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ; ਘੱਟੋ-ਘੱਟ ਹੁਣ ਅਸੀਂ ਇਹ ਕਹਿ ਸਕਦੇ ਹਾਂ ਕਿ ਆਖ਼ਰਕਾਰ ਦੋਸ਼ੀਆਂ ਨੂੰ ਆਪਣੇ ਕੀਤੇ ਦੀ ਸਜ਼ਾ ਮਿਲਣੀ ਸ਼ੁਰੂ ਹੋ ਗਈ ਹੈ।

# ਕਰਤਾਰਪੁਰ ਸਾਹਿਬ ਲਾਂਘੇ ਦੇ ਆਰ-ਪਾਰ...

**ਪਸ਼ੌਰਾ ਸਿੰਘ ਢਿੱਲੋਂ**
www.pashaurasinghdhillon.com
Tel: (559) 708 4399

ਨਵੰਬਰ ਦਾ ਮਹੀਨਾ ਭਾਰਤ ਵਿਚ ਪਵਿੱਤਰ ਤਿਉਹਾਰਾਂ ਦਾ ਮਹੀਨਾ ਹੈ। ਇਸੇ ਮਹੀਨੇ ਵਿਚ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਸਦਕਾ ਪੰਜਾਬੀਆਂ ਲਈ ਨਵੰਬਰ ਮਹੀਨੇ ਦਾ ਹੋਰ ਵੀ ਮਹੱਤਵ ਹੈ, ਜਦੋਂ ਇਹ ਉਤਸਵ ਸੰਸਾਰ ਪੱਧਰ 'ਤੇ ਦੇਸ਼-ਪਰਦੇਸ ਵਿਚ ਸ਼ਰਧਾ ਭਾਵਨਾ ਨਾਲ ਮਨਾਇਆ ਜਾਂਦਾ ਹੈ। ਨਗਰ ਕੀਰਤਨ ਕੱਢੇ ਜਾਂਦੇ ਹਨ। ਵਧਾਈਆਂ, ਸ਼ੁਭ ਇਛਾਵਾਂ ਅਤੇ ਸਰਬੱਤ ਦੇ ਭਲੇ ਲਈ ਅਰਦਾਸਾਂ ਕੀਤੀਆਂ ਜਾਂਦੀਆਂ ਹਨ। ਕੈਲੀਫ਼ੋਰਨੀਆ ਵਸਦੇ ਸਿੱਖਾਂ ਦੀਆਂ ਭਾਵਨਾਵਾਂ ਤੇ ਯੋਗਦਾਨ ਦਾ ਮਾਣ ਰੱਖਦਿਆਂ ਕੈਲੀਫ਼ੋਰਨੀਆ ਸਰਕਾਰ ਵੱਲੋਂ ਵੀ ਪਿਛਲੇ 8 ਸਾਲ ਤੋਂ ਨਵੰਬਰ ਮਹੀਨਾ ਸਿੱਖ ਚੇਤਨਾ ਮਹੀਨੇ ਵਜੋਂ ਵੇਖਿਆ ਜਾਂਦਾ ਹੈ। ਸਿੱਖ ਜਥੇਬੰਦੀਆਂ, ਜਨਤਕ ਅਧਿਕਾਰੀਆਂ, ਵਿਦਿਅਕ ਅਦਾਰਿਆਂ, ਸੁਰੱਖਿਆ ਕਰਮਚਾਰੀਆਂ, ਮਲਟੀਫ਼ੇਥ ਸੋਸਾਇਟੀਜ਼ ਅਤੇ ਇੰਟਰਫ਼ੇਥ ਅਲਾਇੰਸ ਆਦਿ ਸਥਾਨਕ ਭਾਈਚਾਰੇ ਨਾਲ ਮਿਲ ਕੇ ਸਾਂਝੇ ਚੇਤਨਾ ਸਮਾਗਮ ਆਯੋਜਿਤ ਕਰਦੇ ਹਨ। ਇਸ ਵਾਰ ਦੋ ਹੋਰ 'ਚਮਤਕਾਰ' ਨਵੰਬਰ ਮਹੀਨੇ ਵਿਚ ਸ਼ਾਮਿਲ ਹੋ ਗਏ ਹਨ ਅਤੇ ਨਵਾਂ ਇਤਿਹਾਸ ਸਿਰਜਿਆ ਗਿਆ ਹੈ। ਉਨ੍ਹਾਂ ਵਿਚ ਸਭ ਤੋਂ ਪਹਿਲਾਂ ਕਰਤਾਰਪੁਰ ਸਾਹਿਬ ਲਾਂਘੇ ਦੇ ਖੁੱਲ੍ਹਣ ਲਈ ਦਿਨਾਂ ਵਿਚ ਹੀ ਹੋਈ ਪੇਸ਼ਬੰਦੀ ਇਕ 'ਚਮਤਕਾਰ' ਹੀ ਲੱਗੀ ਹੈ। ਉਸ ਮਾਹੌਲ ਵਿਚ, ਜਿਥੇ ਦੋ ਦੇਸ਼ ਵਰ੍ਹਿਆਂ ਤੋਂ ਪ੍ਰਮਾਣੂ ਹਥਿਆਰਾਂ ਦੇ ਬਟਨਾਂ ਉਪਰ ਉਂਗਲਾਂ ਰੱਖੀ ਰੱਖਣ ਲਈ ਬਜ਼ਿੱਦ ਬੈਠੇ ਸਨ, ਅਚਾਨਕ ਹੱਥ ਫ਼ੜ ਕੇ ਉਸ ਗੁਰੂ ਬਾਬੇ ਦੇ ਦਰ ਵੱਲ ਤੁਰ ਪਏ ਹਨ, ਜੋ ਇਕ ਦਾ ਗੁਰੂ ਅਤੇ ਦੂਜੇ ਦਾ ਪੀਰ ਹੈ। ਇਸੇ ਨੂੰ ਤਾਂ ਕਹਿੰਦੇ ਨੇ ਕਿ ਬਾਬੇ ਦੇ ਘਰ ਦੇਰ ਹੈ, ਅੰਧੇਰ ਨਹੀਂ!

ਦੂਜਾ 'ਚਮਤਕਾਰ' ਸੱਤ ਸਮੁੰਦਰ ਪਾਰ ਕੈਲੀਫ਼ੋਰਨੀਆ ਵਿਚ ਓਦੋਂ ਵਾਪਰਿਆ ਜਦੋਂ ਸਰਕਾਰੀ ਸਕੂਲਾਂ ਦੀਆਂ ਨਵੀਆਂ ਛਪੀਆਂ ਪਾਠ- ਪੁਸਤਕਾਂ ਵਿਚ ਪਹਿਲੀ ਵਾਰ ਸਿੱਖੀ ਬਾਰੇ ਜਾਣਕਾਰੀ ਦੀ ਸ਼ਮੂਲੀਅਤ ਨਾਲ ਨਵਾਂ ਇਤਿਹਾਸ ਸਿਰਜਿਆ ਗਿਆ। ਇਸ ਦੇ ਫ਼ਲਸਰੂਪ ਸਿੱਖ ਕੌਂਸਲ ਆਫ਼ ਸੈਂਟਰਲ ਕੈਲੀਫ਼ੋਰਨੀਆਂ ਵਲੋਂ ਇਲਾਕੇ ਦੀਆਂ ਸੰਗਤਾਂ ਨਾਲ ਮਿਲ ਕੇ ਕਰੱਦਰਜ਼ ਗੁਰਦਵਾਰਾ ਸਾਹਿਬ ਵਿਖੇ ਐਤਵਾਰ 2 ਦਸੰਬਰ, 2018 ਨੂੰ 549ਵਾਂ ਗੁਰੂ ਨਾਨਕ ਪ੍ਰਕਾਸ਼ ਅਤੇ ਚੇਤਨਾ ਸਮਾਗਮ ਇੱਕਠੇ ਮਨਾਏ ਗਏ ਸਨ। ਗੁਰੂ ਬਾਬੇ ਦਾ ਸ਼ੁਕਰਾਨਾ ਕਰਦਿਆਂ ਰਵਾਇਤਨ ਸਜਾਏ ਗਏ ਕੀਰਤਨ ਅਤੇ ਕਥਾ ਦਰਬਾਰ ਤੋਂ ਉਪਰੰਤ ਇਹ ਖੁਸ਼ਖਬਰੀ ਸਾਂਝੀ ਕਰਨ ਲਈ ਇਸ ਵਾਰ ਫ਼ਰੈਜ਼ਨੋ ਕਾਉਂਟੀ ਸਕੂਲਾਂ ਦੇ ਇੰਚਾਰਜ ਸੁਪਰੀਟੈਂਡੈਂਟ ਮੁੱਖ ਬੁਲਾਰੇ ਵਜੋਂ ਹਾਜ਼ਿਰ ਹੋਏ ਸਨ। ਉਸ ਦੇ ਵਿਸਥਾਰ ਤੋਂ ਪਹਿਲਾਂ ਇਸ ਬਹੁ-ਸੱਭਿਆਚਾਰੀ ਸਮਾਜ ਵਾਲੇ ਬਹੁ-ਰੰਗੀ ਗੁਲਦਸਤੇ ਵਿਚ ਸਿੱਖੀ ਦੇ ਪਹਿਲੀ ਵਾਰ ਸ਼ਾਮਿਲ ਹੋਣ ਦੀ ਸੁਲੱਖਣੀ ਘੜੀ ਬਾਰੇ ਕੁਝ ਹੋਰ ਲਿਖਣ ਤੋਂ ਪਹਿਲਾਂ ਇਸ ਦੇ ਪਿਛੋਕੜ ਬਾਰੇ ਸੰਖੇਪ ਜਾਣਕਾਰੀ ਦੇਣਾ ਉਚਿੱਤ ਹੋਵੇਗਾ।

ਕਹਿੰਦੇ ਨੇ ਅਤੀਤ ਸਮਾਜ ਦੀਆਂ ਜੜ੍ਹਾਂ ਅਤੇ ਭਵਿੱਖ ਪੈਣ ਵਾਲੇ ਫ਼ੁੱਲ ਹੁੰਦਾ ਹੈ। ਸੱਤ ਸਮੁੰਦਰ ਪਾਰ ਇਸ ਨਵੇਂ ਦੇਸ਼ ਵਿਚ ਸਾਡੇ ਭਵਿੱਖ ਵਿਚ ਪੈਣ ਵਾਲੇ ਫ਼ੁੱਲ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਹਨ।

ਦੂਜੇ ਸ਼ਬਦਾਂ ਵਿਚ ਇਸ ਨਵੇਂ ਦੇਸ਼ ਵਿਚ ਸਾਡੀ ਜੜ੍ਹ ਅਤੇ ਫ਼ੁੱਲ ਦੋਹਾਂ ਦੀ ਸਲਾਮਤੀ ਆਪਸੀ ਸੱਭਿਆਚਾਰਿਕ ਰਸ-ਰਸਾਈ ਉਤੇ ਨਿਰਭਰ ਹੈ। ਖ਼ੁਸ਼ੀ ਦੀ ਗੱਲ ਇਹ ਹੈ ਕਿ ਉਤਰੀ ਅਮਰੀਕਾ, ਕੈਨੇਡਾ ਵਰਗੇ ਦੇਸ਼ਾਂ ਦੇ ਮੋਕਲੇ ਸੱਭਿਆਚਾਰ ਵਿਚ ਇਹ ਸੰਭਵ ਹੈ ਪਰ ਸੌਖਾ ਨਹੀਂ। ਸੰਭਵ ਇਸ ਲਈ ਕਿ ਇਹਨਾਂ ਵਿਚਕਾਰ ਕੋਈ ਸਿਧਾਂਤਕ ਵਿਰੋਧ ਨਹੀਂ ਹੈ। ਭਾਵ ਅਮਰੀਕਨ ਨਵੀਂ ਕੌਮ ਦਾ ਲਾਈਫ਼, ਲਿਬਰਟੀ, ਪਰਸੂਟ ਆਫ਼ ਹੈਪੀਨੈਸ, ਜਸਟਿਸ ਫੌਰ ਆਲ ਅਤੇ ਆਲ ਮੈੱਨ ਆਰ ਕਰੀਏਟਿਡ ਈਕੁਅਲ ਅੰਡਰ ਗੌਡ, ਵਾਲਾ ਜੋ ਸੰਕਲਪ ਹੈ; ਚੜ੍ਹਦੀ ਕਲਾ, ਸਰਬੱਤ ਦਾ ਭਲਾ ਮੰਗਦੀ ਸਾਡੀ ਪੰਜਾਬੀਆਂ ਸਿੱਖਾਂ ਦੀ ਆਧਾਰਸ਼ਿਲਾ ਵੀ ਉਹੀ ਹੈ। ਹੱਕ ਦੀ ਕਮਾਈ 'ਚੋਂ ਦਸਵੰਧ ਕੱਢਣ ਅਤੇ ਸਮਾਜ ਲਈ ਸੇਵਾ ਭਾਵ ਰੱਖਣ ਵਾਲੇ ਸਾਡੇ ਸਦਾਚਾਰਕ ਅਸੂਲ ਤਾਂ ਸਗੋਂ ਇਸ ਨੂੰ ਹੋਰ ਅਮੀਰ ਬਣਾਉਂਦੇ ਹਨ, ਜੋ ਕੇਵਲ ਪੰਜਾਬੀ ਅਮਰੀਕਨਾਂ ਲਈ ਹੀ ਨਹੀਂ ਸਮੁੱਚੇ ਅਮਰੀਕੀ ਸਮਾਜ ਵਾਸਤੇ ਸਹਾਈ ਹਨ। ਇਸ ਸ਼ਕਤੀਸ਼ਾਲੀ ਸੱਭਿਆਚਾਰ ਅੰਦਰ ਵਿਚਰਦਿਆਂ ਆਪਣੀ ਬੋਲੀ, ਵਿਰਸੇ ਅਤੇ ਇਤਿਹਾਸ ਨਾਲ ਜੁੜੇ ਰਹਿਣਾ ਸੌਖਾ ਨਹੀਂ ਹੈ ਤੇ ਉਸ ਤੋਂ ਵੀ ਜ਼ਰੂਰੀ ਹੈ, ਆਪਣੇ ਸੱਭਿਆਚਾਰ ਦੀ ਖੁਸ਼ਬੋ ਵਿਧੀਵਤ ਢੰਗ ਨਾਲ ਦੂਜਿਆਂ ਨਾਲ ਸਾਂਝਾ ਕਰਨ ਦੀ ਜੁਗਤ। ਇਕ ਦੂਜੇ ਪ੍ਰਤੀ ਗਲਤਫਹਿਮੀਆਂ, ਨਫ਼ਰਤ, ਭੇਦ-ਭਾਵ ਅਤੇ ਵੈਰ-ਵਿਰੋਧ ਅਗਿਆਨਤਾ ਅਤੇ ਬੇਇਲਮੀ ਵਿਚੋਂ ਹੀ ਜਨਮ ਲੈਂਦੇ ਹਨ। ਇਸ ਵਿਚ ਮਾਂ-ਪਿਉ ਦੀ ਸੇਧ ਅਤੇ ਧਾਰਮਿਕ ਅਦਾਰਿਆਂ ਵਲੋਂ ਯੋਗ ਅਗਵਾਈ ਦਾ ਅਹਿਮ ਰੋਲ




ਹੈ, ਜੋ ਭਾਈਚਾਰਿਆਂ ਦਾ ਮੁਢਲਾ ਫ਼ਰਜ਼ ਹੈ। ਪਰੰਤੂ ਇੰਨਾ ਹੀ ਕਾਫੀ ਨਹੀਂ ਹੈ। ਇਸ ਬਹੁ-ਸੱਭਿਆਚਾਰੀ ਪੜ੍ਹੇ ਲਿਖੇ ਸਮਾਜ ਵਿਚ ਵਿਧੀਵਤ ਢੰਗ ਨਾਲ ਸਿੱਖਿਆ ਪਰਣਾਲੀ ਰਾਹੀਂ ਹੀ ਇਸ ਵਿਰਸੇ ਦੇ ਮੀਰੀ ਗੁਣਾਂ ਨੂੰ ਮੁੱਖ ਧਾਰਾ ਨਾਲ ਸਾਂਝਾ ਅਤੇ ਆਉਣ ਵਾਲੀਆਂ ਨਸਲਾਂ ਲਈ ਸਾਰਥਕ ਤੇ ਯਕੀਨੀ ਬਣਾਇਆ ਜਾ ਸਕਦਾ ਹੈ। ਇਹ ਕਾਰਜ ਸਰਕਾਰੀ ਸਕੂਲਾਂ ਦੀਆਂ ਪਾਠ ਪੁਸਤਕਾਂ ਵਿਚ ਪੜ੍ਹਾਏ ਜਾਣ ਅਤੇ ਕੌਮੀ ਇਤਿਹਾਸ ਵਿਚ ਯੋਗ ਥਾਂ ਹਾਸਿਲ ਹੋਣ ਨਾਲ ਹੀ ਸੰਭਵ ਹੋ ਸਕਦਾ ਹੈ।

ਗੱਲ ਨੂੰ ਸਪੱਸ਼ਟ ਕਰਨ ਲਈ ਇਤਿਹਾਸ ਵਿਚੋਂ ਹੀ ਇਕ ਮਿਸਾਲ ਲਈ ਜਾ ਸਕਦੀ ਹੈ।

15ਵੀਂ-16ਵੀਂ ਸਦੀ ਪ੍ਰੋਫ਼ੈਸਰ ਮਾਰਟਿਨ ਲੂਥਰ ਨੇ ਜਰਮਨੀ ਵਿਚ ਰੋਮਨ ਕੈਥੋਲਿਕ ਧਰਮ ਵਿਚ ਆਏ ਨਿਘਾਰ ਦਾ ਵਿਰੋਧ ਕੀਤਾ। ਉਸ ਨੇ ਪੋਪ ਵਲੋਂ ਰਾਜਸੀ ਤਾਕਤਾਂ ਦੀ ਮਿਲੀ-ਭੁਗਤ, ਧਰਮ ਦੇ ਨਾਂ ਉਤੇ ਲੋਕਾਂ ਨਾਲ ਖਿਲਵਾੜ ਅਤੇ ਵੱਡੀ ਪੱਰ ਤੇ ਕੀਤੀ ਜਾ ਰਹੀ ਲੁੱਟ-ਖਸੁੱਟ ਦਾ ਪਰਦਾ-ਫ਼ਾਸ਼ ਕੀਤਾ। ਰੈਫ਼ਰਮੇਸ਼ਨ (ਸੁਧਾਰ) ਨਾਂ ਦੀ ਲਹਿਰ ਚਲਾਈ ਤੇ ਪਰੋਟੈਸਟੈਂਟ ਚਰਚ ਦਾ ਮੁੱਢ ਬੰਨ੍ਹਿਆ। ਵਿਸ਼ਵ ਦੇ ਇਤਿਹਾਸ ਵਿਚ ਇਸ ਲਹਿਰ ਨੂੰ ਵਿਸ਼ੇਸ਼ ਮੁਕਾਮ ਦਿੱਤਾ ਗਿਆ, ਜੋ ਮਗਰੋਂ ਸਕੂਲ਼ਾਂ, ਕਾਲਜਾਂ ਦੀਆਂ ਪਾਠ ਪੁਸਤਕਾਂ ਵਿਚ ਵੀ ਪੜ੍ਹਾਇਆ ਜਾਣ ਲੱਗਾ। ਚੇਅਰਜ਼ ਸਥਾਪਤ ਹੋਈਆਂ। ਸਿੱਟੇ ਵਜੋਂ ਮਾਰਟਿਨ ਲੂਥਰ, ਉਹਦੀਆਂ ਪ੍ਰਾਪਤੀਆਂ ਅਤੇ ਪ੍ਰੋਟੈਸਟੈਂਟ ਈਸਾਈ ਧਰਮ ਅੱਜ ਪੱਕਿਆਂ ਪੈਰਾਂ ਉਤੇ ਹੈ ਅਤੇ ਵਿਸ਼ਵ ਪੱਧਰ 'ਤੇ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ ਹੈ।

ਦੂਜੇ ਪਾਸੇ ਦੱਖਣ-ਪੂਰਬੀ ਏਸ਼ੀਆ ਵਿਚ ਮਾਰਟਿਨ ਲੂਥਰ ਦੇ ਪੈਦਾ ਹੋਣ ਤੋਂ ਵੀ 14-15 ਸਾਲ ਪਹਿਲਾਂ ਸੰਨ 1469 ਵਿਚ ਪੰਜਾਬ ਵਿਚ ਜਨਮੇ ਗੁਰੂ ਨਾਨਕ ਨੇ ਇਕ ਨਹੀਂ, ਦੋ ਸਥਾਪਤ ਧਰਮਾਂ ਵਿਚਲੀਆਂ ਕਮਜ਼ੋਰੀਆਂ, ਵਧੀਕੀਆਂ, ਧਾਂਦਲੀਆਂ, ਅੰਧਵਿਸ਼ਵਾਸ਼, ਜਾਤ-ਪਾਤ ਅਤੇ ਆਪਸੀ ਟਕਰਾਓ ਕਾਰਣ ਆਏ ਨਿਘਾਰ ਨੂੰ ਚੁਣੌਤੀ ਦਿੱਤੀ। ਮਾਰਟਨ ਲੂਥਰ ਤਾਂ ਉਦੋਂ ਅਜੇ ਟੀਨ-ਏਜਰ ਹੀ ਸੀ, ਜਦੋਂ ਗੁਰੂ ਨਾਨਕ ਨੇ ਸੁਲਤਾਨਪੁਰ ਲੋਧੀ ਤੋਂ ਉਸ ਨਿੱਘਰ ਗਈ ਦੁਨੀਆ ਨੂੰ ਸੋਧਣ ਲਈ ਪਹਿਲੀ ਉਦਾਸੀ ਵੀ ਆਰੰਭ ਦਿੱਤੀ ਸੀ।ਮਾਰਟਿਨ ਲੂਥਰ ਦੀ ਰੀਫ਼ੌਰਮੇਸ਼ਨ 'ਸੁਧਾਰ ਲਹਿਰ' ਯੂਰਪ ਵਿਚ ਰਿਨੇਸੈਂਸ ਅਰਥਾਤ 'ਪੁਨਰ-ਜਾਤ' ਦੇ ਤੁਰੰਤ ਬਾਅਦ ਉਦੋਂ ਆਈ ਸੀ, ਜਦੋਂ ਮੱਧਕਾਲ ਵਿਚੋਂ ਨਿਕਲ ਕੇ ਯੂਰਪ ਉਂਝ ਵੀ ਜਾਗ ਚੁੱਕਾ ਸੀ ਪ੍ਰੰਤੂ ਭਾਰਤ ਤਾਂ ਉਸ ਵੇਲੇ ਡੂੰਘੇ ਸੰਕਟ ਵਿਚੋਂ ਲੰਘ ਰਿਹਾ ਸੀ। ਉਸ ਸਮੇਂ ਦੀ ਹਰ ਪੱਖੋਂ ਅਤਿ ਨਿੱਘਰੀ ਤਸਵੀਰ ਅਤੇ ਆ ਰਹੀ ਜਾਗ੍ਰਿਤੀ ਦੇ ਮਸੀਹਾ ਗੁਰੂ ਨਾਨਕ ਬਾਰੇ ਸਭ ਤੋਂ ਉਤਮ ਵਿਚਾਰ ਕਿਸੇ ਹੋਰ ਵਲੋਂ ਨਹੀਂ, ਇਕ ਸੰਸਾਰ ਪ੍ਰਸਿੱਧ ਸ਼ਾਇਰ, ਫ਼ਿਲਾਸਫ਼ਰ ਤੇ ਪੰਜ ਨਮਾਜ਼ਾਂ ਪੜ੍ਹਨ ਵਾਲੇ ਮੁਸਲਮਾਨ, ਇਲਾਮਾ ਇਕਬਾਲ ਵੱਲੋਂ 'ਬਾਂਗੇ ਦਰਾ' ਕਿਤਾਬ ਵਿਚ 'ਨਾਨਕ' ਨਜ਼ਮ ਹੇਠ ਅੰਕਿਤ ਹਨ।

ਭਾਰਤੀ ਕੌਮ ਨੂੰ ਜਦੋਂ ਮਹਾਤਮਾ ਬੁੱਧ ਦੇ ਪੈਗਾਮਾਂ ਦੀ ਸਮਝ ਨਾ ਆਈ ਤੇ ਉਹ ਬੰਜਰ ਜ਼ਮੀਨ ਤੇ ਹੋਈ ਬਾਰਿਸ਼ ਵਾਂਗ ਵਰ੍ਹ ਕੇ ਨਿਕਲ ਗਏ, ਤਾਂ ਇਕਬਾਲ ਲਿਖਦੇ ਹਨ:

"ਆਸ਼ਕਾਰ ਉਸ ਨੇ ਕੀਆ, ਜੋ ਜ਼ਿੰਦਗੀ ਕਾ ਰਾਜ਼ ਥਾ
ਹਿੰਦ ਕੋ ਲੇਕਿਨ ਖਿਆਲੀ, ਫ਼ਲਸਫ਼ੇ ਪਰ ਨਾਜ਼ ਥਾ
ਸ਼ੱਮੇ ਹੱਕ ਸੇ ਜੋ ਮਨੱਵਰ ਹੋ, ਯਿਹ ਵੋਹ ਮਹਿਫ਼ਲ ਨਾ ਥੀ
ਬਾਰਿਸ਼ੇ ਰਹਿਮਤ ਹੁਈ, ਲੇਕਿਮ ਜ਼ਮੀਂ ਕਾਬਿਲ ਨਾ ਥੀ
ਆਹ! ਸ਼ੂਦਰ ਕੇ ਲੀਏ ਹਿੰਦੁਸਤਾਂ ਗ਼ਮਖਾਨਾ ਹੈ
ਦਰਦੇ ਇਨਸਾਨੀ ਸੇ ਇਸ ਬਸਤੀ ਕਾ ਦਿਲ ਬੇਗਾਨਾ ਹੈ
ਬਰਾਹਮਨ ਸਰਸ਼ਾਰ ਹੈ, ਅਬ ਤੱਕ ਮੈਅ ਪੰਦਾਰ ਮੇਂ
ਸ਼ਮ੍ਹਾਂ ਗ਼ੌਤਮ ਜਲ ਰਹੀ ਹੈ ਮਹਿਫ਼ਲੇ ਅਗ਼ਿਆਰ ਮੇਂ"

ਗੁਰੂ ਨਾਨਕ ਦੇ ਆਉਣ ਤੇ ਫ਼ਿਰ ਕੀ ਹੋਇਆ:

"ਫ਼ਿਰ ਬਾਅਦ ਮੁੱਦਤ ਕੇ, ਮਗਰ ਰੌਸ਼ਨ ਹੂਆ
ਨੂਰ-ਏ ਇਬਰਾਹੀਮ ਸੇ, ਆਜ਼ਰ ਕਾ ਘਰ ਰੌਸ਼ਨ ਹੂਆ
ਫ਼ਿਰ ਉਠੀ ਆਖਿਰ ਸਦਾ, ਤੌਹੀਦ ਕੀ ਪੰਜਾਬ ਸੇ
ਹਿੰਦ ਕੋ ਇਕ ਮਰਦ-ਏ-ਕਾਮਿਲ ਨੇ ਜਗਾਇਆ ਖਾਬ ਸੇ"।

ਉਸੇ ਜਾਗ੍ਰਿਤੀ ਵਿਚੋਂ ਹੀ ਸਿੱਖ ਧਰਮ ਦਾ ਜਨਮ ਹੋਇਆ ਜੋ ਵੇਖਦੇ-ਵੇਖਦੇ ਅੱਜ ਵਿਸ਼ਵ ਦਾ ਪੰਜਵਾਂ ਵੱਡਾ ਧਰਮ ਹੈ, ਜਿਸ ਦੇ 12 ਮਿਲੀਅਨ ਨਾਨਕ ਨਾਮ ਲੇਵਾ ਵਿਸ਼ਵ ਵਿਚ ਫ਼ੈਲੇ ਹੋਏ ਹਨ। ਪ੍ਰੰਤੂ ਗੁਰੂ ਨਾਨਕ ਤੇ ਉਨ੍ਹਾਂ ਦੀ ਸਿੱਖੀ ਵਿਸ਼ਵ ਪੱਧਰ ਤੇ ਮੁਕਾਬਿਲਤਨ ਅਣਜਾਣੇ ਅਤੇ ਅਣਗੌਲੇ ਹੀ ਰਹੇ ਹਨ। ਜਿਥੇ ਮਾਰਟਿਨ ਲੂਥਰ ਨੂੰ ਤੇ ਉਸ ਦੇ ਵੱਲੋਂ ਚਲਾਏ ਪੰਥ ਨੂੰ ਤਾਂ ਬੱਚਾ ਬੱਚਾ ਜਾਣਦਾ ਹੈ, ਜੋ ਹੋਣਾ ਚਾਹੀਦਾ ਹੈ ਪਰ ਗੁਰੂ ਨਾਨਕ ਦੀ ਸਿੱਖੀ ਅਤੇ ਸਿੱਖਿਆ ਨੂੰ ਸੰਸਾਰ ਵਿਚ ਤਾਂ ਕੀ, ਅਮਰੀਕਾ ਵਿਚ 100 ਸਾਲ ਤੋਂ ਵੀ ਵੱਧ ਸਮਾਂ ਰਹਿਣ ਦੇ ਬਾਵਜੂਦ ਸਾਥੀ ਅਮਰੀਕਨਾਂ ਨੂੰ ਇਸ ਬਾਰੇ ਜਾਣਕਾਰੀ ਨਾਂਹ ਦੇ ਬਰਾਬਰ ਹੈ।

ਵਿਡੰਬਨਾ ਤਾਂ ਇਹ ਵੀ ਹੈ ਕਿ ਸਿੱਖ ਆਪ ਹੀ ਆਪਣੇ ਵਿਰਸੇ ਅਤੇ ਇਤਿਹਾਸ ਤੋਂ ਪੂਰੀ ਤਰਾਂ ਵਾਕਿਫ਼ ਨਹੀਂ ਹਨ। ਇਸ ਤੋਂ ਵੱਡੀ ਤਰਾਸਦੀ ਭਲਾ ਹੋਰ ਕੀ ਹੋ ਸਕਦੀ ਹੈ ਕਿ ਪੰਜਾਬ ਵਿਚ ਪੰਜਾਬੀਆਂ ਨੂੰ ਹੀ ਆਪਣੇ ਸਰਬ ਸਾਂਝੇ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਅਤੇ ਇਤਿਹਾਸ ਦਾ ਇਲਮ ਨਾ ਹੋਵੇ। ਕਿਸੇ ਘੋਰ ਅਗਿਆਨਤਾ ਅਤੇ ਬੇਇਲਮੀ ਵੱਸ ਸਾਡਾ ਆਪਣਾ ਹੀ ਇਕ ਵਰਗ ਇਹਦੀ ਬੇਅਦਬੀ ਕਰੇ ਤੇ ਕਿਸੇ ਹੋਰ ਸਵਾਰਥ ਹਿੱਤ ਸਾਡੇ ਆਪਣੇ ਧਾਰਮਿਕ ਤੇ ਰਾਜਨੀਤਿਕ ਆਗੂ ਹੀ ਉਹਦੀ ਅਣਦੇਖੀ ਕਰਦਿਆਂ ਉਸ ਉਪਰ ਰਾਜਨੀਤੀ ਕਰਨ!

ਪੰਜਾਬ ਦੇ ਸਕੂਲਾਂ ਵਿਚ ਪੜ੍ਹਾਏ ਜਾਣ ਵਾਲੇ ਇਤਿਹਾਸ ਵੱਲ ਨਜ਼ਰ ਮਾਰੀਏ ਤਾਂ ਸਰਕਾਰੀ ਸਕੂਲਾਂ ਵਿਚ ਅੱਜ ਵੀ ਠੀਕ ਪਾਠ ਪੁਸਤਕਾਂ ਉਪਲਭਦ ਨਾ ਹੋਣ ਦੇ ਚਰਚੇ ਹਨ। ਆਜ਼ਾਦੀ ਦੇ 70 ਸਾਲਾਂ ਬਾਅਦ ਤੇ ਪੰਜਾਬ ਵਿਚ ਪੰਥਕ ਸਰਕਾਰਾਂ ਦੇ ਰਾਜ-ਕਾਲ ਦੇ ਬਾਵਜੂਦ, ਇਸ ਸਾਲ 2018 ਵਿਚ ਇਤਿਹਾਸ ਦੀ ਨਵੀਂ ਛਪੀ ਕਿਤਾਬ ਵਿਵਾਦ ਦਾ ਵਿਸ਼ਾ ਹੋਣ ਕਰਕੇ ਵਾਪਿਸ ਲੈਣੀ ਪਈ ਸੀ।

ਦੇਰੀ ਨਾਲ ਆਈ ਸੋਝੀ ਸਮਝੋ ਜਾਂ ਰਾਜਨੀਤਕ ਮਜਬੂਰੀਆਂ, ਕਮਾਲ ਦੀ ਗੱਲ ਇਹ ਹੈ ਕਿ ਅਗਲੇ ਸਾਲ ਆਉਣ ਵਾਲੇ 550 ਵੇਂ ਪ੍ਰਕਾਸ਼ ਦਿਵਸ ਦੀ ਤਿਆਰੀ ਵਿਚ ਹੁਣ ਸਿੱਖ ਜਥੇਬੰਦੀਆਂ ਦੇ ਨਾਲ ਦੇਸ਼ ਦੀਆਂ ਸਰਕਾਰਾਂ ਵੀ ਇਸ ਪ੍ਰਤੀ ਗੰਭੀਰਤਾ ਦਿਖਾ ਰਹੀਆਂ ਹਨ। ਹੋਰ ਰਚਨਾਤਮਿਕ ਉਪਰਾਲਿਆਂ ਤੋਂ ਇਲਾਵਾ ਚਰਚਿਤ ਕਰਤਾਰਪੁਰ ਦੇ ਲਾਂਘੇ ਦੀ ਪਹਿਲ ਪਾਕਿਸਤਾਨ ਵੱਲੋਂ ਕੀਤੇ ਜਾਣ 'ਤੇ ਭਾਰਤ ਦੀ ਸਰਕਾਰ ਵੀ ਹੁਣ ਅੱਗੇ ਵਧਣ ਲੱਗੀ ਹੈ। ਇਹ 3 ਮੀਲ ਦੀ ਪੁਲਾਂਘ ਦੋ ਦੇਸ਼ਾਂ ਵਿਚਕਾਰ ਛੋਟਾ ਜਿਹਾ ਲਾਂਘਾ ਸਹੀ ਪਰ ਇਹ ਸੰਸਾਰ ਪਧਰ'ਤੇ ਅਮਨ ਸ਼ਾਤੀ ਲਈ ਸ਼ਾਹ-ਰਾਹ ਸਾਬਿਤ ਹੋ ਸਕਦਾ ਹੈ।

ਦਰ੍ਹਾ-ਖੈਬਰ ਜੋ ਅਤੀਤ ਵਿਚ ਕਤਲੋ-ਗ਼ਾਰਤ ਅਤੇ ਬਰਬਾਦੀ ਦਾ ਪ੍ਰਤੀਕ ਰਿਹਾ ਹੈ, ਅਮਨ ਅਤੇ ਖੁਸ਼ਹਾਲੀ ਲਈ ਸ਼ਾਹ-ਰਾਹ ਬਣ ਸਕਦਾ ਹੈ। "ਏਕ ਪਿਤਾ ਏਕਸ ਕੇ ਹਮ ਬਾਰਿਕ; ਕ੍ਰਿਤ ਕਰੋ, ਵੰਡ ਛਕੋ ਤੇ ਨਾਮ ਜਪੋ" ਵਾਲੀ ਪਾਠਸ਼ਾਲਾ ਕਰਤਾਰਪੁਰ ਸਾਹਿਬ ਵਿਚੋਂ ਲੰਘਣ ਵਾਲਾ ਇਹ ਲਾਂਘਾ ਭਰਾਤਰੀ ਭਾਵ ਤੇ ਵਿਸ਼ਵ ਅਮਨ ਦਾ ਪ੍ਰਤੀਕ ਸਾਬਤ ਹੋ ਸਕਦਾ ਹੈ। ਦੋਹਾਂ ਸਰਕਾਰਾਂ ਅਤੇ ਉਨ੍ਹਾਂ ਦੇ ਖਿਡਾਰੀਆਂ, ਕਰਮਚਾਰੀਆਂ ਸਭਨਾਂ ਵਲੋਂ ਇਹ ਸ਼ਲਾਘਾਯੋਗ ਕਦਮ ਹਨ। "ਬਾਬਾ ਨਾਨਕ ਸ਼ਾਹ ਫ਼ਕੀਰ, ਹਿੰਦੂ ਦਾ ਗੁਰੂ, ਮੁਸਲਮਾਨ ਦਾ ਪੀਰ" ਦੇ ਕਰੋੜਾਂ ਨਾਨਕ ਨਾਮ-ਲੇਵਾ ਨੂੰ ਤਾਂ ਇਸ ਬਾਰੇ ਕੋਈ ਸ਼ੰਕਾ ਨਹੀਂ ਹੈ। ਸਵਾਲ ਇਹ ਹੈ ਕਿ ਕੀ ਸਰਕਾਰਾਂ ਵੀ ਇਸ ਲਾਂਘੇ ਤੋਂ ਅੱਗੇ ਲੰਘਣਗੀਆਂ? ਵਰਤਮਾਨ ਵਿਚ ਦੋਹਾਂ ਰੁੱਸੇ ਭਰਾਵਾਂ ਵਿਚਕਾਰ ਵਾਪਰ ਗਏ ਇਸ "ਕੌਤਕ" ਨੂੰ ਸਮਝਣਗੀਆਂ? ਬਾਹਰਲੇ ਮੁਲਕਾਂ ਤੋਂ ਸਬਕ ਸਿੱਖਦਿਆਂ ਇਸ ਲਾਂਘੇ ਦੇ ਆਰ-ਪਾਰ ਅਨੰਤ ਸੰਭਾਵਨਾਵਾਂ ਦੇਖਣ ਦੇ ਸਮਰੱਥ ਹੋ ਸਕਣਗੀਆਂ? ਸਮਾਂ ਦੱਸੇਗਾ।

ਉਂਝ ਭਾਰਤੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਅਗਲੇ 550 ਵੇਂ ਪ੍ਰਕਾਸ਼ ਉਤਸਵ 'ਤੇ ਗੁਰੂ ਸਾਹਿਬਾਨ ਦਾ ਸੁਨੇਹਾ, ਗੋਸ਼ਟੀਆਂ ਤੇ ਸੈਮੀਨਾਰਾਂ ਰਾਹੀਂ ਵਿਸ਼ਵ ਦੇ ਹਰ ਕੋਨੇ ਵਿਚ ਪਹੁੰਚਾਏ ਜਾਣ ਨੂੰ ਭਾਰਤੀ ਸਰਕਾਰ ਤੇ ਸਿੱਖਾਂ ਦਾ ਇਖਲਾਕੀ ਫ਼ਰਜ਼ ਆਖਿਆ ਹੈ। ਚੰਗਾ ਹੋਵੇ ਜੇ ਇਹ ਫ਼ਰਜ਼ ਬਾਬੇ ਦੇ ਉਸ ਲਾਂਘੇ ਤੋਂ ਹੀ ਸ਼ੁਰੂ ਕੀਤਾ ਜਾਏ ਜੋ ਜੁੜਵੇਂ ਪਰ ਨਾਰਾਜ਼ ਭਰਾ, ਪਾਕਿਸਤਾਨ ਵਲੋਂ ਆਪਣੇ ਵਿਹੜੇ ਵਿਚੋਂ ਖੁਸ਼-ਖੁਸ਼ੀ ਦਿੱਤਾ ਜਾ ਰਿਹਾ ਹੈ। ਇਸ ਨੂੰ ਵਿਸ਼ਵ ਦੇ ਭਵਿੱਖ ਨਾਲ ਜੋੜਦਿਆਂ ਸੁਸ਼ਮਾ ਸਵਰਾਜ ਦੇ ਸ਼ਬਦ ਹਨ : "ਅਜ ਜਦੋਂ ਵਿਸ਼ਵ ਪੱਧਰ ਤੇ 'ਮੇਰੀ ਮੇਰੀ' ਦੀ ਗੱਲ ਹੋ ਰਹੀ ਹੈ। ਪਰੋਟੈਕਸ਼ਨਿਜ਼ਮ ਨੂੰ ਪਾਲਿਸੀ ਵਜੋਂ ਅਪਨਾਇਆ ਜਾ ਰਿਹਾ ਹੈ। ਧਰਮ ਦੇ ਨਾਂ 'ਤੇ ਰਾਜਨੀਤੀ ਅਤੇ ਕਤਲੋ-ਗਾਰਤ ਦਾ ਬੋਲ-ਬਾਲਾ ਹੈ, ਤਾਂ ਗੁਰੂ ਸਾਹਿਬਾਨਾਂ ਦੀ ਸਿੱਖਿਆ ਵਿਸ਼ਵ ਲਈ ਯਕੀਨਨ ਰਾਹ-ਦਸੇਰਾ ਬਣ ਸਕਦੀ ਹੈ"। ਕੁਝ ਹੋਰ ਸੰਸਾਰ ਪ੍ਰਸਿੱਧ, ਗ਼ੈਰ ਸਿੱਖ ਵਿਦਵਾਨ; ਜਿਵੇਂ ਮੈਕਾਲਿਫ਼, ਨੋਬਲ ਲਾਰੀਅਟ ਮਿਸ ਪਰਲ ਬੱਕ, ਆਰਨਲਡ ਟੌਇਨਬੀ, ਦਲਾਈ ਲਾਮਾ ਸਮੇਤ, ਜਿਨ੍ਹਾਂ ਨੇ ਗੁਰੂ ਨਾਨਕ ਦੀ ਸਿੱਖੀ ਦੇ ਮੀਰੀ ਗੁਣਾਂ ਨੂੰ ਘੋਖਿਆ, ਵਾਚਿਆ ਹੈ, ਉਹਨਾਂ ਨੇ ਇਸ ਨੂੰ, ਵਿਸ਼ਵ ਦੇ ਧਰਮ ਦੀ ਸੰਭਾਵਨਾ ਵਜੋਂ ਵੇਖਿਆ ਹੈ। ਪਰ ਇਹ ਕਾਰਜ ਇਕ ਭਾਸ਼ਨ, ਦਿਹਾੜੇ, ਮਹੀਨੇ ਜਾਂ ਇਕ ਸਾਲ ਦੇ ਮਨਾਉਣ ਵਾਲਾ ਕਾਰਜ ਨਹੀਂ ਹੈ। ਇਸ ਦੇ ਪਰਸਪਰ ਪਰਚਾਰ ਅਤੇ ਪਰਸਾਰ ਲਈ ਵਿਸ਼ਵ ਦੇ ਇਤਿਹਾਸ ਵਿਚ ਇਸ ਲਈ ਬਣਦੀ ਯੋਗ ਥਾਂ ਵੀ ਬਨਾਉਣੀ ਪਵੇਗੀ। ਇਸ ਬਾਰੇ ਵਿਚ ਸਕੂਲਾਂ ਦੀਆਂ ਪਾਠ ਪੁਸਤਕਾਂ ਵਿਚ ਪੜ੍ਹਾਇਆ ਜਾਣਾ ਸ਼ਾਮਲ ਕਰਨਾ ਸਮੇਂ ਦੀ ਮੁੱਖ ਲੋੜ ਹੈ। ਸਿੱਖ ਜਥੇਬੰਦੀਆਂ ਨੂੰ ਦੇਸ਼ ਦੀਆਂ ਸਰਕਾਰਾਂ ਨਾਲ ਮਿਲ ਕੇ ਇਧਰ ਵਧੇਰੇ ਧਿਆਨ ਦੇਣ ਦੀ ਲੋੜ ਹੈ।

ਅਮਰੀਕਾ ਵਲ ਮੁੜਦਿਆਂ ਯੂਨਿਟੀ ਇਨ ਡਾਇਵਰਸਟੀ 'ਅਨੇਕਤਾ ਵਿਚ ਏਕਤਾ' ਵਾਲੇ ਬਹੁ-ਸੱਭਿਆਚਾਰੀ ਅਤੇ ਬਹੁ-ਰੰਗੀ ਦੇਸ਼ ਦੇ ਸੰਕਲਪ ਦੀ ਖ਼ੂਬਸੂਰਤੀ ਉਸ ਬਾਗ਼ ਦੀ ਨਿਆਈਂ ਹੈ ਜਿਸ ਵਿਚ ਸਿਰਫ ਇਕ ਰੰਗ ਦੇ ਫੁੱਲ ਨਹੀਂ, ਰੰਗ-ਬਰੰਗੇ ਫੁੱਲਾਂ ਵਾਲੇ ਸੱਭਿਆਚਾਰ ਹਨ। ਘੱਟ ਗਿਣਤੀਆਂ ਦੇ ਇਤਿਹਾਸ ਦੀ ਜਾਣਕਾਰੀ ਅਤੇ ਉਸ ਦਾ ਸਕੂਲਾਂ ਦੀਆਂ ਪਾਠ-ਪੁਸਤਕਾਂ ਵਿਚ ਪੜ੍ਹਾਇਆ ਜਾਣਾ, ਇਸ ਦੇਸ਼ ਦੇ ਵਿਧਾਨ ਦੀ ਸ਼ਰਤ ਹੈ। ਚੰਗੇ ਨਾਗਰਿਕ ਬਣਨ ਲਈ ਇਸ ਬਾਰੇ ਲੋੜੀਂਦੀ ਜਾਣਕਾਰੀ ਉਪਲਭਧ ਕਰਵਾਉਣਾ ਸਰਕਾਰ ਦੀ ਜ਼ਿਮੇਵਾਰੀ ਹੈ, ਬੱਚਿਆਂ ਦੀ ਸਕੂਲੀ ਲੋੜ ਵੀ ਹੈ ਤੇ ਹੱਕ ਵੀ। ਇਹ ਸਾਰੇ ਹੱਕ ਜਤਾਉਣ ਨਾਲ ਹੀ ਮਿਲਦੇ ਹਨ। ਉਹਨਾਂ ਨੂੰ ਹਾਸਲ ਕਰਨ ਲਈ ਜੱਦੋ-ਜਹਿਦ ਕਰਦੇ ਰਹਿਣ ਦੀ ਲੋੜ ਹੈ।

ਇਸ ਲੋੜ ਨੂੰ ਸਮਝਦਿਆਂ ਕੌਂਸਲ ਅਤੇ ਸਮੁੱਚੇ ਭਾਈਚਾਰੇ ਵਲੋਂ ਵੀ ਹੋਰ ਜਥੇਬੰਦੀਆਂ ਅਤੇ ਹਮ-ਖਿਆਲ ਵਿਅਕਤੀਆਂ ਨਾਲ ਮਿਲ ਕੇ ਸੰਨ 2009 ਤੋਂ ਕੈਲੀਫੋਰਨੀਆ ਵਿਚ ਕਰੀਕਲਮ ਕਮਿਸ਼ਨ ਬਣਨ ਤੋਂ ਲੈ ਕੇ ਸੰਨ 2018 ਵਿਚ ਸਕੂਲਾਂ ਦੀਆਂ ਨਵੀਆਂ ਪਾਠ-ਪੁਸਤਾਂ ਤੀਕ, ਪਰਸਪਰ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਰਹੀਆਂ ਹਨ। ਇਸ ਦੇ ਫ਼ਲਸਰੂਪ ਅੱਜ ਸੰਨ 20 18 ਨਵੀਆਂ ਟੈਕਸਟ ਬੁਕਸ ਛਪ ਗਈਆਂ ਹਨ। ਇਸ ਦੇ ਲਈ ਸਿੱਖ ਕੌਂਸਲ ਸਮੇਤ ਸਾਰੀਆਂ ਜਥੇਬੰਦੀਆਂ, ਖਾਸ ਤੌਰ ਤੇ ਸਿੱਖ ਕੋਲੀਸ਼ਨ, ਹਮਖਿਆਲ ਵਿਅਕਤੀ, ਕੈਲੀਫ਼ੋਰਨੀਆ ਡਿਪਾਰਟਮੈਂਟ ਆਫ਼ ਐਜੂਕੇਸ਼ਨ, ਸਟੇਟ ਬੋਰਡ ਆਫ਼ ਐਜੂਕੇਸ਼ਨ, ਕੈਲੀਫ਼ੋਰਨੀਆ ਲੈਜਿਸਲੇਟਰਜ਼ ਅਤੇ ਗਵਰਨਰ ਜੈਰੀ ਬਰਾਊਨ ਸਾਰੇ ਹੀ ਵਧਾਈ ਦੇ ਪਾਤਰ ਹਨ।

ਫ਼ਰੈਜ਼ਨੋ ਕਾਊਂਟੀ ਸੁਪਰਟੈਂਡੈਂਟ ਆਫ਼ ਸਕੂਲਜ਼, ਅਨੁਸਾਰ ਆਮ ਲੋਕਾਂ ਦੀ ਜਾਣਕਾਰੀ ਲਈ ਹਿਸਟਰੀ-ਸੋਸ਼ਲ ਸਾਇੰਸ ਦੀਆਂ ਇਹ ਪਾਠ ਪੁਸਤਕਾਂ ਫ਼ਰੈਜ਼ਨੋ ਸਟੇਟ ਯੂਨੀਵਰਸਟੀ ਦੀ ਹੈਨਰੀ ਮੈਡਨ ਲਾਇਬ੍ਰੇਰੀ ਦੇ ਲਰਨਿੰਗ ਰੀਸੋਰਸਿਜ਼ ਡਿਸਪਲੇ ਸੈਂਟਰ ਵਿਚ ਨੁਮਾਇਸ਼ ਵਜੋਂ ਉਪਲਭਧ ਹਨ, ਜਿਨ੍ਹਾਂ ਵਿਚ ਹੋਰਨਾਂ ਘੱਟ-ਗਿਣਤੀਆਂ ਦੇ ਨਾਲ ਹੁਣ ਸਿੱਖੀ ਬਾਰੇ ਜਾਣਕਾਰੀ ਵੀ ਸ਼ਾਮਲ ਹੈ। ਇਹ ਜਾਣਕਾਰੀ ਹੁਣ ਕੈਲੀਫ਼ੋਰਨੀਆ ਦੇ 6 ਮਿਲੀਅਨ ਵਿਦਿਆਰਥੀਆਂ ਨੂੰ ਉਪਲਭਧ ਹੋ ਸਕੇਗੀ। ਅਮਰੀਕਨ ਸਿੱਖਾਂ ਦੀ ਕੌਮੀ ਪੱਧਰ ਤੇ ਯਤਨਸ਼ੀਲ ਮੋਹਰੀ ਸੰਸਥਾ, ਸਿੱਖ ਕੋਲੀਸ਼ਨ ਦੀ ਨਵੀਂ ਛਪੀ ਰੀਪੋਰਟ ਮੁਤਾਬਿਕ ਕੈਲੀਫ਼ੋਰਨੀਆ ਦੇ ਨਾਲ ਹੁਣ ਟੈਕਸਾਸ, ਟੈਨਿਸੀ, ਨਿਊਯਾਰਕ, ਨਿਊਜਰਸੀ, ਆਈਡਾਹੋ ਅਤੇ ਕਲੋਰਾਡੋ 6 ਸਟੇਟਾਂ ਹੋਰ ਸ਼ਾਮਲ ਹੋ ਗਈਆਂ ਹਨ। ਵਾਸ਼ਿੰਗਟਨ ਡੀ.ਸੀ ਸਮੇਤ ਕੁੱਲ ਮਿਲਾ ਕੇ 15 ਮਿਲੀਅਨ ਤੋਂ ਵੱਧ ਵਿਦਿਆਰਥੀ ਹੁਣ ਹਰ ਸਾਲ ਇਨ੍ਹਾਂ ਨਵੀਆਂ ਪਾਠ ਪੁਸਤਕਾਂ ਦਾ ਲਾਭ ਉਠਾਉਂਦਿਆਂ ਸਿੱਖੀ ਬਾਰੇ ਜਾਣ ਸਕਣਗੇ। ਇਸ ਤਰਾਂ ਇਹ ਨੰਬਰ ਆਏ ਦਿਨ ਵਧਦਾ ਜਾਏਗਾ। ਗੁਰੂ ਬਾਬੇ ਨਾਨਕ ਦੇ ਦਰ ਤੋਂ ਪਵਿੱਤਰ ਨਵੰਬਰ ਮਹੀਨੇ ਦੌਰਾਨ ਲੰਘਣ ਵਾਲਾ ਉਹ ਲਾਂਘਾ ਜਿਥੇ ਭਾਰਤ, ਪਾਕਿਸਤਾਨ, ਅਫ਼ਗਾਨਿਸਤਾਨ, ਰੂਸ, ਚੀਨ, ਈਰਾਨ ਨੂੰ ਜੋੜਨ ਦੇ ਸਮਰੱਥ ਹੈ, ਇਧਰ ਸੱਤ ਸਮੁੰਦਰ ਪਾਰ ਅਮਰੀਕਾ ਦੇ ਇਤਿਹਾਸ ਰਾਹੀਂ ਬਣਨ ਵਾਲਾ ਇਹ ਪੁਲ ਵਿਸ਼ਵ ਨਾਲ ਜੁੜਣ ਜਾ ਰਿਹਾ ਹੈ, ਜੋ ਆਰਨੌਲਡ ਟੋਇਨਬੀ ਨੂੰ ਵੀ ਠੀਕ ਸਾਬਤ ਕਰ ਸਕਦਾ ਹੈ ਅਤੇ ਸੁਸ਼ਮਾ ਸਵਰਾਜ ਜੀ ਨੂੰ ਵੀ!


THINKING OF MOVING TO INDIANA?
We can help you find a home and
get your mortgage financing !
Call Bina Today!
(317) 345-6337
We specialize in :
Self-Employed
Residential
New Construction
Commercial Properties
BINA REAL ESTATE
Bina Ahluwalia
bina@binarealestate.com
Mortgage Financing Provided By:
Tony Gregory
(317) 418-1022
tonylends1960@gmail.com
Approved Mortgage, A Winterwood Mortgage Group
NMLS ID: 254201 | NMLS CO ID: 122171


Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE TRUST
SKYWAY TRAVEL
DOMESTIC and INTERNATIONAL
Special
fares to
Amritsar
& Delhi
ਦੋ ਜਾਂ
ਦੋ ਤੋਂ ਵੱਧ
ਟਿਕਟਾਂ ਖਰੀਦਣ
'ਤੇ ਇਕ ਭਾਰ ਤੋਲਣ
ਵਾਲੀ ਮਸ਼ੀਨ ਮੁਫ਼ਤ
ਦਿੱਤੀ ਜਾਵੇਗੀ।
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345


www.indiventy.com
indiventy
Indiventy Technologies
CERTIFIED ISO 9001:2015 COMPANY
SEO
UX
Full Website for
$300 Only
HTML 5
CMS
No Hidden Charges
Our Services
Website Designing
Website Development
Desktop Application Development
Mobile Application Development
Graphic Designing
SEO (search Engine Optimiztation)
Plans
Basic website
Website + Domain + Hosting
Full Website with uptown 8 Pages
5 Social Media Handles of Choice up to 4 Branded Emails accounts with 250mb storage each
Full Responsive Design
SEO friendly Structure
200 Backlinks
$300
Custom websites
Custom Web Solutions with Framework
Full Responsive Design
SEO friendly Structure
Online Branding including logo and Graphic Support
Virus Protection and Malware Scanning
SSL Certificate
500 backlinks
Starting $500
*Request Custom Quotation
Softwares/Applications
Android and IOS applications
Desktop Applications
Online Offline Softwares
Starting $500
*Request Custom Quotation
More Information: 775-293-4666


ਜ਼ਿੰਦਗੀ ਨੂੰ ਸੁਹਾਵਣੀ ਬਣਾਓ
'ਦ ਕੰਪਨੀ ਯੂ ਕੀਪ'
ਦੇ ਨਾਲ !
NEW YORK LIFE
www.newyorklife.com
1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।
COVERED CALIFORNIA
Open Enrollment for Healthcare Starts November 1,2017 to January 31, 2018.
ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073
ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com
ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ
ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!

# ਭਾਈ ਰਾਮ ਸਿੰਘ ਵਲੋਂ ਲਿਖੀਆਂ ਦੋ ਕਿਤਾਬਾਂ ਦੇ 'ਘੁੰਡ ਚੁਕਾਈ' ਸਮਾਗਮ ਦੀਆਂ ਝਲਕੀਆਂ



ਰਿਲੀਜ਼ ਸਮਾਗਮ ਸੰਬੰਧੀ ਪੂਰੀ ਖ਼ਬਰ ਸਫ਼ਾ 3 'ਤੇ ਪੜ੍ਹੋ



























# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**New Home for Sale:**
1830 William Moss Stockton
3 Bed, 2 Bath 1250 square foot
**$299,900**



**Truck Yard for Sale:**
3779 S El Dorado Road Stockton, 3.70 Acres,
60 Truck trailer parking in Permitted Truck parking Zone
**$1,250,000**

Two Acres Truck Yard with small shop Available in Manteca asking for **$950,000**



Ranjit S Mangat
(Lic: 01922089)

**ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ**

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700**
**gbsingh84@gmail.com**

ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਿਹ ॥

# ਮਹਾਨ ਸ਼ਹੀਦੀ ਸਮਾਗਮ

## ਸਿੱਖ ਇਤਿਹਾਸ ਦੇ ਕਦੇ ਨਾ ਭੁੱਲਣ ਵਾਲੇ ਦਿਨ





ਸਮੂਹ ਸ਼ਹੀਦਾਂ ਦੀ ਯਾਦ ਵਿਚ

**ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ 13 ਦਿਨ, 1 ਪੋਹ ਤੋਂ 13 ਪੋਹ ਤੱਕ**

16 ਦਸੰਬਰ ਤੋਂ 28 ਦਸੰਬਰ 2018 ਤੱਕ

ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸ਼ਾਮ 6:00 ਵਜੇ ਤੋਂ 8:00 ਵਜੇ ਤੱਕ ਅਤੇ ਐਤਵਾਰ ਨੂੰ ਸਵੇਰੇ 10:00 ਵਜੇ ਤੋਂ 1:00 ਵਜੇ ਤੱਕ

ਗੁਰਦੁਆਰਾ ਸਾਹਿਬ ਖਾਲਸਾ ਕੇਅਰ ਫਾਊਂਡੇਸ਼ਨ, 9989 Laurel Canyon Blvd, Pacoima CA 91331

ਭਾਈ ਕਨ੍ਹੱਈਆ ਜੀ ਲੰਗਰ ਸੇਵਾ ਦਲ

ਹੋਰ ਜਾਣਕਾਰੀ ਲਈ ਕ੍ਰਿਪਾ ਕਰਕੇ ਸੰਪਰਕ ਕਰੋ:

ਬਲਦੇਵ ਸਿੰਘ (818) 468-9595 ਬਲਵਿੰਦਰ ਸਿੰਘ (818) 404-0811

ਮੱਖਣ ਸਿੰਘ (681) 225-7157 ਪਰਮਜੀਤ ਸਿੰਘ (626) 354-6653





Raja™ SWEETS & CATERING®

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:

Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Call Makhan Bains or Ravinder Singh For Your Next Party**

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders






ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।

# Paradise Ballrooms

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## Services Include

- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.



GP

THE GOLD PROGRAM

TRANSPORTATION'S PREMIER BUYING PROGRAM

TRANS-ALLIANCE

TOGETHER WE SAVE

## NATIONAL ACCOUNT TIRE SAVINGS AND BENEFITS

As a Trans-Alliance customer, you have access to our national accounts with most major tire brands.

The Gold Program allows you to purchase premium tires at **deep discounts**. In addition to stock purchases, you also have access to your pricing over-the-road. **Save an average of $40/tire.**

**Consistent Nationwide Pricing**
Pay the same low price whether you buy over-the-road or at your local dealer.

**24/7/365 Coverage**
Call us around the clock, and get access to our emergency roadside service program.

**No Minimum Purchases**
Buy only the number of tires you want at any given time.

**Retain Your Local Service**
Buy and receive service from your local dealer, and receive our national account service pricing.

— Save on top brands, like —

MICHELIN, Continental, GOODYEAR, BFGoodrich, GENERAL TIRE, DUNLOP, YOKOHAMA, KUMHO TIRES, ROADMASTER TIRES

## Trans-Alliance knows that every dollar counts.

That's why they want to help you save on your tire purchases. Trans-Alliance customers receive nationwide discounts and benefits with most major tire brands.

Don't overpay for your tires. Contact Trans-Alliance today to learn more and request a free quote.

sales@trans-alliance.com

(855) 641-6955




SAVE UPTO 24¢

PER GALLON ON DIESEL






## FUEL CARD

Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.

## FACTORING

Fleet One introduces aggressive factoring program for Trans-Alliance members. We can beat any price to get your piece of business.

**ਪੰਜਾਬੀ ਵਿਚ ਜਾਣਕਾਰੀ ਲਈ 1.855.641.6955**

888.795.7035
sales@trans-alliance.com
www.trans-alliance.com

PETRO Stopping Centers
TA TravelCenters of America
Love's Travel Stops & Country Stores

# ਭਾਰਤੀ ਏਜੰਸੀਆਂ ਵੱਲੋਂ ਕਨੇਡਾ ਵਿਚ ਸਿੱਖਾਂ ਨੂੰ ਬਦਨਾਮ ਕਰਨ ਦੀ ਸਾਜਿਸ਼ ਦਾ ਖੁਲਾਸਾ

**ਓਟਾਵਾ/ ਬਿਊਰੋ ਨਿਊਜ਼ :** ਕਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਭਾਰਤੀ ਉਪਮਹਾਂਦੀਪ ਦੀ ਫੇਰੀ ਬਾਬਤ ਜਾਰੀ ਹੋਈ ਨੈਸ਼ਨਲ ਸਕਿਓਰਟੀ ਅਤੇ ਇੰਟੈਲੀਜੈਂਸ ਕਮੇਟੀ ਆਫ ਪਾਰਲੀਮੈਂਟੇਰੀਅਨਜ਼ਦੀ ਰਿਪੋਰਟ ਵਿਚ ਕਨੇਡਾ ਰਹਿੰਦੇ ਸਿੱਖਾਂ ਦੀ ਸਾਖ ਨੂੰ ਢਾਹ ਲਾਉਣ ਵਾਲੀ ਵਿਦੇਸ਼ੀ ਦਖਲਅੰਦਾਜ਼ੀ ਦੇ ਤੱਥ ਮੁੜ ਉਜਾਗਰ ਹੋਏ ਹਨ। ਜ਼ਿਕਰਯੋਗ ਹੈ ਕਿ ਕਨੇਡਾ ਵਿਚਲਾ ਸਿੱਖ ਭਾਈਚਾਰਾ ਲੰਮੇ ਸਮੇਂ ਤੋਂ ਇਹ ਦੋਸ਼ ਲਾਉਂਦਾ ਆ ਰਿਹਾ ਸੀ ਕਿ ਉਹਨਾਂ ਦੀ ਸਾਖ ਨੂੰ ਢਾਹ ਲਾਉਣ ਲਈ ਭਾਰਤ ਸਰਕਾਰ, ਇਸ ਦਾ ਕਨੇਡਾ ਵਿਚਲਾ ਸਫਾਰਤਖਾਨਾ ਤੇ ਭਾਰਤ ਸਰਕਾਰ ਦੀਆਂ ਖ਼ੂਫੀਆ ਏਜੰਸੀਆਂ ਮੰਦਭਾਵਨਾ ਨਾਲ ਦਖਲ ਅੰਦਾਜ਼ੀ ਕਰਦੀਆਂ ਆ ਰਹੀਆਂ ਹਨ।

ਕੁੱਲ 40 ਪੰਨਿਆਂ ਦੀ ਜਾਰੀ ਹੋਈ ਰਿਪੋਰਟ ਵਿਚੋਂ ਬਹੁਤ ਵੱਡਾ ਹਿੱਸਾ ਕਨੇਡਾ ਦੇ ਪ੍ਰਧਾਨ ਮੰਤਰੀ ਦੇ ਦਫਤਰ ਵੱਲੋਂ ਨੈਸ਼ਨਲ ਸਕਿਓਰਟੀਅਤੇ ਕੌਮਾਂਤਰੀ



ਸਬੰਧਾਂ ਲਈ ਨੁਕਸਾਨਦੇਹ ਦੱਸਦਿਆ ਹਟਾ ਦਿੱਤਾ ਗਿਆ ਹੈ।ਭਾਵੇਂ ਕਿ ਇਸ ਵਿਚੋਂ ਮਹੱਤਵਪੂਰਣ ਜਾਣਕਾਰੀ ਵੱਡੇ ਪੱਧਰ ਉੱਤੇ ਕਨੇਡਾ ਸਰਕਾਰ ਨੇ ਰੋਕ ਲਈ ਹੈ ਪਰ ਫਿਰ ਵੀ ਇਹ ਲੇਖਾ ਸਾਫ ਜ਼ਾਹਰ ਕਰਦਾ ਹੈ ਕਿ ਕਨੇਡਾ ਦੇ ਪ੍ਰਧਾਨ ਮੰਤਰੀ ਦੀ ਭਾਰਤੀ ਉਪਮਹਾਂਦੀਪ ਦੀ ਫੇਰੀ ਦੌਰਾਨ ਭਾਰਤੀ ਏਜੰਸੀਆਂ ਤੇ ਮੀਡੀਆ ਵੱਲੋਂ ਮਿੱਥ ਕੇ ਕਨੇਡਾ ਸਰਕਾਰ ਨੂੰ ਠਿੱਠ ਕੀਤਾ ਗਿਆ ਤੇਸਿੱਖ ਕੱਟੜਵਾਦ ਦੀ ਝੂਠੀ ਦੁਹਾਈ ਪਿੱਟ ਕੇ ਸਿੱਖਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ ਕੀਤੀ ਗਈ। ਇਸ ਵਿਚ ਦੱਸਿਆ ਗਿਆ ਹੈ ਕਿ ਕਿਵੇਂ ਭਾਰਤ ਸਰਕਾਰ ਕਨੇਡਾ ਦੀ ਸਰਕਾਰ ਕੋਲ ਕਨੇਡਾ ਰਹਿੰਦੇ ਸਿੱਖਾਂ ਵਿਰੁਧ ਸ਼ਿਕਾਇਤਾਂ ਕਰਦੀ ਰਹਿੰਦੀ ਹੈ ਤੇ ਤਕਰੀਬਨ ਹਰ ਪੱਧਰ ਦੀ ਦੁਵੱਲੀ ਗੱਲਬਾਤ ਦੌਰਾਨ ਭਾਰਤ ਸਰਕਾਰ ਸਿੱਖਾਂ ਵਿਰੁਧ 'ਅਤਿਵਾਦ' ਦਾ ਦੋਸ਼ ਮੜ੍ਹਦੀ ਹੈ। ਇਸ ਰਿਪੋਰਟ ਵਿਚ ਭਾਰਤੀ ਮੀਡੀਆ ਵੱਲੋਂ ਮਿੱਥ ਕੇ ਕਨੇਡਾ ਦੇ ਪ੍ਰਧਾਨ ਮੰਤਰੀ ਉੱਤੇ ਅਖੌਤੀ ਸਿੱਖ ਕੱਟੜਵਾਦੀਆਂ ਨੂੰ ਹੱਲਾਸ਼ੇਰੀ ਦੇਣ ਦੇ ਦੋਸ਼ ਲਾਉਣ ਵਾਲੀਆਂ ਖਬਰਾਂ ਦਾ ਖਾਸ ਤੌਰ ਉੱਤੇ ਜ਼ਿਕਰ ਕੀਤਾ ਗਿਆ ਹੈ। ਇਹ ਖਬਰਾਂ ਕਨੇਡਾ ਦੇ ਮੀਡੀਆ ਵੱਲੋਂ ਵੀ ਬਿਨਾ ਪੜਚੋਲ ਦੇ ਛਾਪੀਆਂ ਜਾਂਦੀਆਂ ਰਹੀਆਂ ਸਨ।

ਇਸ ਬਾਰੇ ਟਿੱਪਣੀ ਕਰਦਿਆਂ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਦੇ ਪ੍ਰਧਾਨ ਮੁਖਵਿੰਦਰ ਸਿੰਘ ਨੇ ਕਿਹਾ ਹੈ ਕਿ ਇਹ ਰਿਪੋਰਟ ਕਨੇਡਾ ਦੇ ਚੁਣੇ ਹੋਏ ਨੁਮਾਇੰਦਿਆਂ, ਅਫਸਰਾਂ ਤੇ ਮੀਡੀਆ ਲਈ ਸਾਫ ਇਸ਼ਾਰਾ ਹੈ ਕਿ ਭਾਰਤੀ ਮੀਡੀਆ ਵੱਲੋਂ ਸਿੱਖ-ਕੱਟੜਵਾਦ ਦੀ ਦੁਹਾਈ ਪਿੱਟ ਕੇ ਸਿੱਖਾਂ ਨੂੰ ਬਦਨਾਮ ਕਰਨ ਦੀਆਂ ਕੋਸ਼ਿਸ਼ਾਂ ਨੂੰ ਪੜਚੋਲਵੀਂ ਨਜ਼ਰ ਨਾਲ ਵੇਖਣ ਦੀ ਡਾਹਢੀ ਲੋੜ ਹੈ। ਉਹਨਾਂ ਕਿਹਾ ਕਿ ਭਾਰਤੀ ਮੀਡੀਆ ਤੇ ਏਜੰਸੀਆਂ ਵੱਲੋਂ ਬੇਬੁਨਿਆਦ ਦੋਸ਼ ਲਾ ਕੇ ਸਿੱਖਾਂ ਦੀ ਸਾਖ ਨੂੰ ਵੱਟਾ ਲਾਉਣ ਦੀਆਂ ਕੋਸ਼ਿਸ਼ਾਂ ਇਕ ਗੰਭੀਰ ਮਸਲਾ ਹਨ ਅਤੇ ਇਹ ਮਹਿਜ਼ ਇਤਫਾਕ ਨਹੀਂ ਹੈ ਕਿ ਕਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਭਾਰਤ ਫੇਰੀ ਦੌਰਾਨ ਹੋਏ ਦੁਸ਼-ਪ੍ਰਚਾਰ ਤੋਂ ਬਾਅਦ ਕਨੇਡਾ ਵਿੱਚ ਸਿੱਖਾਂ ਖਿਲਾਫ ਨਫਰਤ ਭਰੀ ਹਿੰਸਾਂ ਦੀਆਂ ਘਟਨਾਵਾਂ ਵਿਚ ਵਾਧਾ ਹੋਇਆ ਹੈ। ਉਹਨਾਂ ਕਿਹਾ ਕਿ ਭਾਰਤ ਸਰਕਾਰ ਤੇ ਭਾਰਤੀ ਮੀਡੀਆ ਵੱਲੋਂ ਸਿੱਖ-ਕੱਟੜਵਾਦ ਦੀ ਝੂਠੀ ਦੁਹਾਈ ਪਿੱਟ ਕੇ ਸਿੱਖਾਂ ਨੂੰ ਖੂੰਜੇ ਲਾਉਣ ਦੀਆਂ ਕੋਸ਼ਿਸ਼ਾਂ ਕਰਨਾ ਇਕ ਅਤਿ ਗੰਭੀਰ ਮਸਲਾ ਹੈ ਤੇ ਇਸ ਨਾਲ ਜ਼ੋਰਦਾਰ ਤਰੀਕੇ ਨਾਲ ਨਜਿੱਠਣ ਦੀ ਲੋੜ ਹੈ।

# 'ਆਲਮੀ ਜੰਗਾਂ ਵਿਚ ਜੇ ਸਿੱਖ ਨਾਲ ਨਾ ਹੁੰਦੇ ਤਾਂ ਹਾਰ ਜਾਂਦੇ ਅਸੀਂ'

## ਬ੍ਰਿਟਿਸ਼ ਡਿਪਟੀ ਹਾਈ ਕਮਿਸ਼ਨਰ ਨੇ ਸਿੱਖਾਂ ਨੂੰ ਬਹਾਦਰ ਤੇ ਈਮਾਨਦਾਰ ਕੌਮ ਦੱਸਿਆ



**ਡੇਹਲੋਂ/ਬਿਊਰੋ ਨਿਊਜ਼ :** "ਜੇ ਦੋਵੇਂ ਸੰਸਾਰ ਜੰਗਾਂ 'ਚ ਸਿੱਖ ਬਰਤਾਨੀਆ ਨਾਲ ਨਾ ਹੁੰਦੇ, ਤਾਂ ਇਨ੍ਹਾਂ ਲੜਾਈਆਂ ਦੇ ਨਤੀਜੇ ਉਲਟ ਹੋਣੇ ਸਨ। " ਇਹ ਕਹਿਣਾ ਹੈ, ਭਾਰਤ ਵਿਚ ਬ੍ਰਿਟਿਸ਼ ਡਿਪਟੀ ਹਾਈ ਕਮਿਸ਼ਨਰ ਐਂਡਰੀਉ ਆਇਰ ਦਾ। ਉਨ੍ਹਾਂ ਅੱਗੇ ਕਿਹਾ ਕਿ ਸਿੱਖ ਇਕ ਬਹਾਦਰ ਕੌਮ ਹੈ ਅਤੇ ਇਹ ਕੌਮ ਆਪਣੀ ਬਹਾਦਰੀ ਤੇ ਈਮਾਨਦਾਰੀ ਸਦਕਾ ਦੁਨੀਆ ਭਰ ਵਿਚ ਵਿਸ਼ੇਸ਼ ਸਤਿਕਾਰ ਰੱਖਦੀ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਨੇ ਦੋਹਾਂ ਵਿਸ਼ਵ ਜੰਗਾਂ ਚ ਬਰਤਾਨੀਆ ਵਲੋਂ ਲੜ ਕੇ ਬਹਾਦਰੀ ਦੀਆਂ ਮਿਸਾਲਾਂ ਕਾਇਮ ਕੀਤੀਆਂ।

ਐਂਡਰੀਉ ਆਇਰ ਪੰਜਾਬ ਦੇ ਡੇਹਲੋਂ ਲਾਗਲੇ ਪਿੰਡ ਮਹਿਮਾ ਸਿੰਘ ਵਾਲਾ ਵਿਖੇ ਪਹਿਲੇ ਵਿਸ਼ਵ ਯੁੱਧ ਵਿਚ ਹਿੱਸਾ ਲੈਣ ਵਾਲੇ ਸਿਪਾਹੀਆਂ ਦੀ ਯਾਦ ਨੂੰ ਸਮਰਪਿਤ ਸਮਾਗਮ ਵਿਚ ਬੋਲ ਰਹੇ ਸਨ। ਉਨ੍ਹਾਂ ਪਹਿਲੇ ਵਿਸ਼ਵ ਯੁੱਧ 'ਚ ਬਰਤਾਨੀਆ ਵਲੋਂ ਲੜਨ ਵਾਲੇ 70 ਸਿਪਾਹੀਆਂ, ਜਿਨ੍ਹਾਂ ਵਿਚੋਂ 5 ਨੇ ਇਸ ਯੁੱਧ 'ਚ ਸ਼ਹਾਦਤ ਪ੍ਰਾਪਤ ਕੀਤੀ ਸੀ, ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਸਿਪਾਹੀਆਂ ਦੀ ਯਾਦ 'ਚ ਬਣੀ ਯਾਦਗਾਰ ਦੀ ਘੁੰਡ ਚੁਕਾਈ ਕੀਤੀ। ਪਹਿਲੇ ਵਿਸ਼ਵ ਯੁੱਧ ਵਿਚ ਇਸ ਪਿੰਡ ਦੇ 70 ਵਿਅਕਤੀਆਂ ਨੇ ਹਿੱਸਾ ਲਿਆ ਸੀ ਜਿਨ੍ਹਾਂ ਵਿਚੋਂ ਪੰਜ ਵਿਅਕਤੀਆਂ ਨੇ ਜਾਨ ਦੀ ਕੁਰਬਾਨੀ ਦਿੱਤੀ ਸੀ। ਬਰਤਾਨੀਆ ਵਿਚ ਵਸਦੇ ਕਾਰੋਬਾਰੀ ਜਸਵੰਤ ਸਿੰਘ ਗਰੇਵਾਲ ਦੇ ਯਤਨਾਂ ਸਦਕਾ ਇਹ ਸਮਾਗਮ ਕਰਵਾਇਆ ਗਿਆ।

ਜਸਵੰਤ ਸਿੰਘ ਗਰੇਵਾਲ ਨੇ 5 ਲੱਖ ਦਾ ਚੈੱਕ ਵਰਲਡ ਕੈਂਸਰ ਕੇਅਰ ਅਤੇ ਇਕ ਲੱਖ ਦਾ ਚੈੱਕ ਪਿੰਡ ਲਈ ਦਿੱਤਾ। ਆਇਰ ਨੇ ਪਿੰਡ ਦੇ ਸਟੇਡੀਅਮ ਦਾ ਦੌਰਾ ਕਰ ਕੇ ਉਥੇ ਵਿਜ਼ੇਟਰ ਬੁੱਕ ਵਿਚ ਦਸਤਖ਼ਤ ਕੀਤੇ। ਇਸ ਮੌਕੇ ਡਾ. ਮਨਮੋਹਨ ਸਿੰਘ, ਵਰਲਡ ਕੈਂਸਰ ਕੇਅਰ ਦੇ ਕੁਲਵੰਤ ਸਿੰਘ ਧਾਲੀਵਾਲ, ਮਹਿਦਰ ਸਿੰਘ ਗਿੱਲ ਯੂ.ਕੇ, ਦਵਿੰਦਰ ਸਿੰਘ ਰੰਧਾਵਾ ਯੂਕੇ ਵੀ ਮੌਜੂਦ ਸਨ।

# ਸ਼ਹੀਦ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਦੇ ਨਾਂ ਨਾਲੋਂ 'ਅੱਤਵਾਦੀ' ਸ਼ਬਦ ਹਟਾਉਣ ਤੋਂ ਮੁੱਕਰੀ ਮਹਾਰਾਸ਼ਟਰ ਸਰਕਾਰ

**ਮੁੰਬਈ/ਬਿਊਰੋ ਨਿਊਜ਼ :** ਵਕੀਲ ਅੰਮ੍ਰਿਤਪਾਲ ਸਿੰਘ ਖਾਲਸਾ ਵੱਲੋਂ ਦਾਇਰ ਇੱਕ ਰਿੱਟ ਪਟੀਸ਼ਨ 'ਤੇ ਸੁਣਵਾਈ ਦੌਰਾਨ ਮਹਾਰਾਸ਼ਟਰ ਸਰਕਾਰ ਨੇ ਬੰਬਈ ਹਾਈ ਕੋਰਟ ਨੂੰ ਕਿਹਾ ਹੈ ਕਿ ਉਹ 9ਵੀਂ ਜਮਾਤ ਦੀ ਇਤਿਹਾਸ ਦੀ ਪਾਠ ਪੁਸਤਕ ਦੇ ਉਸ ਅਧਿਆਇ ਨੂੰ ਹਟਾਉਣ ਦਾ ਭਰੋਸਾ ਨਹੀਂ ਦੇ ਸਕਦੀ, ਜਿਸ ਵਿਚ ਖਾਲਿਸਤਾਨੀ ਅੰਦੋਲਨ ਦੌਰਾਨ ਸ਼ਹੀਦ ਹੋਏ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ 'ਅੱਤਵਾਦੀ' ਦੱਸਿਆ ਗਿਆ ਹੈ। ਜਸਟਿਸ ਐਸ ਸੀ ਧਰਮਾਧਿਕਾਰੀ ਤੇ ਭਾਰਤੀ ਡਿੰਗਰੇ ਦੀ ਬੈਂਚ ਦੇ ਇੱਕ ਸਵਾਲ ਦੇ ਜਵਾਬ 'ਚ ਰਾਜ ਦੇ ਸੀਨੀਅਰ ਐਡਵੋਕੇਟ ਵੀ. ਏ. ਥੋਰਟ ਨੇ ਇਹ ਬਿਆਨ ਦਿੱਤਾ। ਪਟੀਸ਼ਨਰ ਨੇ ਦਲੀਲ ਦਿੱਤੀ ਹੈ ਕਿ ਪਾਠ ਪੁਸਤਕ ਵਿਚ ਸੰਤ ਭਿੰਡਰਾਂਵਾਲਿਆਂ ਨੂੰ ਅੱਤਵਾਦੀ ਦੱਸਿਆ ਗਿਆ ਹੈ ਤੇ ਇਹ ਦਾਅਵਾ ਕੀਤਾ ਗਿਆ ਹੈ ਕਿ ਉਸ ਨੂੰ ਪੁਲਸ ਨੇ ਗ੍ਰਿਫਤਾਰ ਕੀਤਾ ਸੀ ਪਰ ਅਸਲ ਤੱਥ ਇਹ ਹੈ ਕਿ ਸੰਤ ਭਿੰਡਰਾਂਵਾਲਿਆਂ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ ਸੀ। ਖਾਲਸਾ ਨੇ ਮਹਾਰਾਸ਼ਟਰ ਰਾਜ ਬਿਊਰੋ ਆਫ਼ ਟੈਕਸਟਬਾਕਸ ਪ੍ਰੋਡਕਸ਼ਨ ਤੇ ਪਾਠਕ੍ਰਮ ਰਿਸਰਚ ਉੱਤੇ ਸਿੱਖ ਸੰਘਰਸ਼ ਦੇ ਅੰਦੋਲਨ ਖਿਲਾਫ ਗ਼ਲਤ ਪ੍ਰਚਾਰਕਰਨ ਦਾ ਦੋਸ਼ ਲਗਾਇਆ ਹੈ ਤੇ ਦਾਅਵਾ ਕੀਤਾ ਹੈ ਕਿ ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਸਿੱਖ ਕੌਮ ਵਿਚ ਸੰਤ ਮੰਨਿਆ ਜਾਂਦਾ ਹੈ।



ਥੋਰਾਟ ਨੇ ਇਸ ਅਪੀਲ ਦਾ ਵਿਰੋਧ ਕੀਤਾ ਤੇ ਕਿਹਾ ਕਿ ਖਾਲਸਾ ਸਿਰਫ ਇਕ ਵਿਅਕਤੀ ਹੈ ਤੇ ਸਮੁੱਚੇ ਸਿੱਖ ਕੌਮ ਦੀ ਪ੍ਰਤੀਨਿਧਤਾ ਨਹੀਂ ਕਰਦਾ। ਉਨ੍ਹਾਂ ਕਿਹਾ ਕਿ ਇਹ ਕਿਤਾਬ ਦਾ ਦੂਜਾ ਐਡੀਸ਼ਨ ਹੈ। ਸਾਰੀ ਪਾਠ ਸਮੱਗਰੀ ਨੂੰ ਛਾਪਣ ਦਾ ਫੈਸਲਾ 30 ਤੋਂ ਵੱਧ ਮਾਹਰਾਂ ਦੇ ਇਕ ਸਮੂਹ ਦੁਆਰਾ ਲਿਆ ਗਿਆ ਸੀ।ਇਸ ਕਰਕੇ ਅਸੀਂ ਪਟੀਸ਼ਨਰ ਨੂੰ ਕੋਈ ਭਰੋਸਾ ਨਹੀਂ ਦੇ ਸਕਦੇ ਕਿ ਜਿਸ ਪਾਠ ਉਤੇ ਇਤਰਾਜ਼ ਕੀਤਾ ਰਿਹਾ ਹੈ ਉਸ ਨੂੰ ਬਦਲਿਆ ਜਾਂ ਮਿਟਾਇਆ ਜਾਵੇਗਾ।ਬੈਂਚ ਨੇ ਪਟੀਸ਼ਨ 'ਤੇ ਆਪਣਾ ਫੈਸਲਾ ਰਾਖਵਾਂ ਰੱਖਿਆ ਹੈ।

## *ਸਿਕਲੀਗਰ ਸਿੱਖਾਂ ਉਤੇ ਤਸ਼ੱਦਦ ਦਾ ਮਾਮਲਾ*

# ਸ੍ਰੀ ਅਕਾਲ ਤਖਤ ਦੇ ਜਥੇਦਾਰ ਵੱਲੋਂ ਮੁਲਜ਼ਮਾਂ ਖਿਲਾਫ ਕਾਰਵਾਈ ਦੀ ਮੰਗ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਸਿਕਲੀਗਰ ਸਿੱਖਾਂ ਉਤੇ ਹੋ ਰਹੇ ਤਸ਼ੱਦਦ ਨੂੰ ਠੱਲ੍ਹ ਪਾਉਣ ਲਈ ਸ਼੍ਰੋਮਣੀ ਕਮੇਟੀ ਭਾਰਤ ਸਰਕਾਰ ਨਾਲ ਗੱਲ ਕਰੇ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਜੀ ਨੇ ਪਿਛਲੇ ਦਿਨੀਂ ਮੱਧ-ਪ੍ਰਦੇਸ਼ ਦੀ ਪੁਲਿਸ ਵੱਲੋਂ ਪਿੰਡ ਸਿੰਦੂਰ ਜਿਲ੍ਹਾ ਖਰਗੋਨ ਦੇ ਸਿਕਲੀਗਰ ਸਿੱਖਾਂ ਨਾਲ ਪੁਲਸ ਵਲੋਂ ਕੀਤੀਆਂ ਜਾ ਰਹੀਆਂ ਵਧੀਕੀਆਂ ਵੱਲ੍ਹ ਧਿਆਨ ਦਿੰਦਿਆਂ ਇਹ ਬਿਆਨ ਜਾਰੀ ਕੀਤਾ ਹੈ। ਉਨ੍ਹਾਂ ਕਿਹਾ ਹੈ ਕਿ ਸਿਕਲੀਗਰ ਸਿੱਖਾਂ ਦਾ ਸਾਥ ਦੇਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਨੁਮਾਇੰਦਾ ਜਥੇਬੰਦੀਆਂ ਅੱਗੇ ਆਉਣ। ਇਸ ਬਾਬਤ ਭਾਰਤ ਸਰਕਾਰ ਨਾਲ ਗੱਲ ਕਰਕੇ ਸਿਕਲੀਗਰ ਸਿੱਖਾਂ ਉੱਤੇ ਕੀਤੇ ਜਾ ਰਹੇ ਅਣਮਨੁੱਖੀ ਤਸ਼ੱਦਦ ਨੂੰ ਠੱਲ੍ਹ ਪਾਉਣ ਦੀ ਕੋਸ਼ਿਸ਼ ਕੀਤੀ ਜਾਵੇ। ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਮਹਾਰਾਸ਼ਟਰ ਦੇ ਜ਼ਿਲ੍ਹੇ ਪਰਭਾਣੀ ਵਿੱਚ ਪੈਂਦੇ ਬਲਸਾ ਪਿੰਡ ਵਿੱਚ ਉੱਥੋਂ ਦੇ ਪੁਲਸ ਮੁਲਾਜ਼ਮਾਂ ਵਲੋਂ ਸਿਕਲੀਗਰ ਸਿੱਖਾਂ ਦੇ ਘਰ ਢਾਹੁਣ, ਗੁਰਦੁਆਰਾ ਸਾਹਿਬ ਵਿੱਚ ਲੱਗੇ ਨਿਸ਼ਾਨ ਸਾਹਿਬ ਨੂੰ ਨੁਕਸਾਨ ਪਹੁੰਚਾਉਣ ਅਤੇ ਸਿਕਲੀਗਰ ਸਿੱਖਾਂ ਨੂੰ ਤੰਗ ਪਰੇਸ਼ਾਨ ਕੀਤੇ ਜਾਣ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਦੀ ਨਿੰਦਾ ਕੀਤੀ ਗਈ ਸੀ।ਗਿਆਨੀ ਹਰਪ੍ਰੀਤ ਸਿੰਘ ਜੀ ਨੇ ਕਿਹਾ ਹੈ, ਕਿ ਮੱਧ ਪ੍ਰਦੇਸ਼ ਵਿਚ ਰਹਿ ਰਹੇ ਸਿਕਲੀਗਰ ਸਿੱਖਾਂ ਦੀ ਅਬਾਦੀ ਨਾ-ਮਾਤਰ ਹੋਣ ਦੇ ਬਾਵਜੂਦ ਉਨ੍ਹਾਂ ਵੱਲੋਂ ਸਿੱਖੀ ਸੂਰਪ ਵਿਚ ਤਿਆਰ-ਬਰ-ਤਿਆਰ ਰਹਿਣ ਕਰਕੇ ਸਥਾਨਕ ਸਰਕਾਰ ਉਨ੍ਹਾਂ ਨੂੰ ਗੈਰ-ਕਾਨੂੰਨੀ ਹਥਿਆਰਾਂ ਦੇ ਤਸਕਰ ਕਹਿ ਕੇ ਉਨ੍ਹਾਂ ਉਪਰ ਅਣ-ਮਨੁੱਖੀ ਤਸ਼ੱਦਦ ਕਰ ਰਹੀ ਹੈ, ਜੋ ਕਿ ਅਤਿ ਨਿੰਦਣਯੋਗ ਹੈ। ਉਥੇ ਵਸਦੇ ਸਮੁੱਚੇ ਸਿਕਲੀਗਰ ਸਿੱਖਾਂ ਵਿਚ ਇਕ ਡਰ ਦਾ ਮਾਹੌਲ ਪੈਦਾ ਹੋ ਗਿਆ ਹੈ। ਜੇਕਰ ਸਰਕਾਰ ਵੱਲੋਂ ਇਸ ਅਤਿ-ਨਿੰਦਣਯੋਗ ਘਿਨਾਉਣੀ ਕਾਰਵਾਈ ਉਪਰ ਰੋਕ ਲਗਾਉਂਦਿਆਂ ਦੋਸ਼ੀ ਪੁਲਿਸ ਅਫਸਰਾਂ/ਮੁਲਾਜ਼ਮਾਂ ਖਿਲਾਫ ਕਾਰਵਾਈ ਨਾ ਕੀਤੀ ਤਾਂ ਇਸਦੇ ਭਿਆਨਕ ਸਿੱਟੇ ਵੀ ਨਿਕਲ ਸਕਦੇ ਹਨ, ਜਿਸ ਦੀ ਜ਼ਿੰਮੇਵਾਰੀ ਮੁਕੰਮਲ ਰੂਪ ਵਿਚ ਸਰਕਾਰ ਦੇ ਸਿਰ ਹੋਵੇਗੀ।



# ਪੰਜਾਬ ਦੇ ਨੌਜਵਾਨ ਦੀ ਕਨੇਡਾ 'ਚ ਸ਼ੱਕੀ ਹਾਲਾਤ ਵਿਚ ਮੌਤ

**ਖਰੜ/ਬਿਊਰੋ ਨਿਊਜ਼ :** ਕਨੇਡਾ ਵਿਚ ਪੜ੍ਹਨ ਗਏ ਪੰਜਾਬ ਦੇ ਜ਼ਿਲ੍ਹਾ ਮੋਹਾਲੀ ਵਿਚ ਪੈਂਦੇ ਖਰੜ ਸ਼ਹਿਰ ਦੇ ਵਸਨੀਕ ਨੌਜਵਾਨ ਦੀ ਉਥੇ ਸ਼ੱਕੀ ਹਾਲਾਤ ਵਿਚ ਮੌਤ ਗਈ ਹੈ। ਮ੍ਰਿਤਕ ਦੀ ਪਛਾਣ ਸੁਖਪ੍ਰੀਤ ਸਿੰਘ (25 ਸਾਲ) ਵਜੋਂ ਹੋਈ ਹੈ। ਉਸ ਦੇ ਪਿਤਾ ਭੁਪਿੰਦਰ ਸਿੰਘ ਤੇ ਪਰਿਵਾਰ ਦੇ ਹੋਰ ਜੀਆਂ ਨੇ ਦੱਸਿਆ ਕਿ ਸੁਖਪ੍ਰੀਤ ਪਿਛਲੇ ਸਾਲ 23 ਦਸੰਬਰ ਨੂੰ ਵੈਨਕੂਵਰ ਪੜ੍ਹਾਈ ਲਈ ਗਿਆ ਸੀ। ਉਹ 4 ਦੋਸਤ ਫਲੈਟ ਵਿਚ ਰਹਿ ਰਹੇ ਸਨ, ਜਿੱਥੇ ਸਵੇਰ ਨੂੰ ਸੁਖਪ੍ਰੀਤ ਮ੍ਰਿਤਕ ਪਾਇਆ ਗਿਆ। ਸੁਖਪ੍ਰੀਤ ਦੀ ਮੰਗਣੀ ਪਿਛਲੇ ਸਾਲ 13 ਦਸੰਬਰ ਨੂੰ ਹੀ ਹੋਈ ਸੀ ਤੇ ਉਹ ਕੈਨੇਡਾ ਵਿਚ ਇਕ ਸਾਲ ਦੇ ਕੋਰਸ ਲਈ ਗਿਆ ਸੀ। ਪਰਿਵਾਰ ਸੁਖਪ੍ਰੀਤ ਦੀ ਦੇਹ ਭਾਰਤ ਮੰਗਵਾਉਣ ਲਈ ਯਤਨ ਕਰ ਰਿਹਾ ਹੈ।



# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ : ਜੀਕੇ ਤੇ ਸਮੁੱਚੀ ਕਾਰਜਕਾਰਨੀ ਦਾ ਅਸਤੀਫ਼ਾ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ ਭ੍ਰਿਸ਼ਟਾਚਾਰ ਦੇ ਦੋਸ਼ਾਂ 'ਚ ਘਿਰਨ ਤੋਂ ਬਾਅਦ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਉਨ੍ਹਾਂ ਕਾਰਜਕਾਰਨੀ ਕਮੇਟੀ ਦੀਆਂ ਚੋਣਾਂ ਕਰੀਬ ਤਿੰਨ ਮਹੀਨੇ ਪਹਿਲਾਂ ਕਰਾਉਣ ਦਾ ਐਲਾਨ ਵੀ ਕਰ ਦਿੱਤਾ। ਉਨ੍ਹਾਂ ਦੇ ਨਾਲ ਹੀ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਸਮੇਤ ਬਾਦਲ ਧੜੇ ਦੇ 14 ਮੈਂਬਰਾਂ ਨੇ ਆਪਣੇ ਅਸਤੀਫ਼ੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਭੇਜ ਦਿੱਤੇ ਹਨ। ਇਹ ਘਟਨਾਕ੍ਰਮ ਉਸ ਸਮੇਂ ਵਾਪਰਿਆ ਜਦੋਂ ਸੁਖਬੀਰ ਸਿੰਘ ਬਾਦਲ ਦੇ ਨਿਰਦੇਸ਼ਾਂ 'ਤੇ ਸਿਰਸਾ ਨੇ ਕਾਰਜਕਾਰਨੀ ਬੋਰਡ ਦੀ ਬੈਠਕ ਸੱਦੀ ਸੀ। ਦਿੱਲੀ ਕਮੇਟੀ ਦੇ ਕਾਨਫਰੰਸ ਹਾਲ ਵਿਖੇ ਬੈਠਕ ਦੌਰਾਨ ਮੈਂਬਰਾਂ ਵਿਚਕਾਰ ਤਿੱਖੀ ਬਹਿਸ ਵੀ ਹੋਈ। ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਦਿੱਲੀ ਇਕਾਈ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ ਕਿਹਾ ਕਿ ਉਹ ਆਪਣੇ ਉਪਰ



ਲੱਗੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਤੋਂ ਮੁਕਤ ਹੋਣ ਤਕ ਕਮੇਟੀ ਵਿੱਚ ਕੋਈ ਅਹੁਦਾ ਨਹੀਂ ਲੈਣਗੇ। ਉਨ੍ਹਾਂ ਐਲਾਨ ਕੀਤਾ ਕਿ ਕਾਰਜਕਾਰਨੀ ਕਮੇਟੀ ਦੀਆਂ ਚੋਣਾਂ ਤੈਅ ਸਮੇਂ ਤੋਂ ਪਹਿਲਾਂ 27-29 ਦਸੰਬਰ ਜਾਂ ਦਿੱਲੀ ਗੁਰਦੁਆਰਾ ਚੋਣ ਬੋਰਡ ਵੱਲੋਂ ਨਿਰਧਾਰਤ ਕੀਤੀ ਜਾਣ ਵਾਲੀ ਤਰੀਕ ਨੂੰ ਕਰਵਾਈਆਂ ਜਾਣਗੀਆਂ। ਇਸ ਦੌਰਾਨ ਗੁਰਦੁਆਰਾ ਚੋਣ ਬੋਰਡ ਨੂੰ ਚਿੱਠੀ ਲਿਖ ਦਿੱਤੀ ਗਈ ਹੈ। ਉਂਜ ਮੌਜੂਦਾ ਕਾਰਜਕਾਰਨੀ ਦੀ ਮਿਆਦ 29 ਮਾਰਚ 2019 ਤਕ ਹੈ। ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਕਮੇਟੀ ਵਿੱਚ ਤਾਕਤਾਂ ਨੂੰ ਲੈ ਕੇ ਜੀਕੇ ਨਾਲ ਕੋਈ ਟਕਰਾਅ ਨਹੀਂ ਹੈ। ਗਹਿਮਾ-ਗਹਿਮੀ ਦੌਰਾਨ ਗੀਤਾ ਕਾਲੋਨੀ ਤੋਂ ਕਮੇਟੀ ਮੈਂਬਰ ਹਰਿੰਦਰਪਾਲ ਸਿੰਘ ਬੈਠਕ ਵਿਚੋਂ ਬਾਈਕਾਟ ਕਰਕੇ ਬਾਹਰ ਚਲੇ ਗਏ ਤੇ ਉਨ੍ਹਾਂ ਬਾਹਰ ਆ ਕੇ ਆਪਣਾ ਅਸਤੀਫ਼ਾ ਦੇਣ ਦਾ ਐਲਾਨ ਕਰ ਦਿੱਤਾ। ਸ੍ਰੀ ਸਿਰਸਾ, ਕੁਲਵੰਤ ਸਿੰਘ ਬਾਠ ਤੇ ਹੋਰ ਆਗੂ ਉਨ੍ਹਾਂ ਨੂੰ ਮਨਾ ਕੇ ਮੀਟਿੰਗ ਹਾਲ ਵਿਚ ਲੈ ਗਏ।

# ਚੰਦੂਮਾਜਰਾ ਨੇ ਆਰਐਸਐਸ ਸਮਾਗਮ ਵਿਚ ਜਾ ਕੇ ਅਕਾਲ ਤਖਤ ਸਾਹਿਬ ਦੇ ਹੁਕਮਨਾਮੇ ਦੀਆਂ ਉਡਾਈਆਂ ਧੱਜੀਆਂ



ਰੂਪਨਗਰ/ਬਿਊਰੋ ਨਿਊਜ਼ : ਅਕਾਲੀ ਦਲ ਬਾਦਲ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਜਿਥੇ ਆਪਣੀਆਂ ਪਿਛਲੀਆਂ ਕੀਤੀਆਂ ਭੁੱਲਾਂ ਬਖ਼ਸ਼ਾਉਣ ਲਈ ਜੋੜੇ ਸਾਫ਼ ਕਰ ਰਿਹਾ ਸੀ, ਉਥੇ ਦੂਜੇ ਪਾਸੇ ਇਕ ਹੋਰ ਬਾਦਲ ਦਲੀਏ ਵੱਲੋਂ ਬੀਤੇ ਵਿਚ ਜਾਰੀ ਕੀਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਸਨ। ਜੇਕਰ ਰੂਪਨਗਰ ਵਿਚ ਸ੍ਰੀ ਰਾਮ ਜਨਮ ਭੂਮੀ ਨਿਆਸ ਸਮਿਤੀ ਵਲੋਂ ਕਰਵਾਏ ਗਏ ਸਮਾਗਮ ਦੀਆਂ ਖ਼ਬਰਾਂ ਪੜ੍ਹੀਆਂ ਜਾਣ ਤਾਂ ਹੁਣ ਸ਼੍ਰੋਮਣੀ ਅਕਾਲੀ ਦਲ ਰਾਮ ਮੰਦਿਰ ਵੀ ਬਣਾਏਗਾ ਅਤੇ ਇੰਨੇ ਚਿਰ ਤੋਂ ਜਿਹੜਾ ਅਕਾਲੀ ਦਲ ਇਹ ਕਹਿੰਦਾ ਨਹੀਂ ਥੱਕਦਾ ਸੀ ਕਿ ਸਾਡੀ ਆਰਐਸਐਸ. ਨਾਲ ਕੋਈ ਸਾਂਝ ਨਹੀਂ ਹੈ, ਉਸੇ ਅਕਾਲੀ ਦਲ ਦੇ ਵੱਡੇ ਆਗੂ ਅਤੇ ਲੋਕ ਸਭਾ ਮੈਂਬਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਆਰਐਸਐਸ. ਦੀ ਸਟੇਜ 'ਤੇ ਹਾਜ਼ਰੀ ਲਗਵਾ ਕੇ ਇਨ੍ਹਾਂ ਦੀ 'ਨਾਪਾਕ-ਸਾਂਝ' ਦਾ ਸਾਰਾ ਕੱਚਾ ਚਿੱਠਾ ਵੀ ਖੋਲ੍ਹ ਦਿੱਤਾ ਹੈ। ਪ੍ਰੋ. ਚੰਦੂਮਾਜਰਾ ਨੇ ਇਹ ਹਰਕਤ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਉਸ ਹੁਕਮਨਾਮੇ ਦੀ ਉਲੰਘਣਾ ਵੀ ਕੀਤੀ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਸਿੱਖ ਪੰਥ ਆਰਐਸਐਸ ਦਾ ਬਾਈਕਾਟ ਕਰੇ। ਚੰਦੂਮਾਜਰਾ ਨੇ ਆਰਐਸਐਸ ਨਾਲ ਮੰਚ ਸ਼ੇਅਰ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਇਕ ਤਰ੍ਹਾਂ ਨਾਲ ਚੁਣੌਤੀ ਦਿੱਤੀ ਹੈ। ਉਨ੍ਹਾਂ ਰਾਮ ਮੰਦਿਰ ਦੇ ਗੁਣਗਾਣ ਵੀ ਕੀਤੇ ਅਤੇ ਰਾਮ ਮੰਦਿਰ ਵਿਚਲੀਆਂ ਹਿੰਦੂ ਸਮਾਜ ਦੀਆਂ ਭਾਵਨਾਵਾਂ ਵੀ ਪੂਰੀਆਂ ਕਰਨ ਨੂੰ ਕਿਹਾ।

ਦੱਸਣਾ ਬਣਦਾ ਹੈ ਕਿ ਬੀਤੇ ਸ਼ਨਿਚਰਵਾਰ ਨੂੰ ਰੂਪਨਗਰ ਵਿਚ ਰਾਮ ਲੀਲਾ ਗਰਾਊਂਡ ਵਿਚੋਂ ਇਕ ਰੱਥ ਯਾਤਰਾ ਕੱਢੀ ਗਈ ਜਿਸ ਵਿਚ ਆਰਐਸਐਸ. ਦੇ ਜ਼ਿਲ੍ਹਾ ਪ੍ਰਚਾਰਕ ਦੀਪਕ ਸ਼ਰਮਾ ਅਤੇ ਹੋਰ ਸਬੰਧਤ ਸ਼ਾਖ਼ਾਵਾਂ ਅਤੇ ਭਾਜਪਾ ਦੇ ਆਗੂ ਪੁੱਜੇ। ਇਸ ਸਬੰਧੀ ਜਦੋਂ ਲੋਕ ਸਭਾ ਮੈਂਬਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਮੈਨੂੰ ਜ਼ਿਲ੍ਹਾ ਪ੍ਰਧਾਨ ਜਤਿੰਦਰ ਸਿੰਘ ਅਠਵਾਲ ਨੇ ਬੁਲਾਇਆ ਸੀ ਅਤੇ ਇਹ ਲੋਕ ਪੂਰੇ ਭਾਰਤ ਵਿਚ ਆਪਣੇ ਮੈਮੋਰੰਡਮ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਮੈਨੂੰ ਨਹੀਂ ਪਤਾ ਕਿ ਆਰਐਸਐਸ. ਦੇ ਜ਼ਿਲ੍ਹਾ ਪ੍ਰਚਾਰਕ ਵੀ ਉਥੇ ਸਨ। ਰਾਮ ਮੰਦਿਰ ਬਾਰੇ ਸ਼੍ਰੋਮਣੀ ਅਕਾਲੀ ਦਲ ਦੇ ਸਟੈਂਡ ਬਾਰੇ ਉਹ ਕੋਈ ਸਪੱਸ਼ਟ ਜਵਾਬ ਨਾ ਦੇ ਸਕੇ ਤੇ ਉਨ੍ਹਾਂ ਕਿਹਾ ਕਿ ਇਹ ਮਾਮਲਾ ਕੋਰਟ ਵਿਚ ਹੈ। ਇਸ ਸਮਾਗਮ ਵਿਚ ਸਮਿਤੀ ਦੇ ਇੰਚਾਰਜ ਬੋਧ ਰਾਜ ਕਾਲੀਆ ਵਲੋਂ ਕੇਸਰੀ ਦਸਤਾਰ ਬੰਨ੍ਹੀ ਹੋਈ ਸੀ। ਇਨ੍ਹਾਂ ਵਲੋਂ ਸ਼ਹਿਰ ਵਿਚ ਇਕ ਸ਼ੋਭਾ ਯਾਤਰਾ ਵੀ ਕੱਢੀ ਗਈ ਅਤੇ ਲੋਕ ਸਭਾ ਮੈਂਬਰ ਚੰਦੂਮਾਜਰਾ ਨੂੰ ਇਕ ਮੰਗ ਪੱਤਰ ਦਿੱਤਾ। ਗੌਰਤਲਬ ਹੈ ਕਿ ਭਾਰਤੀ ਜਨਤਾ ਪਾਰਟੀ ਵਲੋਂ ਲੋਕ ਸਭਾ ਚੋਣਾਂ ਦੇ ਨੇੜੇ ਆਉਂਦਿਆ ਹੀ ਅਯੁੱਧਿਆ ਵਿਚ ਰਾਮ ਮੰਦਿਰ ਬਣਾਉਣ ਦੇ ਮੁੱਦੇ ਨੂੰ ਤੂਲ ਦੇਣੀ ਸ਼ੁਰੂ ਕਰ ਦਿੱਤੀ ਗਈ ਹੈ, ਪਰ ਇਸ ਵਾਰ ਇਸ ਮਸਲੇ ਵਿਚ ਆਰਐਸਐਸ. ਵਲੋਂ ਕਥਿਤ ਤੌਰ 'ਤੇ ਇਕ ਸਾਜ਼ਿਸ਼ ਤਹਿਤ ਮੁਸਲਮਾਨਾਂ ਦੇ ਸਾਹਮਣੇ ਸਿੱਖਾਂ ਨੂੰ ਕਰਨ ਦੀ ਤਿਆਰੀ ਵੀ ਕੀਤੀ ਜਾ ਰਹੀ ਹੈ। ਪ੍ਰੋ. ਚੰਦੂਮਾਜਰੇ ਵਰਗੇ ਸੱਤਾ ਦੇ ਲਾਲਚ ਵਿਚ ਆਰਐਸਐਸ ਦੀ ਇਸ ਚਾਲ ਦੇ ਮੋਹਰੇ ਬਣ ਰਹੇ ਹਨ।

## ਪੰਥ ਨਾਲ ਕੀਤੇ ਧ੍ਰੋਹ ਦਾ ਕਲੰਕ ਹੁਣ ਸੇਵਾ ਜਾਂ ਮੁਆਫ਼ੀ ਦੇ ਨਾਟਕਾਂ ਨਾਲ ਨਹੀਂ ਮਿਟਣਾ : ਦੁਪਾਲਪੁਰ

ਸੈਨਹੋਜ਼ੇ/ਬਿਊਰੋ ਨਿਊਜ਼ : ਮੀਡੀਆ ਵਿਚ ਆ ਰਹੀਆਂ ਖ਼ਬਰਾਂ ਅਤੇ ਬਾਦਲਕਿਆਂ ਵਲੋਂ ਗੁਰੂਘਰ ਵਿਖੇ ਜੋੜੇ ਪਾਲਿਸ਼ ਕਰਦਿਆਂ ਦੀਆਂ ਛਪੀਆਂ ਤਸਵੀਰਾਂ 'ਤੇ ਟਿੱਪਣੀ ਕਰਦਿਆਂ ਤਰਲੋਚਨ ਸਿੰਘ ਦੁਪਾਲਪੁਰ ਸਾਬਕਾ ਮੈਂਬਰ ਸ਼੍ਰੋਮਣੀ ਕਮੇਟੀ ਨੇ ਕਿਹਾ ਕਿ ਬਾਦਲ ਪਰਿਵਾਰ ਵਲੋਂ ਸੱਤਾ ਉਪਰ ਕਾਬਜ਼ ਰਹਿਣ ਦੀ ਮਨਸ਼ਾ ਨਾਲ ਜੋ ਪੰਥਕ ਸਿਧਾਂਤਾਂ ਅਤੇ ਰਵਾਇਤਾਂ ਦਾ ਲੰਬੇ ਅਰਸੇ ਤੋਂ ਘਾਣ ਕੀਤਾ ਜਾ ਰਿਹਾ ਹੈ, ਉਹ ਕਲੰਕ ਹੁਣ ਇਸ ਲੂੰਗ-ਲਾਣੇ ਵਲੋਂ ਕੀਤੇ ਜਾ ਰਹੇ ਸੇਵਾ ਜਾਂ ਮੁਆਫ਼ੀ ਦੇ ਡਰਾਮਿਆਂ ਨਾਲ ਨਹੀਂ ਮਿਟ ਸਕਦਾ। ਕਿਹਨੂੰ ਨਹੀਂ ਪਤਾ ਕਿ ਇਹ ਸਾਰਾ ਕੁਝ ਗਿਣੀ ਮਿਥੀ ਯੋਜਨਾ ਦੇ ਤਹਿਤ ਹੀ ਹੋ ਰਿਹਾ ਹੈ। ਪਹਿਲਾਂ ਸਿੱਖ ਜਗਤ ਦੇ ਅੱਖੀਂ ਘੱਟਾ ਪਾਉਂਦਿਆਂ ਜੀ-ਹਜ਼ੂਰੀਏ ਜਥੇਦਾਰ ਗੁਰਬਚਨ ਸਿੰਘ ਨੂੰ ਬਦਲਿਆ ਗਿਆ। ਸ਼੍ਰੋਮਣੀ ਕਮੇਟੀ ਦੇ ਅੰਦਰਲੇ ਸੂਤਰ ਦੱਸਦੇ ਹਨ ਕਿ 'ਨਵੇਂ ਜਥੇਦਾਰ' ਨੂੰ ਥੋਪੇ ਜਾਣ ਵਾਲੇ ਮੁਆਫ਼ੀ ਦੇ ਨਾਟਕ ਦੀ ਸਾਰੀ ਪਟਕਥਾ ਪੜ੍ਹਾ ਕੇ ਹੀ ਸ੍ਰੀ ਅਕਾਲ ਤਖਤ 'ਤੇ ਨਿਯੁਕਤ ਕੀਤਾ ਗਿਆ ਸੀ, ਜਿਨ੍ਹਾਂ ਨੂੰ 'ਜਾਣੇ ਅਣਜਾਣੇ' ਦੀਆਂ ਭੁੱਲਾਂ ਕਹਿ ਕੇ ਪ੍ਰਚਾਰਿਆ ਜਾ ਰਿਹਾ ਹੈ। ਹਕੀਕਤ ਇਹ ਹੈ ਕਿ ਜਿਵੇਂ ਵੱਡੇ ਬਾਦਲ ਨੇ ਨਕਲੀ ਨਿਰੰਕਾਰੀਆਂ ਦੀਆਂ ਵੋਟਾਂ ਲੈਣ ਲਈ, '78 ਦੀ ਵਿਸਾਖੀ ਦੇ ਇਤਿਹਾਸਕ ਦਿਨ ਉਨ੍ਹਾਂ ਨੂੰ ਜਿਸ ਤਰ੍ਹਾਂ ਸ੍ਰੀ ਅੰਮ੍ਰਿਤਸਰ ਵਿਖੇ ਸਮਾਗਮ ਕਰਨ ਦੀ ਇਜਾਜ਼ਤ ਦਿੱਤੀ ਸੀ, ਉਨ੍ਹਾਂ ਦੇ ਕਦਮ ਚਿਨ੍ਹਾਂ ਉਤੇ ਚਲਦਿਆਂ ਸੁਖਬੀਰ ਸਿੰਘ ਬਾਦਲ ਨੇ ਵੀ ਸੌਧਾ ਸਾਧ ਦੇ ਹਮਾਇਤੀਆਂ ਦੀਆਂ ਵੋਟਾਂ ਖਾਤਰ ਸ੍ਰੀ ਅਕਾਲ ਤਖਤ ਅਤੇ ਗੁਰੂਘਰ ਦੀਆਂ ਗੋਲਕਾਂ ਦੀ ਰੱਜ ਕੇ ਦੁਰਵਰਤੋਂ ਕੀਤੀ। ਪੁੱਤਰ ਮੋਹ ਅਧੀਨ ਅੱਖਾਂ ਬੰਦ ਕਰਕੇ ਬਜ਼ੁਰਗ ਬਾਦਲ ਸਿੱਖੀ ਪ੍ਰੰਪਰਾਵਾਂ ਦੀ ਮਿੱਟੀ ਪਲੀਤ ਹੁੰਦੀ ਦੇਖਦੇ ਰਹੇ। ਬਾਦਲ ਦੇ ਦਸਾਂ ਸਾਲਾ ਰਾਜ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹੋਈ ਬੇਅਦਬੀ, ਫਿਰ ਬਹਿਬਲ ਕਲਾਂ ਵਿਚ ਸ਼ਹੀਦ ਕੀਤੇ ਦੋ ਸਿੱਖ ਨੌਜਵਾਨਾਂ ਵਾਲੀ ਦਰਦਨਾਕ ਦਾਸਤਾਂ ਇਤਿਹਾਸ ਦਾ ਕਾਲਾ ਅਧਿਆਇ ਬਣ ਚੁੱਕੀ ਹੈ, ਜਿਸ ਨੂੰ ਹੁਣ ਧਾਰਮਿਕ ਡਰਾਮਿਆਂ ਰਾਹੀਂ ਭੁਲਾਏ ਜਾਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਬਾਦਲਕਿਆਂ ਵਲੋਂ ਕੀਤੀ ਜਾ ਰਹੀ ਰਹੀ ਸਰਗਰਮੀ 'ਤੇ ਸਿੱਖ ਸਮਾਜ ਬਾਜ ਨਜ਼ਰ ਰੱਖ ਰਿਹਾ ਹੈ। ਮਿਸਾਲ ਵਜੋਂ ਸੋਸ਼ਲ ਮੀਡੀਆ 'ਤੇ ਬਾਦਲਾਂ ਵਲੋਂ ਜੋੜੇ ਪਾਲਿਸ਼ ਕਰਦਿਆਂ ਦੀਆਂ ਫੋਟੋ 'ਤੇ ਸਮੂਹ ਪੰਜਾਬੀ ਵਿਅੰਗਮਈ ਟੋਟਕੇ ਲਿਖ ਕੇ ਬਾਦਲ-ਦਲੀਆਂ ਦਾ ਮਖ਼ੌਲ ਉਡਾ ਰਹੇ ਹਨ। ਬਾਦਲ ਪਰਿਵਾਰ ਨੂੰ ਖਾਲਸਾ ਪੰਥ ਦੇ ਰੋਹ ਨੂੰ ਭਾਂਪਦਿਆਂ ਚਾਹੀਦਾ ਹੈ ਕਿ ਉਹ ਹੁਣ ਪੰਥਕ ਕੇਂਦਰ ਦੇ ਗਲ਼ ਪਾਈ ਬਾਦਲੀ ਪੰਜਾਲੀ ਲਾਹ ਕੇ ਆਪਣੇ ਘਰੇਲੂ ਬਿਜਨਸ ਵੱਲ ਧਿਆਨ ਦੇਣ ਤਾਂ ਕਿ ਪੰਥਕ ਸੜਕਾਂ ਵਿਚ ਆਜ਼ਾਦ ਹਵਾਵਾਂ ਰੁਮਕਣ ਅਤੇ ਸਮੇਂ ਦੀ ਹਾਣ ਦੀ ਕੋਈ ਨਵੀਂ ਲੀਡਰਸ਼ਿਪ ਅੱਗੇ ਆ ਸਕੇ।

# ਬਾਦਲ ਕੁਨਬੇ ਦੀ ਸਿਆਸੀ ਲੜਾਈ ਅਦਾਲਤ 'ਚ ਪੁੱਜੀ

### ਮਨਪ੍ਰੀਤ ਦੇ ਸਾਲੇ ਵੱਲੋਂ ਸੁਖਬੀਰ- ਹਰਸਿਮਰਤ ਤੇ ਬਿਕਰਮ ਖਿਲਾਫ ਕੇਸ

ਬਠਿੰਡਾ/ਬਿਊਰੋ ਨਿਊਜ਼ :
ਬਾਦਲ ਕੁਨਬੇ ਦੇ ਸ਼ਰੀਕਾਂ ਵਿਚ ਪਹਿਲਾਂ ਸਿਆਸੀ ਜੰਗ ਚੱਲ ਰਹੀ ਸੀ, ਜਦੋਂ ਕਿ ਹੁਣ ਕਾਨੂੰਨੀ ਲੜਾਈ ਵੀ ਸ਼ੁਰੂ ਹੋ ਗਈ ਹੈ। ਸਥਾਨਕ ਜ਼ਿਲ੍ਹਾ ਅਦਾਲਤੀ ਕੰਪਲੈਕਸ ਵਿਚ ਮਨਪ੍ਰੀਤ ਬਾਦਲ ਦੇ ਰਿਸ਼ਤੇਦਾਰ ਜੈਜੀਤ ਜੌਹਲ ਕਾਂਗਰਸੀ ਨੇਤਾਵਾਂ ਨਾਲ ਆਏ ਅਤੇ ਉਨ੍ਹਾਂ ਦੇ ਐਡਵੋਕੇਟ ਸੰਦੀਪ ਬਾਘਲਾ ਨੇ ਇਕ ਇਸਤਗਾਸਾ ਦਾਇਰ ਕੀਤਾ ਹੈ। ਮਨਪ੍ਰੀਤ ਸਿੰਘ ਬਾਦਲ ਦੇ ਸਾਲੇ ਜੈਜੀਤ ਸਿੰਘ ਜੌਹਲ ਉਰਫ਼ ਜੋਜੋ ਅਕਾਲੀ ਨੇਤਾਵਾਂ ਵੱਲੋਂ ਰਿਫ਼ਾਇਨਰੀ ਦੇ 'ਗੁੰਡਾ ਟੈਕਸ' ਮਾਮਲੇ 'ਚ ਆਪਣਾ ਨਾਮ ਉਛਾਲੇ ਜਾਣ ਤੋਂ ਖ਼ਫ਼ਾ ਹਨ। ਉਨ੍ਹਾਂ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ, ਬਿਕਰਮ ਸਿੰਘ ਮਜੀਠੀਆ, ਡਾ. ਦਲਜੀਤ ਸਿੰਘ ਚੀਮਾ ਅਤੇ ਹੋਰਾਂ ਖ਼ਿਲਾਫ਼ ਕਾਨੂੰਨੀ ਲੜਾਈ ਵਿੱਢ ਦਿੱਤੀ ਹੈ। ਉਨ੍ਹਾਂ ਸੀਨੀਅਰ ਅਕਾਲੀ ਲੀਡਰਾਂ ਖ਼ਿਲਾਫ਼ ਬਠਿੰਡਾ ਦੀ ਅਦਾਲਤ 'ਚ ਫ਼ੌਜਦਾਰੀ ਸ਼ਿਕਾਇਤ ਦਾਇਰ ਕੀਤੀ।

ਚੀਫ਼ ਜੁਡੀਸ਼ੀਅਲ ਮੈਜਿਸਟਰੇਟ ਬਠਿੰਡਾ ਦੀ ਅਦਾਲਤ ਵੱਲੋਂ ਇਸ ਮਾਮਲੇ ਦੀ 25 ਜਨਵਰੀ ਨੂੰ ਅਗਲੀ ਸੁਣਵਾਈ ਕੀਤੀ ਜਾਵੇਗੀ। ਮਨਪ੍ਰੀਤ ਬਾਦਲ ਤਰਫ਼ੋਂ ਹਰੀ ਝੰਡੀ ਮਿਲਣ ਮਗਰੋਂ ਹੀ ਜੈਜੀਤ ਜੌਹਲ ਨੇ ਬਾਦਲਾਂ ਤੇ ਮਜੀਠੀਆ ਖ਼ਿਲਾਫ਼ ਇਹ ਮਦਮ ਚੁੱਕਿਆ ਦੱਸਿਆ ਜਾਂਦਾ ਹੈ।

ਫ਼ੌਜਦਾਰੀ ਸ਼ਿਕਾਇਤ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ, ਵਿਧਾਇਕ ਬਿਕਰਮ ਸਿੰਘ ਮਜੀਠੀਆ, ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਅਤੇ ਪੰਜਾਬੀ ਨਿਊਜ਼ ਚੈਨਲ ਦੇ ਪ੍ਰਬੰਧਕ ਖ਼ਿਲਾਫ਼ ਦਾਇਰ ਕੀਤੀ ਗਈ ਹੈ। ਜੈਜੀਤ ਜੌਹਲ ਨੇ ਆਖਿਆ ਕਿ ਉਹ ਮਾਣਹਾਨੀ ਦੇ ਮਾਮਲੇ ਵਿਚ 10 ਕਰੋੜ ਦੇ ਮੁਆਵਜ਼ੇ ਲਈ ਵੱਖਰਾ ਕੇਸ ਦਾਇਰ ਕਰ ਰਹੇ ਹਨ। ਜੋਜੋ ਨੇ ਆਖਿਆ ਕਿ ਕੇਸ ਵਾਸਤੇ ਕਾਗ਼ਜ਼ਾਤ ਤਿਆਰ ਕਰਨ ਅਤੇ ਕੁਝ ਅਰਸਾ ਬਾਹਰ ਰਹਿਣ ਕਰਕੇ ਉਨ੍ਹਾਂ ਨੂੰ ਕੇਸ ਦਾਇਰ ਕਰਨ ਵਿਚ ਦੇਰੀ ਹੋ ਗਈ। ਉਨ੍ਹਾਂ ਆਖਿਆ ਕਿ ਉਹ ਬਾਦਲਾਂ ਨਾਲ ਸਮਝੌਤਾ ਕਰਨ ਨਾਲੋਂ ਪਿੰਡ 'ਚ ਖੇਤੀ ਕਰਨ ਨੂੰ ਤਰਜੀਹ ਦੇਣਗੇ। ਜੈਜੀਤ ਨਾਲ ਸੀਨੀਅਰ ਕਾਂਗਰਸੀ ਆਗੂ ਕੇ ਕੇ ਅਗਰਵਾਲ, ਐਡਵੋਕੇਟ ਰਾਜਨ ਗਰਗ, ਸ਼ਹਿਰੀ ਪ੍ਰਧਾਨ ਮੋਹਨ ਲਾਲ ਝੁੰਬਾ, ਸਾਬਕਾ ਪ੍ਰਧਾਨ ਅਸ਼ੋਕ ਕੁਮਾਰ, ਪਵਨ ਮਾਨੀ, ਚਮਕੌਰ ਮਾਨ ਆਦਿ ਵੀ ਹਾਜ਼ਰ ਸਨ। ਜੌਹਲ ਦੇ ਵਕੀਲ ਐਡਵੋਕੇਟ ਸੰਦੀਪ ਬਾਘਲਾ ਨੇ ਦੱਸਿਆ ਕਿ ਉਨ੍ਹਾਂ ਨੇ ਦਾਇਰ ਇਸਤਗਾਸੇ ਵਿਚ ਕੈਦ ਦੀ ਸਜ਼ਾ ਮੰਗੀ ਹੈ। ਉਨ੍ਹਾਂ ਦੱਸਿਆ ਕਿ 10 ਕਰੋੜ ਰੁਪਏ ਦੇ ਮੁਆਵਜ਼ੇ ਲਈ ਉਹ ਵੱਖਰੀ ਸਿਵਲ ਰਿੱਟ ਦਾਇਰ ਕਰਨਗੇ।



ਜੈਜੀਤ ਜੋਜੋ ਅਦਾਲਤੀ ਕੰਪਲੈਕਸ ਵਿਚ ਕੇਸ ਦਾਇਰ ਕਰਨ ਮਗਰੋਂ।

# ਅੰਮ੍ਰਿਤਸਰ ਰੇਲ ਹਾਦਸੇ ਲਈ ਸਿੱਧੂ ਜੋੜਾ ਨਹੀਂ ਜ਼ਿੰਮੇਵਾਰ : ਜਾਂਚ ਰਿਪੋਰਟ

ਚੰਡੀਗੜ੍ਹ/ਬਿਊਰੋ ਨਿਊਜ਼ : ਅੰਮ੍ਰਿਤਸਰ ਰੇਲ ਹਾਦਸੇ ਦੀ ਜਾਂਚ ਰਿਪੋਰਟ 'ਚ ਮੰਤਰੀ ਨਵਜੋਤ ਸਿੰਘ ਸਿੱਧੂ ਤੇ ਉਹਨਾਂ ਦੀ ਧਰਮ ਪਤਨੀ ਨੂੰ ਦੋਸ਼-ਮੁਕਤ ਕਰ ਦੇਣ ਦੀ ਖ਼ਬਰ ਹੈ। ਤਿੰਨ ਸੌ ਸਫ਼ਿਆਂ ਦੀ ਰਿਪੋਰਟ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਅਗਲੇਰੀ ਕਾਰਵਾਈ ਲਈ ਸੌਂਪੀ ਗਈ ਹੈ। ਸੂਤਰਾਂ ਮੁਤਾਬਕ ਮੁੱਖ ਮੰਤਰੀ ਰਿਪੋਰਟ 'ਤੇ ਛੇਤੀ ਕਾਰਵਾਈ ਦਾ ਐਲਾਨ ਕਰਨਗੇ ਅਤੇ ਰਿਪੋਰਟ ਨੂੰ ਵੀ ਜਨਤਕ ਕੀਤੇ ਜਾਣ ਦੀ ਸੰਭਾਵਨਾ ਹੈ।

ਇਸ ਤਰ੍ਹਾਂ ਦਸਹਿਰੇ ਵਾਲੇ ਦਿਨ ਅੰਮ੍ਰਿਤਸਰ 'ਚ ਵਾਪਰੇ ਰੇਲ ਹਾਦਸੇ ਦੀ ਜਾਂਚ ਲਈ ਕਾਇਮ ਕੀਤੀ ਗਈ ਜਾਂਚ ਕਮੇਟੀ ਦੀ ਰਿਪੋਰਟ 'ਚ ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਅਤੇ ਉਨ੍ਹਾਂ ਦੀ ਪਤਨੀ ਨਵਜੋਤ ਕੌਰ ਨੂੰ ਵੱਡੀ ਰਾਹਤ ਮਿਲੀ ਹੈ। ਮੈਜਿਸਟਰੇਟੀ ਜਾਂਚ ਕਰ ਰਹੇ ਜਲੰਧਰ ਦੇ ਡਿਵੀਜ਼ਨਲ ਕਮਿਸ਼ਨਰ ਬੀ ਪੁਰਸ਼ਾਰਥਾ ਨੇ ਕਿਹਾ ਕਿ ਦਰਦਨਾਕ ਹਾਦਸੇ ਲਈ ਸਿੱਧੂ ਜੋੜਾ ਕਿਸੇ ਵੀ ਤਰ੍ਹਾਂ ਨਾਲ ਜ਼ਿੰਮੇਵਾਰ ਨਹੀਂ ਹੈ। ਉਨ੍ਹਾਂ ਸਿਵਲ ਪ੍ਰਸ਼ਾਸਨ, ਮਿਊਂਸਿਪਲ ਕਾਰਪੋਰੇਸ਼ਨ, ਰੇਲਵੇ ਅਤੇ ਪੁਲੀਸ ਅਧਿਕਾਰੀਆਂ ਨੂੰ ਹਾਦਸੇ ਲਈ ਜ਼ਿੰਮੇਵਾਰ ਠਹਿਰਾਇਆ ਹੈ। ਰਿਪੋਰਟ 'ਚ ਸਿੱਧੂ ਜੋੜੇ ਦੇ ਕਰੀਬੀ ਮਿਊਂਸਿਪਲ ਕੌਂਸਲਰ ਮਿੱਠੂ ਮਦਾਨ ਸਮੇਤ ਦਸਹਿਰਾ ਪ੍ਰਬੰਧਕਾਂ ਵੱਲ ਉਂਗਲ ਉਠਾਈ ਗਈ ਹੈ ਜਿਨ੍ਹਾਂ ਦਸਹਿਰਾ ਸਮਾਗਮ ਲਈ ਨਾ ਤਾਂ ਢੁਕਵੀਂ ਮਨਜ਼ੂਰੀ ਲਈ ਅਤੇ ਨਾ ਹੀ ਭੀੜ ਦਾ ਧਿਆਨ ਰੱਖਣ ਲਈ ਕੋਈ ਪ੍ਰਬੰਧ ਕੀਤਾ। ਇਸ ਤੋਂ ਪਹਿਲਾਂ ਰੇਲਵੇ ਸੁਰੱਖਿਆ ਬਾਰੇ ਮੁੱਖ ਕਮਿਸ਼ਨਰ ਕੇ ਪਾਠਕ ਵੱਲੋਂ ਕੀਤੀ ਗਈ ਜਾਂਚ 'ਚ ਪਟੜੀ 'ਤੇ ਖੜ੍ਹੇ ਲੋਕਾਂ ਨੂੰ ਹਾਦਸੇ ਲਈ ਜ਼ਿੰਮੇਵਾਰ ਠਹਿਰਾਇਆ ਗਿਆ ਸੀ। ਹੁਣ ਮੈਜਿਸਟਰੇਟੀ ਜਾਂਚ 'ਚ ਕਿਹਾ ਗਿਆ ਹੈ ਕਿ ਰੇਲਵੇ ਅਧਿਕਾਰੀ ਹਾਦਸੇ ਲਈ ਜ਼ਿੰਮੇਵਾਰ ਹਨ ਕਿਉਂਕਿ ਉਹ ਲੋਕਾਂ ਦੇ ਪਟੜੀ 'ਤੇ ਖੜ੍ਹੇ ਹੋਣ ਬਾਰੇ ਅਵੇਸਲੇ ਸਨ ਅਤੇ ਵੱਡੀ ਆਬਾਦੀ ਵਾਲੇ ਇਲਾਕੇ 'ਚ ਤੇਜ਼ ਰਫ਼ਤਾਰ ਨਾਲ ਗੱਡੀ ਜਾਣ ਦਿੱਤੀ ਗਈ। ਜੀਆਰਪੀ ਵੱਲੋਂ ਏਡੀਜੀਪੀ (ਰੇਲਵੇ) ਇਦਰਪ੍ਰੀਤ ਸਿੰਘ ਸਹੋਤਾ ਵੀ ਹਾਦਸੇ ਦੀ ਜਾਂਚ ਕਰ ਰਹੇ ਹਨ।



### ਡਾਕਟਰਾਂ ਦੇ ਕਹਿਣ 'ਤੇ ਨਵਜੋਤ ਸਿੱਧੂ ਕੁਝ ਦਿਨ ਲਈ ਮੌਨ ਹੋਇਆ

ਚੰਡੀਗੜ੍ਹ/ਬਿਊਰੋ ਨਿਊਜ਼ :
ਪੰਜਾਬ ਦੇ ਤੇਜ਼-ਤਰਾਰ ਤੇ ਹਰ ਰੋਜ਼ ਹੀ ਨਵੇਂ-ਨਵੇਂ ਬਿਆਨਾਂ ਨਾਲ ਸਿਆਸੀ ਬਖੇੜਾ ਖੜ੍ਹਾ ਕਰ ਦੇਣ ਵਾਲੇ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਬੋਲਤੀ ਬੰਦ ਕਰਨ ਲਈ, ਜਦੋਂ ਭਾਰਤ ਦੇ ਸਾਰੇ ਰਾਜਨੇਤਾ ਫੇਲ੍ਹ ਹੋ ਕੇ ਰਹਿ ਗਏ ਹਨ, ਤਾਂ ਆਖ਼ਰ ਇਹ ਕੰਮ ਡਾਕਟਰਾਂ ਨੇ ਕਰ ਵਿਖਾਇਆ। ਪੰਜਾਬ ਦੇ ਸਥਾਨਕ ਸਰਕਾਰਾਂ, ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੂੰ ਡਾਕਟਰਾਂ ਨੇ 3 ਤੋਂ 5 ਦਿਨਾਂ ਤਕ ਮੁਕੰਮਲ ਆਰਾਮ ਕਰਨ ਦੀ ਸਲਾਹ ਦਿੱਤੀ ਹੈ। ਸਰਕਾਰੀ ਬੁਲਾਰੇ ਨੇ ਦੱਸਿਆ ਕਿ ਪਿਛਲੇ 17 ਦਿਨਾਂ ਤੋਂ ਚੋਣ ਪ੍ਰਚਾਰ ਕਰ ਰਹੇ ਸ੍ਰੀ ਸਿੱਧੂ ਦਾ ਗਲਾ ਖਰਾਬ ਹੋ ਗਿਆ ਹੈ। ਡਾਕਟਰਾਂ ਮੁਤਾਬਕ ਜੇਕਰ ਉਨ੍ਹਾਂ ਆਰਾਮ ਨਾ ਕੀਤਾ ਤਾਂ ਆਵਾਜ਼ ਨੂੰ ਨੁਕਸਾਨ ਪਹੁੰਚ ਸਕਦਾ ਹੈ। ਜ਼ਿਕਰਯੋਗ ਹੈ ਕਿ ਸ੍ਰੀ ਸਿੱਧੂ ਵੱਲੋਂ ਲਗਾਤਾਰ 70 ਜਨਤਕ ਮੀਟਿੰਗਾਂ ਨੂੰ ਸੰਬੋਧਨ ਕੀਤਾ ਗਿਆ ਹੈ। ਸਰਕਾਰੀ ਬੁਲਾਰੇ ਨੇ ਦੱਸਿਆ ਕਿ ਕੈਬਨਿਟ ਮੰਤਰੀ ਐਮਬੋਲਿਜ਼ਮ ਟਰੀਟਮੈਂਟ ਲੈ ਰਹੇ ਹਨ। ਇਸ ਲਈ ਲਗਾਤਾਰ ਹਵਾਈ ਯਾਤਰਾ ਵੀ ਉਨ੍ਹਾਂ ਲਈ ਹਾਨੀਕਾਰਕ ਹੈ। ਕੁਝ ਸਾਲ ਪਹਿਲਾਂ ਵੀ ਉਹ ਜ਼ਿਆਦਾ ਹਵਾਈ ਯਾਤਰਾ ਕਾਰਨ ਡੀਵੀਟੀ ਦੀ ਸਮੱਸਿਆ ਤੋਂ ਪ੍ਰਭਾਵਿਤ ਹੋ ਗਏ ਸਨ। ਉਨ੍ਹਾਂ ਵੱਲੋਂ ਲੜੀਵਾਰ ਹੀਮਾਟੋਲੌਜੀ (ਬਲੱਡ) ਟੈਸਟ ਕਰਵਾਏ ਗਏ ਹਨ।

ਡਾਕਟਰਾਂ ਦੀ ਸਲਾਹ ਨਾਲ ਉਹ ਮੁਕੰਮਲ ਜਾਂਚ ਅਤੇ ਰਿਕਵਰੀ ਲਈ ਕਿਸੇ ਅਣਦੱਸੀ ਥਾਂ 'ਤੇ ਗਏ ਹਨ। ਉਨ੍ਹਾਂ ਨੂੰ ਸਾਹ ਲੈਣ ਦੇ ਅਭਿਆਸ ਅਤੇ ਫਿਜ਼ੀਓਥੈਰੇਪੀ ਦੇ ਨਾਲ ਵਿਸ਼ੇਸ਼ ਦਵਾਈਆਂ ਦਿੱਤੀਆਂ ਜਾ ਰਹੀਆਂ ਹਨ। ਸ੍ਰੀ ਸਿੱਧੂ ਵੱਲੋਂ ਛੱਤੀਸਗੜ੍ਹ, ਰਾਜਸਥਾਨ, ਮੱਧ ਪ੍ਰਦੇਸ਼ ਅਤੇ ਤਿਲੰਗਾਨਾ ਵਿੱਚ ਕਾਂਗਰਸ ਪਾਰਟੀ ਦੇ ਉਮੀਦਵਾਰਾਂ ਦੇ ਹੱਕ ਵਿੱਚ ਲਗਾਤਾਰ ਚੋਣ ਪ੍ਰਚਾਰ ਕੀਤਾ ਗਿਆ ਸੀ। ਸਰਕਾਰੀ ਤਰਜਮਾਨ ਨੇ ਕਿਹਾ ਕਿ ਚੋਣ ਪ੍ਰਚਾਰ ਦੌਰਾਨ ਹੀ ਸ੍ਰੀ ਸਿੱਧੂ ਕਰਤਾਰਪੁਰ ਸਾਹਿਬ ਲਾਂਘੇ ਦਾ ਨੀਂਹ ਪੱਥਰ ਰੱਖਣ ਮੌਕੇ ਪਾਕਿਸਤਾਨ ਦੇ ਦੌਰੇ 'ਤੇ ਵੀ ਗਏ ਸਨ। ਉਥੇ ਵੀ ਉਨ੍ਹਾਂ ਲੋਕਾਂ ਨੂੰ ਸੰਬੋਧਨ ਕੀਤਾ ਸੀ ਅਤੇ ਵੱਖ-ਵੱਖ ਥਾਵਾਂ 'ਤੇ ਪੱਤਰਕਾਰਾਂ ਨਾਲ ਗੱਲਬਾਤ ਕੀਤੀ ਸੀ ਜਿਸ ਕਾਰਨ ਉਨ੍ਹਾਂ ਦੇ ਗਲੇ 'ਚ ਦਰਦ ਹੋਣਾ ਸ਼ੁਰੂ ਹੋ ਗਿਆ ਸੀ। ਉਹ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਪਾਰਟੀ ਦੇ ਅਹਿਮ ਚੋਣ ਪ੍ਰਚਾਰਕ ਸਨ ਜਿਨ੍ਹਾਂ ਦੇ ਭਾਸ਼ਣ ਸੁਣਨ ਲਈ ਵੱਡੀ ਗਿਣਤੀ 'ਚ ਲੋਕ ਇਕੱਤਰ ਹੋਏ ਸਨ।

## ਪੰਜਾਬੀ ਕਵੀ ਡਾ. ਮੋਹਨਜੀਤ ਨੂੰ ਮਿਲਿਆ ਸਾਹਿਤ ਅਕਾਦਮੀ ਪੁਰਸਕਾਰ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਪੰਜਾਬ ਦੇ ਪਿੰਡ ਅਦਲੀਵਾਲ, ਜ਼ਿਲ੍ਹਾ ਅੰਮ੍ਰਿਤਸਰ ਵਿਚ ਜਨਮੇ ਡਾ. ਮੋਹਨਜੀਤ ਨੂੰ ਕਵਿਤਾ ਦਾ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ ਹੈ।



ਸਾਹਿਤ ਅਕਾਦਮੀ ਨੇ ਆਪਣੇ ਸਾਲਾਨਾ ਪੁਰਸਕਾਰਾਂ ਦਾ ਐਲਾਨ ਕਰਦਿਆਂ ਐਤਕੀਂ ਸੱਤ ਕਵਿਤਾ ਸੰਗ੍ਰਹਿ, ਛੇ ਨਾਵਲ, ਛੇ ਕਹਾਣੀ ਸੰਗ੍ਰਹਿ, ਤਿੰਨ ਆਲੋਚਨਾਵਾਂ ਤੇ ਦੋ ਨਿਬੰਧ ਸੰਗ੍ਰਹਿ ਇਸ ਮਾਨਮੱਤੇ ਪੁਰਸਕਾਰ ਲਈ ਚੁਣੇ ਗਏ ਹਨ। ਪੰਜਾਬੀ ਭਾਸ਼ਾ ਲਈ ਇਹ ਪੁਰਸਕਾਰ ਡਾ. ਮੋਹਨਜੀਤ ਨੂੰ ਉਨ੍ਹਾਂ ਦੇ ਕਾਵਿ-ਸੰਗ੍ਰਹਿ 'ਕੋਣੇ ਦਾ ਸੂਰਜ' ਲਈ ਦੇਣ ਦਾ ਐਲਾਨ ਕੀਤਾ ਗਿਆ ਹੈ।

ਡਾ. ਮੋਹਨਜੀਤ ਤੋਂ ਇਲਾਵਾ ਕਵਿਤਾ ਵਿਚ ਇਹ ਪੁਰਸਕਾਰ ਲੈਣ ਵਾਲੇ ਕਵੀਆਂ ਵਿਚ ਸਨੰਤ ਤਾਂਤੀ (ਅਸਮੀਆ), ਪ੍ਰਵੇਸ਼ ਨਰਿੰਦਰ ਕਾਮਤ (ਕੋਂਕਣੀ), ਐਸ. ਰਮੇਸ਼ਨ ਨਾਇਰ (ਮਲਿਆਲਮ), ਡਾ. ਰਾਜੇਸ਼ ਕੁਮਾਰ ਵਿਆਸ (ਰਾਜਸਥਾਨੀ), ਡਾ. ਰਮਾਕਾਂਤ ਸ਼ੁਕਲ (ਸੰਸਕ੍ਰਿਤ) ਤੇ ਖੀਮਣ ਯੂ. ਮੁਲਾਣੀ (ਸਿੰਧੀ) ਸ਼ਾਮਲ ਹਨ।

ਅਕਾਦਮੀ ਦੇ ਮੁਖੀ ਡਾ. ਚੰਦਰ ਸ਼ੇਖਰ ਕੰਬਾਰ ਦੀ ਪ੍ਰਧਾਨਗੀ ਹੇਠ ਕਾਰਜਕਾਰੀ ਮੰਡਲ ਦੀ ਬੈਠਕ ਵਿਚ ਇਨ੍ਹਾਂ ਇਨਾਮਾਂ ਬਾਰੇ ਫ਼ੈਸਲਾ ਕੀਤਾ ਗਿਆ। ਪੰਜਾਬੀ ਹਿੱਸੇ ਦੀ ਕਨਵੀਨਰ ਡਾ. ਵਨੀਤਾ ਨੇ ਦੱਸਿਆ ਕਿ ਪੰਜਾਬੀ ਸਨਮਾਨ ਦਾ ਫ਼ੈਸਲਾ ਕਰਨ ਵਾਲੀ ਜਿਊਰੀ ਵਿਚ ਨਾਵਲਕਾਰ ਨਛੱਤਰ, ਪ੍ਰੋ. ਅਵਤਾਰ ਸਿੰਘ ਤੇ ਮੋਹਨ ਭੰਡਾਰੀ ਸ਼ਾਮਲ ਸਨ, ਜਿਨ੍ਹਾਂ ਲੰਮੇ ਸਮੇਂ ਤੋਂ ਕਵਿਤਾ ਦੇ ਪਿੜ ਵਿਚ ਕਾਰਜਸ਼ੀਲ ਡਾ. ਮੋਹਨਜੀਤ ਦੇ ਨਾਂ ਦੀ ਚੋਣ ਕੀਤੀ।

ਇਨਾਮਾਂ ਲਈ 1 ਜਨਵਰੀ 2012 ਤੋਂ 31 ਦਸੰਬਰ 2016 ਤਕ ਦੀਆਂ ਪਹਿਲੀ ਵਾਰ ਛਪੀਆਂ ਕਿਤਾਬਾਂ ਉਪਰ ਵਿਚਾਰ ਕੀਤਾ ਗਿਆ। ਪੁਰਸਕਾਰ ਵਿਚ ਇਕ ਲੱਖ ਰੁਪਏ ਦੀ ਰਕਮ, ਤਾਂਬੇ ਦੀ ਸ਼ੀਲਡ, ਪ੍ਰਸ਼ੰਸਾ ਪੱਤਰ ਤੇ ਸ਼ਾਲ ਸ਼ਾਮਲ ਹਨ। ਇਹ ਮਾਣਮੱਤੇ ਪੁਰਸਕਾਰ 29 ਜਨਵਰੀ 2019 ਨੂੰ ਵਿਸ਼ੇਸ਼ ਸਮਾਗਮ ਦੌਰਾਨ ਭੇਟ ਕੀਤੇ ਜਾਣਗੇ।

ਸਨਮਾਨ ਦੇ ਐਲਾਨ ਮਗਰੋਂ ਡਾ. ਮੋਹਨਜੀਤ ਨੇ ਕਿਹਾ ਕਿ ਉਨ੍ਹਾਂ ਦੀ ਰਚਨਾਤਮਿਕਤਾ, ਕਵਿਤਾ ਤੇ ਸੱਚ ਨੂੰ ਸਨਮਾਨ ਮਿਲਿਆ ਹੈ। ਸ਼ੁਰੂਆਤੀ ਦੌਰ ਵਿਚ ਮੋਹਨਜੀਤ ਨੇ ਜੁਝਾਰੂ ਲਹਿਜੇ ਵਿਚ ਵੀ ਕੁਝ ਕਵਿਤਾਵਾਂ ਲਿਖੀਆਂ ਪਰ ਬਾਅਦ ਵਿਚ ਸੁਹਜਮਈ ਮਾਨਵੀ ਸੰਵੇਦਨਾ ਉਸ ਦੀ ਕਵਿਤਾ ਦਾ ਕੇਂਦਰੀ ਧੁਰਾ ਬਣ ਕੇ ਉਭਰੀ। ਸ਼ਾਇਰੀ ਦੇ ਨਾਲ ਨਾਲ ਮੋਹਨਜੀਤ ਨੇ ਆਲੋਚਨਾ ਅਤੇ ਅਨੁਵਾਦ ਵਿਚ ਵੀ ਯੋਗਦਾਨ ਪਾਇਆ ਹੈ।

# ਕਸ਼ਮੀਰੀ ਖਾੜਕੂ ਮੂਸਾ ਨੇ ਕੀਤੀ ਪੰਜਾਬ ਪੁਲਿਸ ਦੀ ਨੀਂਦ ਹਰਾਮ

**ਬਠਿੰਡਾ/ਬਿਊਰੋ ਨਿਊਜ਼ :**

ਕਸ਼ਮੀਰੀ ਖਾੜਕੂ ਜ਼ਾਕਿਰ ਮੂਸਾ ਦੀ ਪੰਜਾਬ ਦੀ ਵਿਚ ਮੌਜੂਦਗੀ ਦੀ ਖ਼ੁਫ਼ੀਆ ਸੂਹ ਮਿਲਣ ਕਾਰਨ ਰਾਜ ਵਿਚ ਮੁੜ ਹਾਈ ਅਲਰਟ ਕਰ ਦਿੱਤਾ ਗਿਆ ਹੈ। ਸਰਹੱਦੀ ਖੇਤਰ 'ਚ 'ਸਪੈਸ਼ਲ ਅਪਰੇਸ਼ਨ ਗਰੁੱਪ' ਦੇ ਦਸਤੇ ਤਾਇਨਾਤ ਕਰ ਦਿੱਤੇ ਹਨ। ਬਠਿੰਡਾ ਜ਼ਿਲ੍ਹੇ ਵਿਚ ਪੰਜਾਬ ਪੁਲੀਸ ਤੇ ਫ਼ੌਜ ਨੇ ਸਾਂਝੀ ਗਸ਼ਤ ਸ਼ੁਰੂ ਕਰ ਦਿੱਤੀ ਹੈ।



ਕੇਂਦਰੀ ਖ਼ੁਫ਼ੀਆ ਏਜੰਸੀ ਨੇ ਦੋ-ਤਿੰਨ ਦਿਨ ਪਹਿਲਾਂ ਅਲਰਟ ਜਾਰੀ ਕੀਤਾ ਸੀ ਕਿ ਜ਼ਾਕਿਰ ਮੂਸਾ ਸਿੱਖ ਦੇ ਭੇਸ ਵਿਚ ਮੁਕਤਸਰ, ਫ਼ਾਜ਼ਿਲਕਾ ਤੇ ਫ਼ਿਰੋਜ਼ਪੁਰ ਜ਼ਿਲ੍ਹਿਆਂ ਵਿਚ ਮੌਜੂਦ ਹੋ ਸਕਦਾ ਹੈ ਜੋ ਰੱਖਿਆ ਟਿਕਾਣਿਆਂ ਨੂੰ ਨਿਸ਼ਾਨਾ ਬਣਾ ਸਕਦਾ ਹੈ। ਇਸ ਮਗਰੋਂ ਬਠਿੰਡਾ, ਮੁਕਤਸਰ, ਫ਼ਾਜ਼ਿਲਕਾ ਤੇ ਫ਼ਿਰੋਜ਼ਪੁਰ ਵਿਚ ਪੁਲੀਸ ਨੇ ਅਲਰਟ ਜਾਰੀ ਕਰ ਦਿੱਤਾ ਗਿਆ। ਵੇਰਵਿਆਂ ਅਨੁਸਾਰ ਫ਼ਿਰੋਜ਼ਪੁਰ ਜ਼ਿਲ੍ਹੇ ਵਿਚ ਪੰਜਾਬ ਪੁਲੀਸ ਨੇ 'ਸਪੈਸ਼ਲ ਅਪਰੇਸ਼ਨ ਗਰੁੱਪ' ਦੇ ਕਮਾਂਡੋਜ਼ ਤਾਇਨਾਤ ਕਰ ਦਿੱਤੇ ਹਨ ਜੋ ਕਿਸੇ ਵੀ ਹਾਲਾਤ ਨਾਲ ਟਾਕਰਾ ਲੈਣ ਦੇ ਸਮਰੱਥ ਹਨ। ਪੰਜਾਬ ਪੁਲੀਸ ਨੇ ਵਾਧੂ ਫੋਰਸ ਵੀ ਫ਼ਿਰੋਜ਼ਪੁਰ ਰੇਂਜ ਵਿਚ ਭੇਜ ਦਿੱਤੀ ਹੈ। ਉਧਰ ਬਠਿੰਡਾ ਦੇ ਰੇਲਵੇ ਜੰਕਸ਼ਨ 'ਤੇ ਭਾਰਤੀ ਸੈਨਾ ਦੀ 8 ਗੜ੍ਹਵਾਲ ਰੈਜੀਮੈਂਟ ਨੇ ਮੋਰਚਾ ਸੰਭਾਲ ਲਿਆ ਹੈ। ਬਠਿੰਡਾ ਜੰਕਸ਼ਨ 'ਤੇ ਜ਼ਿਆਦਾ ਚਹਿਲ-ਪਹਿਲ ਹੋਣ ਕਰਕੇ ਸੈਨਾ ਦਾ ਪੱਕਾ ਪਹਿਰਾ ਲਾਇਆ ਗਿਆ ਹੈ।

ਬਠਿੰਡਾ ਦੇ ਐਸਐਸਪੀ ਡਾ. ਨਾਨਕ ਸਿੰਘ ਨੇ ਦੱਸਿਆ ਕਿ ਤਿੰਨ ਦਿਨ ਪਹਿਲਾਂ ਹੋਈ ਮੀਟਿੰਗ ਵਿਚ ਫ਼ੌਜ ਤੇ ਪੁਲੀਸ ਦੇ ਅਧਿਕਾਰੀਆਂ ਨੇ ਕੇਂਦਰੀ ਏਜੰਸੀਆਂ ਦੇ ਇਨਪੁੱਟ 'ਤੇ ਚਰਚਾ ਕੀਤੀ ਸੀ ਜਿਸ ਮਗਰੋਂ ਫ਼ੌਜ ਤੇ ਪੁਲੀਸ ਵੱਲੋਂ ਸਾਂਝੇ ਤੌਰ 'ਤੇ ਗਸ਼ਤ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਅੰਤਰਰਾਜੀ ਸੀਮਾ 'ਤੇ ਵੀ ਚੌਕਸੀ ਰੱਖੀ ਜਾ ਰਹੀ ਹੈ। ਇਸ ਦੌਰਾਨ ਬਠਿੰਡਾ ਰੇਂਜ ਦੇ ਆਈਜੀ ਐਮ ਐਫ ਫਾਰੂਕੀ ਨੇ ਦੱਸਿਆ ਕਿ ਕੋਈ ਖਾਸ ਇਨਪੁੱਟ ਨਹੀਂ ਹੈ ਅਤੇ ਜਨਰਲ ਰੂਪ ਵਿਚ ਮੁਸਤੈਦੀ ਵਧਾਈ ਗਈ ਹੈ। ਫ਼ਿਰੋਜ਼ਪੁਰ ਤੇ ਫ਼ਾਜ਼ਿਲਕਾ ਜ਼ਿਲ੍ਹੇ ਵਿਚ ਕੌਮਾਂਤਰੀ ਸਰਹੱਦ ਲਾਗਲੇ ਲਿੰਕ ਰੂਟਾਂ 'ਤੇ ਨਾਕੇਬੰਦੀ ਵਧਾ ਦਿੱਤੀ ਗਈ ਹੈ। ਫ਼ਿਰੋਜ਼ਪੁਰ ਦੀ ਬਸਤੀ ਗੁਲਾਬ ਸਿੰਘ ਨੂੰ ਪੁਲੀਸ ਨੇ ਸੀਲ ਕੀਤਾ ਸੀ ਅਤੇ ਇਕ ਸ਼ੱਕੀ ਵਿਅਕਤੀ ਨੂੰ ਕਾਬੂ ਕੀਤਾ ਸੀ। ਪੜਤਾਲ ਮਗਰੋਂ ਉਸ ਨੂੰ ਛੱਡ ਦਿੱਤਾ ਗਿਆ। ਫ਼ਿਰੋਜ਼ਪੁਰ ਰੇਂਜ ਦੇ ਆਈਜੀ ਮੁਖਵਿੰਦਰ ਸਿੰਘ ਛੀਨਾ ਨੇ ਕਿਹਾ ਕਿ ਸਪੈਸ਼ਲ ਅਪਰੇਸ਼ਨ ਗਰੁੱਪ ਦੇ ਕਮਾਂਡੋਜ਼ ਦੀਆਂ ਦੋ ਕੰਪਨੀਆਂ ਰੇਂਜ ਵਿਚ ਪੁੱਜ ਗਈਆਂ ਹਨ ਅਤੇ ਸਪੈਸ਼ਲ ਫੋਰਸ ਵੀ ਮਿਲ ਗਈ ਹੈ। ਉਨ੍ਹਾਂ ਦੱਸਿਆ ਕਿ ਅਲਰਟ ਜਾਰੀ ਕੀਤਾ ਗਿਆ ਹੈ ਅਤੇ ਦਿਨ-ਰਾਤ ਦੀ ਗਸ਼ਤ ਤੇ ਨਾਕੇਬੰਦੀ ਵਧਾਈ ਗਈ ਹੈ।

ਉਧਰ ਰਾਜਸਥਾਨ 'ਚ ਵੀ ਵਿਧਾਨ ਸਭਾ ਚੋਣਾਂ ਕਰਕੇ ਪੰਜਾਬ ਨਾਲ ਲਗਦੀ ਸੀਮਾ ਨੂੰ ਸੀਲ ਕਰ ਦਿੱਤਾ ਗਿਆ ਹੈ। ਰਾਜਸਥਾਨ ਸੀਮਾ 'ਤੇ ਪੰਜਾਬ ਪੁਲੀਸ ਨੇ 9 ਨਾਕੇ ਲਗਾਏ ਹਨ ਅਤੇ ਅੱਧੀ ਦਰਜਨ ਲਿੰਕ ਸੜਕਾਂ 'ਤੇ ਵੱਖਰੇ ਨਾਕੇ ਲਾਏ ਗਏ ਹਨ। ਹਰ ਨਾਕੇ 'ਤੇ ਸੀਸੀਟੀਵੀ ਕੈਮਰੇ ਵੀ ਲਾਏ ਗਏ ਹਨ।

# ਪੰਜਾਬੀ ਸਾਹਿਤ ਅਕੈਡਮੀ ਐਵਾਰਡਾਂ ਦਾ ਕੌੜਾ-ਸੱਚ, ਮਾਣ-ਸਨਮਾਨ ਦੇ ਹਮਾਮ ਵਿਚ ਬਹੁਤੇ ਪੰਜਾਬੀ ਲੇਖਕ ਨੰਗੇ

**ਚੰਡੀਗੜ੍ਹ/ਬਿਊਰੋ ਨਿਊਜ਼ :** ਹਾਲ ਹੀ ਵਿਚ ਪੰਜਾਬੀ ਸਾਹਿਤ ਅਕੈਡਮੀ ਦੇ ਐਵਾਰਡਾਂ ਦਾ ਐਲਾਨ ਹੋਇਆ ਹੈ। ਕਿਸੇ ਸਮੇਂ ਜਦੋਂ ਸ਼ਿਵ ਕੁਮਾਰ ਬਟਾਲਵੀ ਨੂੰ "ਲੂਣਾ" ਲਈ ਐਵਾਰਡ ਮਿਲਿਆ ਸੀ ਤਾਂ ਉਦੋਂ ਸ਼ਿਵ ਕੁਮਾਰ ਬਟਾਲਵੀ ਨੇ ਕਿਹਾ ਸੀ ਕਿ ਐਵਾਰਡ ਲੈਣਾ ਕੋਈ ਵੱਡਾ ਸੌਦਾ ਨਹੀਂ ਹੈ। ਇਸ ਲਈ ਤੁਹਾਨੂੰ ਸਿਰਫ ਅਕੈਡਮੀ ਦੇ ਚੋਣ ਮੈਂਬਰਾਂ ਨੂੰ 2500 ਰੁਪਏ ਦੀ ਸ਼ਰਾਬ ਪਿਲਾਉਣ ਦੀ ਲੋੜ ਹੈ। ਜ਼ਿਕਰਯੋਗ ਹੈ ਕਿ ਉਸ ਸਮੇਂ ਐਵਾਰਡ ਦਾ ਨਕਦ ਇਨਾਮ 5000 ਰੁਪਏ ਸੀ। ਜਦੋਂ ਅੰਮ੍ਰਿਤਾ ਪ੍ਰੀਤਮ ਨੂੰ ਸਾਹਿਤ ਅਕੈਡਮੀ ਐਵਾਰਡ ਮਿਲਿਆ ਸੀ, ਉਦੋਂ ਉਹ ਆਪ ਵੀ ਜਿਊਰੀ ਦੀ ਮੈਂਬਰ ਸੀ। ਉਸ ਸਮੇਂ ਇਹ ਐਵਾਰਡ ਸ਼ੁਰੂ ਹੋਏ ਨੂੰ ਸਿਰਫ ਇਕ ਸਾਲ ਹੀ ਹੋਇਆ ਸੀ। ਉਦੋਂ ਤੋਂ ਹੀ ਸਾਹਿਤ ਅਕੈਡਮੀ ਨਾਲ ਵਿਵਾਦਾਂ ਦਾ ਨਾਤਾ ਜੁੜਨਾ ਸ਼ੁਰੂ ਹੋ ਗਿਆ। ਇਸ ਤੋਂ ਬਾਅਦ ਹਰ ਸਾਲ ਇਸ 'ਤੇ ਰਿਸ਼ਵਤ, ਪੱਖਪਾਤ, ਧੜੇਬੰਦੀ ਤੇ ਹੋਰ ਦੋਸ਼ ਲੱਗਣ ਲੱਗ ਗਏ। ਇਸ ਸਾਲ ਵੀ ਇਵੇਂ ਹੀ ਹੋਇਆ, ਜਦੋਂ ਸਾਹਿਤ ਅਕੈਡਮੀ ਨੇ ਕਵੀ ਮੋਹਨਜੀਤ ਨੂੰ ਐਵਾਰਡ ਦੇਣ ਦਾ ਐਲਾਨ ਕੀਤਾ ਤਾਂ ਉਨ੍ਹਾਂ ਕਿਹਾ ਕਿ ਪੰਜਾਬੀ ਸਾਹਿਤ ਅਕੈਡਮੀ ਦੇ ਕੁਝ ਮੈਂਬਰ ਉਨ੍ਹਾਂ ਖ਼ਿਲਾਫ਼ ਹੋਣ ਕਾਰਨ ਉਨ੍ਹਾਂ ਨੂੰ ਇਹ ਐਵਾਰਡ ਕਾਫੀ ਪਛੜ ਕੇ ਮਿਲਿਆ ਹੈ। ਇਹ ਐਵਾਰਡ ਸ਼ੁਰੂ ਹੋਣ ਦੇ ਦੂਜੇ ਸਾਲ ਹੀ ਇਹ ਵਿਵਾਦਾਂ ਨਾਲ ਘਿਰਨਾ ਸ਼ੁਰੂ ਹੋ ਗਿਆ ਸੀ। ਅੰਮ੍ਰਿਤਾ ਪ੍ਰੀਤਮ ਨੂੰ ਜਿਊਰੀ ਮੈਂਬਰ ਹੋਣ ਦੇ ਬਾਵਜੂਦ ਐਵਾਰਡ ਲਈ ਚੁਣਿਆ ਗਿਆ। ਇਸ ਬਾਰੇ ਖ਼ੁਸ਼ਵੰਤ ਸਿੰਘ ਨੇ ਕਿਹਾ ਸੀ ਕਿ ਉਨ੍ਹਾਂ ਨੂੰ ਉਦੋਂ ਕਾਫੀ ਨਿਰਾਸ਼ਾ ਹੋਈ ਜਦੋਂ ਅੰਮ੍ਰਿਤਾ ਪ੍ਰੀਤਮ ਨੂੰ ਪੰਜਾਬੀ ਸਾਹਿਤ ਅਕੈਡਮੀ ਮਿਲਿਆ। ਉਹ ਉਸ ਸਮੇਂ ਜਿਊਰੀ ਦੀ ਮੈਂਬਰ ਸੀ ਅਤੇ ਉਸਨੇ ਨੇ ਆਪਣੇ ਹੱਕ ਵਿਚ ਵੋਟ ਪਾਈ ਸੀ। ਪੰਜਾਬੀ ਸਾਹਿਤਕਾਰ ਅਮਰਜੀਤ ਚੰਦਨ ਨੇ ਕਿਹਾ ਕਿ ਸਾਹਿਤ ਅਕੈਡਮੀ ਐਵਾਰਡ ਦੀ ਚੋਣ ਕਮੇਟੀ ਵਿਚੋਂ ਇਕ ਮੈਂਬਰ ਨੇ ਉਨ੍ਹਾਂ ਨੂੰ ਦੱਸਿਆ ਸੀ ਕਿ ਇਸ ਵਾਰ ਕੋਈ ਵੀ ਫਾਇਨਲਿਸਟ ਇਸ ਸਨਮਾਨ ਦੀਆਂ ਸ਼ਰਤਾਂ 'ਤੇ ਖਰਾ ਨਹੀਂ ਉਤਰ ਰਿਹਾ ਸੀ। ਉਨ੍ਹਾਂ ਕਿਹਾ ਕਿ ਦੇਸ਼ ਵਿਚ ਲੋਕਾਂ ਨੇ 'ਨੋਟਾਂ' ਦੀ ਕੀਮਤ ਸਮਝਣੀ ਸ਼ੁਰੂ ਕਰ ਦਿੱਤੀ ਹੈ ਤੇ ਸਾਹਿਤਕ ਐਵਾਰਡਾਂ ਦੇ ਮਾਮਲੇ 'ਚ ਵੀ ਖਾਨਾਪੂਰਤੀ ਦੀ ਜਗ੍ਹਾ ਐਵਾਰਡ ਦੀ ਪਵਿੱਤਰਤਾ ਕਾਇਮ ਰੱਖਣੀ ਵੱਧ ਮਹੱਤਵਪੂਰਨ ਹੈ। ਚੋਣ ਮੈਂਬਰਾਂ ਦੀ ਅਜਿਹੀ ਪਹੁੰਚ ਇਸ ਦੀ ਸਾਖ ਨੂੰ ਸੱਟ ਮਾਰ ਰਹੀ ਹੈ।

# ਮੌੜ ਬੰਬ ਧਮਾਕੇ ਦਾ ਮਾਮਲਾ ਮੁੜ ਹਾਈ ਕੋਰਟ ਪੁੱਜਾ

**ਬਠਿੰਡਾ/ਬਿਊਰੋ ਨਿਊਜ਼ :**

ਪਾਤੜਾਂ ਦੇ ਗੁਰਜੀਤ ਸਿੰਘ ਨੇ ਮੁੜ ਪਟੀਸ਼ਨ ਦਾਇਰ ਕਰਕੇ ਮੌੜ ਧਮਾਕੇ ਦੀ ਜਾਂਚ ਐੱਨਆਈਏ ਜਾਂ ਸੀਬੀਆਈ ਤੋਂ ਕਰਵਾਉਣ ਦੀ ਮੰਗ ਰੱਖੀ ਹੈ। ਇਸ ਤਰ੍ਹਾਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ 'ਚ ਮੌੜ ਬੰਬ ਧਮਾਕੇ ਦਾ ਕੇਸ ਮੁੜ ਖੁੱਲ੍ਹ ਗਿਆ ਹੈ। ਹਾਈ ਕੋਰਟ ਦੇ ਮੁੱਖ ਜਸਟਿਸ ਕ੍ਰਿਸ਼ਨ ਮੋਰਾਰੀ ਅਤੇ ਜਸਟਿਸ ਅਰੁਣ ਪੱਲੀ ਨੇ ਮੌੜ ਧਮਾਕੇ ਦੇ ਸੰਦਰਭ 'ਚ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ।

ਪਟੀਸ਼ਨਰ ਦਾ ਕਹਿਣਾ ਹੈ ਕਿ ਇਹ ਜਾਂਚ ਪੰਜਾਬ ਸਰਕਾਰ ਦੇ ਵੱਸ ਦਾ ਰੋਗ ਨਹੀਂ ਹੈ, ਜਿਸ ਕਰਕੇ ਜਾਂਚ ਕੇਂਦਰੀ ਏਜੰਸੀ ਨੂੰ ਸੌਂਪੀ ਜਾਵੇ। ਹਾਈ ਕੋਰਟ ਨੇ ਅਗਲੀ ਤਰੀਕ 26 ਫਰਵਰੀ 2019 ਤੈਅ ਕੀਤੀ ਹੈ। ਮੌੜ ਧਮਾਕੇ ਦੀ ਤਫ਼ਤੀਸ਼ ਬਾਰੇ ਵਿਸ਼ੇਸ਼ ਜਾਂਚ ਟੀਮ ਨੂੰ ਹੁਣ ਮੁੜ ਪੇਸ਼ ਹੋਣਾ ਪੈ ਸਕਦਾ ਹੈ। ਹਾਈ ਕੋਰਟ ਨੇ ਪਹਿਲਾਂ ਗੁਰਜੀਤ ਸਿੰਘ ਦੀ ਪਟੀਸ਼ਨ 'ਤੇ 25 ਸਤੰਬਰ ਨੂੰ ਫ਼ੈਸਲਾ ਸੁਣਾਇਆ ਸੀ, ਜਿਸ 'ਚ ਪੰਜਾਬ ਪੁਲੀਸ ਦੀ ਵਿਸ਼ੇਸ਼ ਜਾਂਚ ਟੀਮ ਦੀ ਤਫ਼ਤੀਸ਼ 'ਤੇ ਤਸੱਲੀ ਪ੍ਰਗਟਾਈ ਗਈ ਸੀ ਅਤੇ ਮਾਮਲੇ ਦੀ ਸੀਬੀਆਈ ਜਾਂਚ ਦੀ ਲੋੜ ਨਹੀਂ ਸਮਝੀ ਸੀ। ਹਾਈ ਕੋਰਟ ਨੇ ਪਟੀਸ਼ਨਰ ਨੂੰ ਇਹ ਰਾਹਤ ਦਿੱਤੀ ਸੀ ਕਿ ਜੇਕਰ ਵਿਸ਼ੇਸ਼ ਜਾਂਚ ਟੀਮ ਦੀ ਤਫ਼ਤੀਸ਼ ਅਤੇ ਪ੍ਰਗਤੀ ਤੋਂ ਤਸੱਲੀ ਨਾ ਹੋਵੇ ਤਾਂ ਉਹ ਮੁੜ ਪਟੀਸ਼ਨ ਦਾਇਰ ਕਰ ਸਕਦਾ ਹੈ। ਪਟੀਸ਼ਨਰ ਗੁਰਜੀਤ ਸਿੰਘ ਦਾ ਕਹਿਣਾ ਸੀ ਕਿ ਵਿਸ਼ੇਸ਼ ਜਾਂਚ ਟੀਮ ਦੀ ਜਾਂਚ ਸਿਰਫ਼ ਕਾਗਜ਼ੀ ਹੈ ਅਤੇ ਇਸ ਮਾਮਲੇ 'ਚ ਅਸਲ ਮੁਲਜ਼ਮਾਂ ਨੂੰ ਪੁੱਛਗਿੱਛ ਵਾਸਤੇ ਬੁਲਾਇਆ ਨਹੀਂ ਗਿਆ ਹੈ, ਨਾ ਹੀ ਨਾਮਜ਼ਦ ਕੀਤੇ ਮੁਲਜ਼ਮ ਫੜੇ ਹਨ। ਇਸ ਕਰਕੇ ਪੰਜਾਬ ਵਿਚ ਹਾਲਾਤ ਬਦਤਰ ਬਣ ਰਹੇ ਹਨ। ਵਿਸ਼ੇਸ਼ ਜਾਂਚ ਟੀਮ ਅਦਾਲਤ ਵਿਚੋਂ ਮੁਲਜ਼ਮਾਂ ਨੂੰ ਭਗੌੜਾ ਕਰਾਰ ਦਿਵਾਉਣ ਅਤੇ ਹੋਰ ਪ੍ਰਕਿਰਿਆ ਨੂੰ ਪ੍ਰਗਤੀ ਰਿਪੋਰਟ ਵਜੋਂ ਵਿਸ਼ੇਸ਼ ਜਾਂਚ ਟੀਮ ਪੇਸ਼ ਕਰ ਰਹੀ ਹੈ। ਸੂਤਰ ਦੱਸਦੇ ਹਨ ਕਿ ਮਾਮਲਾ ਮੁੜ ਹਾਈ ਕੋਰਟ 'ਚ ਪੁੱਜਣ ਮਗਰੋਂ ਹੁਣ ਵਿਸ਼ੇਸ਼ ਜਾਂਚ ਟੀਮ ਨੂੰ ਮੁੜ ਸਰਗਰਮ ਹੋਣਾ ਪਵੇਗਾ ਕਿਉਂਕਿ ਹਾਈਕੋਰਟ ਜਾਂਚ ਦੀ ਪ੍ਰਗਤੀ ਰਿਪੋਰਟ ਮੁੜ ਤਲਬ ਕਰ ਸਕਦੀ ਹੈ। ਦੱਸਣਯੋਗ ਹੈ ਕਿ ਵਿਸ਼ੇਸ਼ ਜਾਂਚ ਟੀਮ ਵੱਲੋਂ ਮੌੜ ਧਮਾਕੇ ਵਿਚ ਡੇਰਾ ਸਿਰਸਾ ਵੱਲ ਉਂਗਲ ਉਠਾਈ ਜਾ ਚੁੱਕੀ ਹੈ।



ਪਟੀਸ਼ਨਰ ਗੁਰਜੀਤ ਸਿੰਘ ਮੌੜ ਧਮਾਕੇ ਬਾਰੇ ਆਪਣੇ ਵਕੀਲਾਂ ਨਾਲ ਮਸ਼ਵਰਾ ਕਰਦਾ ਹੋਇਆ।

ਪਟੀਸ਼ਨਰ ਦੇ ਐਡਵੋਕੇਟ ਰਵਨੀਤ ਜੋਸ਼ੀ ਦਾ ਕਹਿਣਾ ਸੀ ਕਿ ਲੰਘੇ ਦੋ ਮਹੀਨਿਆਂ ਦੌਰਾਨ ਪੁਲੀਸ ਦੀ ਪੜਤਾਲ ਬਹੁਤ ਢਿੱਲੀ ਰਹੀ, ਜਿਸ ਕਰਕੇ ਕੇਸ ਦੀ ਮੁੜ ਬਹਾਲੀ ਲਈ ਉਨ੍ਹਾਂ ਨੇ ਪਟੀਸ਼ਨ ਪਾਈ, ਜਿਸ ਦੇ ਆਧਾਰ 'ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਗਿਆ ਹੈ। ਪਹਿਲਾਂ ਵੀ ਵਿਸ਼ੇਸ਼ ਜਾਂਚ ਟੀਮ ਦੇ ਡੀਆਈਜੀ ਰਣਬੀਰ ਸਿੰਘ ਖੱਟੜਾ ਨੂੰ ਹਾਈ ਕੋਰਟ ਵਿਚ ਖ਼ੁਦ ਪੇਸ਼ ਹੋਣਾ ਪਿਆ ਸੀ ਅਤੇ ਟੀਮ ਤਰਫ਼ੋਂ ਤਫ਼ਤੀਸ਼ ਦੀ ਸੀਲਬੰਦ ਰਿਪੋਰਟ ਹਾਈ ਕੋਰਟ ਨੂੰ ਦਿੱਤੀ ਗਈ ਸੀ। ਬੰਬ ਧਮਾਕੇ ਦੇ ਸਬੰਧ ਵਿਚ ਫਰਵਰੀ 2018 ਵਿਚ ਹੀ ਗੁਰਤੇਜ ਸਿੰਘ ਕਾਲਾ, ਅਮਰੀਕ ਸਿੰਘ ਅਤੇ ਅਵਤਾਰ ਸਿੰਘ ਨੂੰ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਜਾ ਚੁੱਕਾ ਹੈ, ਜੋ ਡੇਰਾ ਸਿਰਸਾ ਨਾਲ ਜੁੜੇ ਹੋਏ ਹਨ। ਦੱਸਣਯੋਗ ਹੈ ਕਿ ਪੰਜਾਬ ਚੋਣਾਂ ਸਮੇਂ 31 ਜਨਵਰੀ 2017 ਦੀ ਰਾਤ ਨੂੰ ਮੌੜ ਮੰਡੀ ਵਿਚ ਮਾਰੂਤੀ ਕਾਰ ਵਿਚ ਬੰਬ ਧਮਾਕਾ ਹੋਇਆ ਸੀ, ਜਿਸ ਵਿਚ ਚਾਰ ਬੱਚਿਆਂ ਸਮੇਤ ਸੱਤ ਜਣਿਆਂ ਦੀ ਮੌਤ ਹੋ ਗਈ ਸੀ। ਬੰਬ ਧਮਾਕੇ 'ਚ ਡੇਰਾ ਮੁਖੀ ਦੇ ਰਿਸ਼ਤੇਦਾਰ ਤੇ ਕਾਂਗਰਸੀ ਨੇਤਾ ਹਰਮਿੰਦਰ ਜੱਸੀ ਨੂੰ ਨਿਸ਼ਾਨਾ ਬਣਾਇਆ ਗਿਆ, ਜੋ ਵਾਲ ਵਾਲ ਬਚ ਗਏ ਸਨ। ਵਿਸ਼ੇਸ਼ ਜਾਂਚ ਟੀਮ ਦੇ ਮੈਂਬਰ ਮੌੜ ਮੰਡੀ ਵਿਚ ਘਟਨਾ ਵਾਲੀ ਜਗ੍ਹਾ ਦਾ ਦੋ ਵਾਰ ਜਾਇਜ਼ਾ ਵੀ ਲੈ ਚੁੱਕੇ ਹਨ। ਮੁਲਜ਼ਮਾਂ ਦੀ ਸੰਪਤੀ ਲੱਭਣ ਲੱਗੀ ਪੁਲੀਸ ਵਿਸ਼ੇਸ਼ ਜਾਂਚ ਟੀਮ ਤਰਫ਼ੋਂ ਹੁਣ ਮੌੜ ਧਮਾਕੇ ਵਿਚ ਨਾਮਜ਼ਦ ਕੀਤੇ ਮੁਲਜ਼ਮਾਂ ਦੀ ਤਿੱਕੜੀ ਦੀ ਸੰਪਤੀ ਅਟੈਚ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ। ਜਾਂਚ ਟੀਮ ਨੇ ਹਰਿਆਣਾ ਦੇ ਜ਼ਿਲ੍ਹਾ ਸਿਰਸਾ ਤੇ ਕੁਰੂਕਸ਼ੇਤਰ ਤੋਂ ਇਲਾਵਾ ਜ਼ਿਲ੍ਹਾ ਸੰਗਰੂਰ ਦੇ ਡਿਪਟੀ ਕਮਿਸ਼ਨਰਾਂ ਨੂੰ ਨਾਮਜ਼ਦ ਕੀਤੇ ਮੁਲਜ਼ਮ ਗੁਰਤੇਜ ਕਾਲਾ, ਅਮਰੀਕ ਸਿੰਘ ਅਤੇ ਅਵਤਾਰ ਸਿੰਘ ਦੀ ਪ੍ਰਾਪਰਟੀ ਸ਼ਨਾਖਤ ਕਰਨ ਵਾਸਤੇ ਪੱਤਰ ਲਿਖਿਆ ਹੈ। ਤਫ਼ਤੀਸ਼ੀ ਅਫਸਰ ਦਲਬੀਰ ਸਿੰਘ ਨੇ ਪੁਸ਼ਟੀ ਕੀਤੀ ਕਿ ਮੁਲਜ਼ਮਾਂ ਦੀ ਸੰਪਤੀ ਸਨਾਖਤ ਕਰਾਈ ਜਾ ਰਹੀ ਹੈ।

## ਮੌੜ ਬੰਬ ਧਮਾਕੇ ਦੀ ਜਾਂਚ ਦੇ ਬਹਾਨੇ ਲੀਪਾਪੋਚੀ ਕਰਨ ਲੱਗੀ ਪੁਲਿਸ

**ਚੰਡੀਗੜ੍ਹ/ਬਿਊਰੋ ਨਿਊਜ਼ :** ਸੂਬਾਈ ਪੁਲੀਸ ਬਹੁ-ਚਰਚਿਤ ਮੌੜ ਬੰਬ ਧਮਾਕੇ ਦੀ ਤਫ਼ਤੀਸ਼ ਲਈ ਗੰਭੀਰ ਨਹੀਂ ਜਾਪ ਰਹੀ ਹੈ। ਇਹੀ ਕਾਰਨ ਹੈ ਕਿ ਫ਼ਰਵਰੀ ਮਹੀਨੇ ਤੋਂ ਬਾਅਦ ਇਸ ਕੇਸ ਵਿਚ ਕੋਈ ਪ੍ਰਗਤੀ ਨਹੀਂ ਹੋਈ। ਪੁਲੀਸ ਵੱਲੋਂ ਇਸ ਸੰਵੇਦਨਸ਼ੀਲ ਮਾਮਲੇ ਦੇ ਅਸਲ ਮੁਲਜ਼ਮਾਂ 'ਤੇ ਪਰਦਾ ਪਾਉਂਦਿਆਂ ਕਿਹਾ ਜਾ ਰਿਹਾ ਹੈ ਕਿ ਉਕਤ ਵਿਅਕਤੀ ਜੋ ਡੇਰਾ ਸਿਰਸਾ ਨਾਲ ਸਬੰਧਤ ਹਨ, ਦੀ ਗ੍ਰਿਫ਼ਤਾਰੀ ਤੋਂ ਬਾਅਦ ਹੀ ਬੰਬ ਧਮਾਕੇ ਦਾ ਅਸਲ ਮਕਸਦ ਸਾਹਮਣੇ ਆਵੇਗਾ। ਮੌੜ ਬੰਬ ਧਮਾਕੇ ਵਿਚ ਲੋੜੀਂਦੇ ਡੇਰਾ ਸਿਰਸਾ ਦੇ ਪ੍ਰੇਮੀਆਂ ਦੀ ਪੈੜ ਨੱਪਣ ਲਈ ਹੁਣ ਪੰਜਾਬ ਪੁਲੀਸ ਵੱਲੋਂ ਕੇਂਦਰੀ ਏਜੰਸੀਆਂ ਦੀ ਮਦਦ ਲੈ ਰਹੀ ਹੈ। ਪੰਜਾਬ ਪੁਲੀਸ ਦੇ ਡੀਆਈਜੀ ਰੈਂਕ ਦੇ ਅਧਿਕਾਰੀ ਰਣਬੀਰ ਸਿੰਘ ਖੱਟੜਾ ਦੀ ਅਗਵਾਈ ਹੇਠਲੀ ਵਿਸ਼ੇਸ਼ ਜਾਂਚ ਟੀਮ ਵੱਲੋਂ ਹੁਣ ਤੱਕ ਕੀਤੀ ਜਾਂਚ ਦੌਰਾਨ ਸ਼ੱਕ ਦੀ ਸੂਈ ਪੂਰੀ ਤਰ੍ਹਾਂ ਡੇਰੇ ਦੇ ਦੁਆਲੇ ਹੀ ਘੁੰਮ ਰਹੀ ਹੈ। ਪੰਜਾਬ ਪੁਲਿਸ ਵੱਲੋਂ ਮੌੜ ਮੰਡੀ ਬੰਬ ਧਮਾਕੇ ਵਿਚ ਮੁਲਜ਼ਮ ਮੰਨੇ ਜਾਂਦੇ ਡੇਰਾ ਸਿਰਸਾ ਨਾਲ ਸਬੰਧਤ ਵਿਅਕਤੀਆਂ ਅਵਤਾਰ ਸਿੰਘ, ਅਮਰੀਕ ਸਿੰਘ ਅਤੇ ਗੁਰਤੇਜ ਸਿੰਘ ਉਰਫ਼ ਕਾਲਾ ਨੂੰ ਕਾਬੂ ਕਰਨ ਲਈ ਇੰਟੈਲੀਜੈਂਸ ਬਿਓਰੋ (ਆਈਬੀ) ਦੀ ਮਦਦ ਲਈ ਜਾਣ ਲੱਗੀ ਹੈ।

ਸੂਤਰਾਂ ਦਾ ਦੱਸਣਾ ਹੈ ਕਿ ਮੁਲਜ਼ਮਾਂ ਵਿੱਚੋਂ ਇੱਕ ਦੀ ਸੂਹ ਪੁਲੀਸ ਨੂੰ ਮਿਲੀ ਹੈ, ਜਿਸ ਨੂੰ ਕਾਬੂ ਕਰਨ ਲਈ ਆਈਬੀ ਦੇ ਅਧਿਕਾਰੀਆਂ ਨੂੰ ਲਿਖਿਆ ਗਿਆ ਹੈ। ਉਧਰ ਪੁਲੀਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਬੰਬ ਧਮਾਕੇ ਦੀ ਮੁੱਢਲੀ ਤਫ਼ਤੀਸ਼ ਦੌਰਾਨ ਇਹ ਸਾਹਮਣੇ ਆਇਆ ਸੀ ਕਿ ਇਹ ਧਮਾਕਾ ਕਾਂਗਰਸੀ ਆਗੂ ਤੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਦੇ ਕੁੜਮ ਹਰਮਿੰਦਰ ਸਿੰਘ ਜੱਸੀ ਨੂੰ ਨਿਸ਼ਾਨਾ ਬਣਾਉਣ ਲਈ ਕੀਤਾ ਗਿਆ ਸੀ। ਅਧਿਕਾਰੀਆਂ ਦਾ ਕਹਿਣਾ ਹੈ ਕਿ ਜੱਸੀ ਨੂੰ ਨਿਸ਼ਾਨਾ ਡੇਰੇ ਨਾਲ ਸਬੰਧਤ ਵਿਅਕਤੀਆਂ ਵੱਲੋਂ ਜਾਂ ਅਤਿਵਾਦੀਆਂ ਵੱਲੋਂ ਬਣਾਇਆ ਗਿਆ, ਇਸ ਸਬੰਧੀ ਸਪੱਸ਼ਟ ਤੌਰ 'ਤੇ ਕੁਝ ਵੀ ਨਹੀਂ ਕਿਹਾ ਜਾ ਸਕਦਾ।

**ਡਾ. ਮੁਹੰਮਦ ਇਦਰੀਸ**
(ਸੰਪਰਕ: 98141-71786)

# ਬੇਗਾਨੀ ਧਰਤੀ 'ਤੇ ਸੁਪਨਿਆਂ ਦੀ ਫ਼ਸਲ

ਹਿੰਦੁਸਤਾਨ ਦੀ ਆਜ਼ਾਦੀ ਲਈ ਹੋਏ ਪਹਿਲੇ ਵਿਦਰੋਹ ਵਾਲੇ ਸਾਲ ਭਾਵ ਸੰਨ 1857 ਵਿਚ ਅਮਰੀਕਾ ਦੇ ਕੈਲੀਫੋਰਨੀਆ ਸੂਬੇ ਵਿਚ ਪਹਿਲੇ ਪੰਜਾਬੀ ਵਿਅਕਤੀ ਦੀ ਪਹੁੰਚ ਹੋਈ ਮੰਨੀ ਜਾਂਦੀ ਹੈ। ਛੇ ਅਪਰੈਲ 1899 ਦੇ 'ਸਾਂ ਫਰਾਂਸਿਸਕੋ ਕਰੋਨੀਕਲ' ਅਖ਼ਬਾਰ ਮੁਤਾਬਿਕ ਚਾਰ ਸਿੱਖ ਜਵਾਨ ਸਾਨ ਫਰਾਂਸਿਸਕੋ ਪਹੁੰਚੇ ਸਨ। ਅਖ਼ਬਾਰ ਅਨੁਸਾਰ ਉਹ ਇੰਗਲੈਂਡ ਵਿਚ ਬਣੇ ਜਾਪਾਨੀ ਸਮੁੰਦਰੀ ਜਹਾਜ਼ ਨਿਪੋਨ ਮਾਰੂ ਰਾਹੀਂ ਉੱਥੇ ਪਹੁੰਚੇ ਸਨ। ਇੰਮੀਗਰੇਸ਼ਨ ਅਧਿਕਾਰੀਆਂ ਵੱਲੋਂ ਉਨ੍ਹਾਂ ਨੂੰ ਅਮਰੀਕੀ ਧਰਤੀ 'ਤੇ ਪ੍ਰਵੇਸ਼ ਕਰਨ ਦੀ ਇਜਾਜ਼ਤ ਦਿੱਤੀ ਗਈ ਸੀ। ਉਨ੍ਹਾਂ ਸਿੱਖ ਜਵਾਨਾਂ ਦੇ ਨਾਮ ਬਖ਼ਸ਼ੀ ਸਿੰਘ, ਬੁੱਧ ਸਿੰਘ, ਵਰਿਆਮ ਸਿੰਘ ਅਤੇ ਸੁਹਾਵਾ ਸਿੰਘ ਸਨ। ਉਹ ਚਾਰੇ ਪਹਿਲਾਂ ਚੀਨ ਵਿਚ ਸੈਨਿਕ ਸੇਵਾਵਾਂ ਨਿਭਾਅ ਰਹੇ ਸਨ। ਪੰਜਾਬ ਦੇ ਲਾਹੌਰ ਜ਼ਿਲ੍ਹੇ ਦੇ ਇਹ ਵਸਨੀਕ ਲਾਹੌਰ ਛੱਡਣ ਤੋਂ 20 ਸਾਲ ਬਾਅਦ ਚੀਨ ਰਾਹੀਂ ਅਮਰੀਕਾ ਪਹੁੰਚੇ ਸਨ। ਬਖ਼ਸ਼ੀ ਸਿੰਘ ਨੂੰ ਅੰਗਰੇਜ਼ੀ ਭਾਸ਼ਾ ਬੋਲਣ ਅਤੇ ਲਿਖਣ ਵਿਚ ਪੂਰਨ ਮੁਹਾਰਤ ਹਾਸਲ ਸੀ ਪਰ ਬਾਕੀ ਤਿੰਨਾਂ ਨੂੰ ਅੰਗਰੇਜ਼ੀ ਦਾ ਬਹੁਤਾ ਗਿਆਨ ਨਹੀਂ ਸੀ।

19ਵੀਂ ਅਤੇ 20ਵੀਂ ਸਦੀ ਦੌਰਾਨ ਭਾਰਤ ਦੇ ਪੰਜਾਬ, ਗੁਜਰਾਤ ਅਤੇ ਪੱਛਮੀ ਬੰਗਾਲ ਸੂਬਿਆਂ ਤੋਂ ਅਮਰੀਕਾ ਗਏ ਲੋਕਾਂ ਵਿਚੋਂ ਅੱਸੀ-ਨੱਬੇ ਫ਼ੀਸਦੀ ਸਿੱਖ ਅਤੇ ਦਸ ਫ਼ੀਸਦੀ ਮੁਸਲਮਾਨ ਸਨ। ਉਸ ਸਮੇਂ ਅਮਰੀਕਾ ਜਾਣ ਵਾਲੇ ਜ਼ਿਆਦਾਤਰ ਵਿਅਕਤੀ ਸਿਰਫ਼ ਤਿੰਨ-ਚਾਰ ਸੌ ਰੁਪਏ ਆਪਣੇ ਨਜ਼ਦੀਕੀ ਰਿਸ਼ਤੇਦਾਰਾਂ ਤੋਂ ਕਿਰਾਏ ਵਾਸਤੇ ਲੈ ਕੇ ਜਾਂਦੇ ਸਨ। ਉਨ੍ਹਾਂ ਦਾ ਮੁੱਢਲਾ ਮੰਤਵ ਅਮਰੀਕਾ ਜਾ ਕੇ ਮਜ਼ਦੂਰੀ, ਖੇਤ ਮਜ਼ਦੂਰੀ ਕਰਨ ਉਪਰੰਤ ਪੈਸੇ ਇਕੱਠੇ ਕਰਕੇ ਪੰਜਾਬ ਵਾਪਸ ਆ ਕੇ ਵਧੇਰੇ ਜ਼ਮੀਨ ਖਰੀਦਣੀ ਅਤੇ ਜੀਵਨ ਪੱਧਰ ਨੂੰ ਉੱਚਾ ਚੁੱਕਣਾ ਸੀ।

ਅਮਰੀਕਾ ਜਾਣ ਵਾਲੇ ਯਾਤਰੀ ਪਹਿਲਾਂ ਕਲਕੱਤਾ (ਹੁਣ ਕੋਲਕਾਤਾ) ਦੀ ਬੰਦਰਗਾਹ ਤੋਂ ਤਕਰੀਬਨ ਬਾਰ੍ਹਾਂ ਦਿਨਾਂ ਵਿਚ ਸਮੁੰਦਰੀ ਜਹਾਜ਼ ਰਾਹੀਂ ਹੌਂਗਕੌਂਗ ਪਹੁੰਚਦੇ ਅਤੇ ਉੱਥੋਂ ਅੱਗੇ ਅਠਾਰਾਂ ਦਿਨਾਂ ਵਿਚ ਅਮਰੀਕਾ ਜਾਂ ਕੈਨੇਡਾ ਪੁੱਜਦੇ ਸਨ। ਸੰਨ1907-08 ਅਤੇ ਸੰਨ1910 ਦੌਰਾਨ ਉੱਥੇ ਪਹੁੰਚਣ ਵਾਲੇ ਵਿਅਕਤੀਆਂ ਦੀ ਗਿਣਤੀ ਸਿਰਫ਼ ਦਸ ਤੋਂ ਵੀਹ ਤਕ ਸੀ। ਅਮਰੀਕਾ ਵੱਲੋਂ ਸੰਨ1917 ਵਿਚ ਇੰਮੀਗਰੇਸ਼ਨ ਐਕਟ ਪਾਸ ਕੀਤਾ ਗਿਆ। ਇਸ ਐਕਟ ਤਹਿਤ ਏਸ਼ੀਆ ਤੋਂ ਆਉਣ ਵਾਲੇ ਲੋਕਾਂ ਦੇ ਅਮਰੀਕਾ ਵਿਚ ਦਾਖ਼ਲੇ 'ਤੇ ਪਾਬੰਦੀ ਲਗਾਈ ਗਈ। ਅਮਰੀਕਾ ਵੱਲੋਂ ਸੰਨ1924 ਦੇ ਓਰੀਐਂਟਲ ਐਕਟ ਰਾਹੀਂ ਅਨਪੜ੍ਹ ਲੋਕਾਂ ਦੇ ਆਉਣ 'ਤੇ ਪਾਬੰਦੀ ਲਗਾਈ ਗਈ। ਇਸ ਕਾਰਨ ਸੰਨ1931 ਤੋਂ ਸੰਨ1945 ਤਕ ਮੈਕਸਿਕੋ ਰਸਤੇ ਅਮਰੀਕਾ ਵਿਚ ਗ਼ੈਰ-ਕਾਨੂੰਨੀ ਤੌਰ 'ਤੇ ਪਹੁੰਚਣ ਵਾਲਿਆਂ ਦੀ ਗਿਣਤੀ 841 ਹੋ ਗਈ ਸੀ। ਮੈਕਸਿਕੋ ਰਾਹੀਂ ਗ਼ੈਰ-ਕਾਨੂੰਨੀ ਤੌਰ 'ਤੇ ਦਾਖ਼ਲ ਹੋਣ ਵਾਲਿਆਂ ਤੋਂ ਉਸ ਸਮੇਂ 200 ਤੋਂ 400 ਡਾਲਰ 'ਕੀਮਤ' ਲਈ ਜਾਂਦੀ ਸੀ। ਆਰ.ਕੇ. ਦਾਸ ਦੀ ਪੁਸਤਕ 'ਹਿੰਦੁਸਤਾਨੀ ਵਰਕਰਜ਼ ਆਨ ਦਿ ਪੈਸੀਫਿਕ ਕੋਸਟ' ਮੁਤਾਬਿਕ ਜਦੋਂ ਕੈਲੀਫੋਰਨੀਆ ਸੂਬੇ ਦੀ ਸਰਕਾਰ ਵੱਲੋਂ ਬਾਹਰੋਂ ਆਉਣ ਵਾਲੇ ਮਜ਼ਦੂਰਾਂ ਨੂੰ ਜ਼ਮੀਨ ਠੇਕੇ 'ਤੇ ਲੈਣ ਜਾਂ ਖਰੀਦਣ ਦੀ ਵਿਵਸਥਾ ਕੀਤੀ ਗਈ ਤਾਂ ਉਦੋਂ ਖ਼ਾਸਕਰ ਪੰਜਾਬੀਆਂ ਨੇ ਇਸ ਸਹੂਲਤ ਦਾ ਵਧੇਰੇ ਲਾਭ ਲਿਆ। ਇਸ ਤੋਂ ਪਹਿਲਾਂ ਉਹ ਲੇਬਰ, ਮਿੱਲਾਂ ਅਤੇ ਵੈਸਟਰਨ ਪੈਸੀਫਿਕ ਰੇਲ, ਰੋਡ ਲਾਈਨਾਂ, ਫੈਕਟਰੀਆਂ ਅਤੇ ਲੋਹਾ ਮਿੱਲਾਂ ਵਿਚ ਕੰਮ ਕਰਦੇ ਸਨ। ਪੰਜਾਬੀਆਂ ਵੱਲੋਂ ਅੰਗਰੇਜ਼ੀ ਜਾਣਨ ਵਾਲੇ ਇੱਕ ਪ੍ਰਮੁੱਖ ਵਿਅਕਤੀ ਅਧੀਨ ਸੈਕਰਾਮੈਂਟੋ ਵਾਦੀ, ਕੇਂਦਰੀ ਕੈਲੀਫੋਰਨੀਆ ਆਦਿ ਇਲਾਕਿਆਂ ਵਿਚ ਬਾਗ਼ ਬਗ਼ੀਚੇ, ਗੰਨੇ ਦੇ ਖੇਤ ਅਤੇ ਕਪਾਹ ਦੇ ਖੇਤਾਂ ਵਿਚ ਸਮੂਹਿਕ ਰੂਪ ਵਿਚ ਖੇਤੀ ਦੀ ਸ਼ੁਰੂਆਤ ਕੀਤੀ ਗਈ। ਸਟੇਟ ਬੋਰਡ ਆਫ ਕੰਟਰੋਲ ਆਫ ਕੈਲੀਫੋਰਨੀਆ ਦੀ ਸੰਨ 1920 ਦੀ ਰਿਪੋਰਟ ਮੁਤਾਬਿਕ ਪਰਵਾਸੀਆਂ ਕੋਲ 20 99 ਏਕੜ ਜ਼ਮੀਨ ਆਪਣੀ ਅਤੇ 86,340 ਏਕੜ ਠੇਕੇ 'ਤੇ ਲਈ ਹੋਈ ਸੀ। ਇਹ ਜ਼ਮੀਨ ਸੈਕਰਾਮੈਂਟੋ ਵਾਦੀ ਵਿਚ ਸੀ। ਇਸ ਵਿੱਚ ਪਰਵਾਸੀਆਂ ਵੱਲੋਂ ਅੰਗੂਰ, ਆੜੂ, ਬਾਦਾਮ, ਦਾਖਾਂ, ਮੱਕੀ, ਆਲੂ ਆਦਿ ਦੀ ਖੇਤੀ ਕੀਤੀ ਜਾਂਦੀ ਸੀ। ਪਰਵਾਸੀਆਂ ਵਿਚੋਂ ਵਧੇਰੇ ਲੋਕ ਪੰਜਾਬੀ ਸਨ ਅਤੇ ਉਨ੍ਹਾਂ ਕੋਲ ਬਰਤਾਨਵੀ ਸਰਕਾਰ ਅਧੀਨ ਭਾਰਤ ਵਿਚ ਖੇਤੀ ਕਰਨ ਦਾ ਵਿਸ਼ਾਲ ਤਜਰਬਾ ਸੀ।

ਇਸ ਸਮੇਂ ਦੌਰਾਨ ਇੰਜਨੀਅਰਿੰਗ, ਸਾਇੰਸ, ਸਿਹਤ ਸੇਵਾਵਾਂ, ਖੇਤੀਬਾੜੀ ਅਤੇ ਸਮਾਜਿਕ ਵਿਗਿਆਨਾਂ ਦੀ ਸਿੱਖਿਆ ਪ੍ਰਾਪਤ ਕਰਨ ਲਈ ਭਾਰਤੀ ਵਿਸ਼ੇਸ਼ ਕਰਕੇ ਪੰਜਾਬੀ, ਬੰਗਾਲੀ ਅਤੇ ਗੁਜਰਾਤੀ ਵਿਦਿਆਰਥੀ ਅਮਰੀਕਾ ਦੀਆਂ ਯੂਨੀਵਰਸਿਟੀਆਂ ਵਿਚ ਜਾਣ ਲੱਗੇ। ਵਿਦਿਆਰਥੀਆਂ ਦੀ ਸਹਾਇਤਾ ਲਈ ਕੈਲੀਫੋਰਨੀਆ ਦੇ ਆਲੂ ਉਤਪਾਦਨ ਦੇ ਸਫ਼ਲ ਕਾਸ਼ਤਕਾਰ ਜਵਾਲਾ ਸਿੰਘ ਵੱਲੋਂ 'ਗੁਰੂ ਗੋਬਿੰਦ ਸਿੰਘ ਸਾਹਿਬ ਐਜੂਕੇਸ਼ਨਲ ਸਕਾਲਰਸ਼ਿਪ' ਦੀ ਵਿਵਸਥਾ ਸੰਨ1912 ਵਿਚ ਕੀਤੀ ਗਈ। ਪੈਸੀਫਿਕ ਕੋਸਟ ਖ਼ਾਲਸਾ ਦੀਵਾਨ ਵੱਲੋਂ ਅਲਸਟੋਨ ਵੇਅ ਵਿਚ ਹੋਸਟਲ ਖਰੀਦਿਆ ਗਿਆ ਜਿੱਥੇ ਭਾਰਤੀ ਵਿਦਿਆਰਥੀਆਂ ਨੂੰ ਮੁਫ਼ਤ ਰਹਿਣ ਦੀ ਆਗਿਆ ਸੀ। ਸੁਸਾਇਟੀ ਵੱਲੋਂ ਹੀ ਸੰਨ1912 ਵਿਚ ਸਟਾਕਟਨ ਵਿਖੇ ਗੁਰਦੁਆਰਾ ਸਾਹਿਬ ਦੀ ਦੋ ਮੰਜ਼ਿਲਾ ਇਮਾਰਤ ਦੀ ਉਸਾਰੀ ਕਰਵਾਈ ਗਈ। ਸੰਨ 1917 ਤਕ ਇਹ ਗੁਰਦੁਆਰਾ ਸਾਹਿਬ ਗ਼ਦਰ ਪਾਰਟੀ ਦੀਆਂ ਗਤੀਵਿਧੀਆਂ ਦਾ ਕੇਂਦਰ ਬਣ ਚੁੱਕਾ ਸੀ।



ਅਮਰੀਕਾ ਗਏ ਸਿੱਖਾਂ ਵੱਲੋਂ ਸਟਾਕਟਨ 'ਚ ਬਣਾਇਆ ਗਿਆ ਗੁਰਦੁਆਰਾ।

ਰੋਜ਼ੀ-ਰੋਟੀ ਅਤੇ ਬਿਹਤਰ ਜੀਵਨ ਦੀ ਆਸ ਨਾਲ ਅਮਰੀਕਾ ਗਏ ਪੰਜਾਬੀਆਂ ਅਤੇ ਭਾਰਤੀਆਂ ਦਾ ਇੱਕ ਹੋਰ ਮਹੱਤਵਪੂਰਨ ਉਦੇਸ਼ ਭਾਰਤ ਨੂੰ ਬਰਤਾਨਵੀ ਸਾਮਰਾਜ ਤੋਂ ਆਜ਼ਾਦ ਕਰਵਾਉਣਾ ਸੀ। ਇਸ ਮੰਤਵ ਦੀ ਪੂਰਤੀ ਹਿੱਤ ਸੰਨ1912-13 ਦੌਰਾਨ ਪੈਸੀਫਿਕ ਕੋਸਟ ਹਿੰਦੁਸਤਾਨ ਐਸੋਸੀਏਸ਼ਨ ਦੀ ਸਥਾਪਨਾ ਕੀਤੀ ਗਈ ਜੋ ਬਾਅਦ ਵਿੱਚ ਗ਼ਦਰ ਪਾਰਟੀ ਬਣੀ। ਇਸ ਐਸੋਸੀਏਸ਼ਨ ਵੱਲੋਂ 436 ਹਿੱਲ ਸਟਰੀਟ, ਸਾਨ ਫਰਾਂਸਿਸਕੋ ਵਿਚ ਯੁਗਾਂਤਰ ਆਸ਼ਰਮ ਦੀ ਸਥਾਪਨਾ ਕਰਕੇ ਉੱਥੇ ਪ੍ਰਿੰਟਿੰਗ ਪ੍ਰੈੱਸ ਲਾਈ ਗਈ। ਇਕ ਨਵੰਬਰ-1913 ਨੂੰ ਹਿੰਦੁਸਤਾਨ ਗ਼ਦਰ ਅਖ਼ਬਾਰ ਦਾ ਉਰਦੂ ਅੰਕ ਅਤੇ 9 ਦਸੰਬਰ-1913 ਨੂੰ ਇਸ ਦਾ ਪੰਜਾਬੀ ਅੰਕ ਪ੍ਰਕਾਸ਼ਿਤ ਕੀਤਾ ਜਾਣ ਲੱਗਿਆ। ਜੇਨ ਸਿੰਘ ਦੇ ਲੇਖ 'ਦਿ ਰੋਲ ਆਫ ਲਿਟਰੇਚਰ ਇਨ ਗਦਰ ਮੂਵਮੈਂਟ' ਮੁਤਾਬਿਕ ਮਈ-1914 ਵਿਚ ਜਦੋਂ ਹਿੰਦੁਸਤਾਨ ਗ਼ਦਰ ਦੇ ਗੁਜਰਾਤੀ ਅੰਕ ਦੀ ਸ਼ੁਰੂਆਤ ਹੋਈ, ਉਸ ਸਮੇਂ ਤਕ ਗ਼ਦਰ ਪ੍ਰਿੰਟਿੰਗ ਪ੍ਰੈੱਸ ਵੱਲੋਂ ਹਰ ਹਫ਼ਤੇ ਉਰਦੂ ਦੀਆਂ 2200 ਕਾਪੀਆਂ ਅਤੇ ਪੰਜਾਬੀ ਦੀਆਂ 2500 ਕਾਪੀਆਂ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਸਨ। ਅਮਰੀਕੀ ਯੂਨੀਵਰਸਿਟੀਆਂ ਵਿਚ ਪੜ੍ਹਦੇ ਭਾਰਤੀ ਵਿਦਿਆਰਥੀ ਸ਼ਨਿਚਰਵਾਰ, ਐਤਵਾਰ ਨੂੰ ਅਤੇ ਪੰਜਾਬੀ ਖੇਤ ਮਜ਼ਦੂਰ ਤੇ ਕਿਸਾਨ ਖੇਤਾਂ ਵਿਚੋਂ ਵਿਹਲਾ ਸਮਾਂ ਮਿਲਣ 'ਤੇ ਗ਼ਦਰ ਅਖ਼ਬਾਰ ਲਈ ਕੰਮ ਕਰਦੇ ਸਨ।

ਅਮਰੀਕਾ ਪਹੁੰਚੇ ਇਨ੍ਹਾਂ ਪੰਜਾਬੀਆਂ ਨਾਲ ਉਨ੍ਹਾਂ ਦੀਆਂ ਪਤਨੀਆਂ ਜਾਂ ਪਰਿਵਾਰ ਦੀਆਂ ਹੋਰ ਔਰਤਾਂ ਦੇ ਆਉਣ ਦੀਆਂ ਬਹੁਤ ਘੱਟ ਉਦਾਹਰਨਾਂ ਮਿਲਦੀਆਂ ਹਨ। ਸਭ ਤੋਂ ਪਹਿਲਾਂ ਸੰਨ 1899 ਵਿੱਚ ਕਾਰੋਬਾਰੀ ਬਖ਼ਸ਼ੀਸ਼ ਸਿੰਘ ਨਾਲ ਉਸ ਦੀ ਪਤਨੀ ਰਤਨ ਕੌਰ ਪਹੁੰਚੀ। ਦੂਸਰੀ ਧੂਨਾ ਸਿੰਘ ਨਾਲ ਨੰਦ ਕੌਰ ਸੀ। ਗ਼ੈਰ-ਕਾਨੂੰਨੀ ਤੌਰ 'ਤੇ ਪਹੁੰਚਣ ਵਾਲੇ ਆਮ ਤੌਰ 'ਤੇ ਮੈਕਸਿਕੋ ਰਾਹੀਂ ਜਾਣ ਕਰਕੇ ਮੈਕਸਿਕਨ ਔਰਤਾਂ ਨਾਲ ਵਿਆਹ ਵੀ ਕਰਵਾ ਲੈਂਦੇ ਸਨ। ਪੰਜਾਬੀਆਂ ਨੂੰ ਅਮਰੀਕਾ ਵਿਚ ਸਥਾਈ ਤੌਰ 'ਤੇ ਰਹਿਣ ਦੇ ਅਧਿਕਾਰ ਦਿਵਾਉਣ ਲਈ ਭਗਤ ਸਿੰਘ ਥਿੰਦ ਦੁਆਰਾ ਲੜੀ ਗਈ ਕਾਨੂੰਨੀ ਲੜਾਈ ਦਾ ਮਹੱਤਵਪੂਰਨ ਸਥਾਨ ਹੈ। ਭਗਤ ਸਿੰਘ ਥਿੰਦ ਪੰਜਾਬ ਦਾ ਰਹਿਣ ਵਾਲਾ ਸੀ। ਉਹ ਸੰਨ 1913 ਵਿਚ ਅਮਰੀਕਾ ਗਿਆ। ਉਸ ਨੇ ਸੰਨ 1917 ਤੋਂ ਸੰਨ 1918 ਤਕ ਅਮਰੀਕੀ ਸੈਨਾ ਵੱਲੋਂ ਪਹਿਲੇ ਵਿਸ਼ਵ ਯੁੱਧ ਵਿਚ ਭਾਗ ਲਿਆ। ਸੰਨ 1920 ਵਿਚ ਅਮਰੀਕਾ ਦੀ ਜ਼ਿਲ੍ਹਾ ਕੋਰਟ ਵਿਚ ਉਸ ਨੇ ਸਥਾਈ ਆਵਾਸ ਲਈ ਬਿਨੈ ਪੱਤਰ ਦਿੱਤਾ ਸੀ। ਇਸ ਸੰਘਰਸ਼ ਦੌਰਾਨ ਹੀ ਉਸ ਨੇ ਪੀਐੱਚਡੀ. ਦੀ ਡਿਗਰੀ ਵੀ ਹਾਸਲ ਕੀਤੀ। ਉਹ ਸਿੱਖ ਫ਼ਲਸਫ਼ੇ, ਤੁਲਨਾਤਮਿਕ ਅਧਿਐਨ, ਧਰਮ ਅਤੇ ਹਿੰਦੁਸਤਾਨ ਦੀ ਆਜ਼ਾਦੀ ਲਈ ਅਤੇ ਪੰਜਾਬੀਆਂ ਨੂੰ ਅਮਰੀਕਾ ਵਿਚ ਲਾਮਬੰਦ ਕਰਨ ਲਈ ਜੱਦੋਜਹਿਦ ਕਰਦਾ ਰਿਹਾ। ਸੰਨ 1931 ਵਿਚ ਅਮਰੀਕਾ ਦੀ ਸਰਬਉੱਚ ਅਦਾਲਤ ਦੁਆਰਾ ਭਗਤ ਸਿੰਘ ਥਿੰਦ ਨੂੰ ਅਮਰੀਕੀ ਨਾਗਰਿਕਤਾ ਪ੍ਰਦਾਨ ਕੀਤੀ ਗਈ। ਗ਼ਦਰ ਪਾਰਟੀ, ਹੋਮ ਰੂਲ ਲੀਗ, ਇੰਡੀਆ ਐਸੋਸੀਏਸ਼ਨ, ਇੰਡੀਅਨ ਵੈਲਫੇਅਰ ਐਸੋਸੀਏਸ਼ਨ ਆਦਿ ਹੋਰ ਮਹੱਤਵਪੂਰਨ ਸੰਸਥਾਵਾਂ ਹਿੰਦੁਸਤਾਨ ਦੀ ਆਜ਼ਾਦੀ ਅਤੇ ਅਮਰੀਕਾ ਵਿਚ ਭਾਰਤੀਆਂ ਦੇ ਅਧਿਕਾਰਾਂ ਲਈ ਸੰਘਰਸ਼ ਕਰ ਰਹੀਆਂ ਸਨ। ਇਨ੍ਹਾਂ ਜਥੇਬੰਦੀਆਂ ਦੇ ਸੰਘਰਸ਼ ਦੇ ਸਿੱਟੇ ਵਜੋਂ ਸੰਨ 1946 ਵਿਚ ਅਮਰੀਕੀ ਕਾਂਗਰਸ ਵੱਲੋਂ ਲੂਸ-ਸੀਲਰ ਐਕਟ ਪਾਸ ਕੀਤਾ ਗਿਆ। ਇਸ ਐਕਟ ਤਹਿਤ ਭਾਰਤੀਆਂ ਦੇ ਅਮਰੀਕਾ ਆਉਣ 'ਤੇ ਪਾਬੰਦੀ ਖ਼ਤਮ ਕੀਤੀ ਗਈ ਅਤੇ ਉਨ੍ਹਾਂ ਨੂੰ ਬੁਨਿਆਦੀ ਤੌਰ 'ਤੇ ਅਮਰੀਕੀ ਨਾਗਰਿਕਾਂ ਵਜੋਂ ਮਾਨਤਾ ਦਿੱਤੀ ਗਈ।

ਤਿੰਨ ਅਕਤੂਬਰ-1965 ਨੂੰ ਅਮਰੀਕੀ ਇੰਮੀਗਰੇਸ਼ਨ ਐਂਡ ਨੈਸ਼ਨੇਲਟੀ ਐਕਟ, ਜੋ ਆਮ ਤੌਰ 'ਤੇ ਹਾਰਟ-ਸੀਲਰ ਐਕਟ ਵਜੋਂ ਜਾਣਿਆ ਜਾਂਦਾ ਹੈ, ਪਾਸ ਕੀਤਾ ਗਿਆ। ਇਸ ਐਕਟ ਤਹਿਤ ਏਸ਼ੀਆ ਤੋਂ ਆਉਣ ਵਾਲਿਆਂ ਲਈ ਸ਼ਰਤਾਂ ਨਰਮ ਕੀਤੀਆਂ ਗਈਆਂ ਸਨ। ਸੰਨ 1965 ਤੋਂ ਪਹਿਲਾਂ ਪਰਵਾਸੀ ਸਿਰਫ਼ ਕੈਲੀਫੋਰਨੀਆ ਵਿਚ ਜਾਣ ਨੂੰ ਹੀ ਪਹਿਲ ਦਿੰਦੇ ਸਨ, ਪਰ ਸੰਨ 1965 ਤੋਂ ਬਾਅਦ ਪੂਰੇ ਅਮਰੀਕਾ ਵਿਚ ਉਨ੍ਹਾਂ ਦੇ ਆਵਾਸ ਲਈ ਨੀਤੀਆਂ ਨਰਮ ਕੀਤੀਆਂ ਗਈਆਂ ਸਨ। ਸਿੱਟੇ ਵਜੋਂ ਪੱਛਮੀ ਏਸ਼ੀਆ ਦੇ ਲੋਕ ਵਧੇਰੇ ਗਿਣਤੀ ਵਿਚ ਸੰਨ 1965 ਤੋਂ ਬਾਅਦ ਅਮਰੀਕਾ ਜਾ ਰਹੇ ਹਨ।

19ਵੀਂ ਅਤੇ 20ਵੀਂ ਸਦੀ ਦੌਰਾਨ ਗਏ ਪੰਜਾਬੀਆਂ ਨੇ ਭਾਵੇਂ ਮੁੱਢਲੇ ਰੂਪ ਵਿਚ ਲੇਬਰ ਮਿੱਲਾਂ ਵਿੱਚ, ਰੇਲਵੇ ਲਾਈਨਾਂ ਵਿਛਾਉਣ ਅਤੇ ਸੜਕਾਂ ਦੇ ਨਿਰਮਾਣ ਆਦਿ ਲਈ ਕੰਮ ਕੀਤਾ, ਪਰ ਆਪਣੇ ਮਿਹਨਤੀ, ਸਿਰੜੀ ਅਤੇ ਇਮਾਨਦਾਰੀ ਵਾਲੇ ਸੁਭਾਅ ਕਾਰਨ ਪੰਜਾਬੀਆਂ ਨੇ ਅਮਰੀਕੀ ਸਮਾਜ, ਸਿਆਸਤ, ਸਭਿਆਚਾਰ ਅਤੇ ਆਰਥਿਕਤਾ ਉੱਤੇ ਮਹੱਤਵਪੂਰਨ ਅਤੇ ਚਿਰਸਥਾਈ ਪ੍ਰਭਾਵ ਪਾਇਆ ਹੈ। ਜਵਾਲਾ, ਸਿੰਘ, ਜਗਜੀਤ ਸਿੰਘ, ਮੁਬਾਰਕ ਅਲੀ ਖ਼ਾਨ, ਦੀਦਾਰ ਸਿੰਘ ਬੈਂਸ, ਸ਼ੁੱਧ ਪ੍ਰਕਾਸ਼ ਸਿੰਘ, ਸੁਖਵਿੰਦਰ ਕੰਬੋਜ, ਨਰਿੰਦਰ ਸਿੰਘ ਕਪਾਨੀ ਅਤੇ ਚਰਨਜੀਤ ਸਿੰਘ ਬਾਠ ਆਦਿ ਚੋਣਵੇਂ ਪੰਜਾਬੀ ਹਨ ਜਿਨ੍ਹਾਂ ਨੇ ਵੱਖ ਵੱਖ ਖੇਤਰਾਂ ਵਿਚ ਆਪਣੀ ਸਫਲਤਾ ਸਦਕਾ ਵਿਲੱਖਣ ਪਛਾਣ ਬਣਾਈ। ਹੁਣ ਹੋਰ ਵੀ ਬਹੁਤ ਸਾਰੇ ਪੰਜਾਬੀ, ਅਮਰੀਕਾ ਵਿਚ ਮੱਲਾਂ ਮਾਰ ਰਹੇ ਹਨ।

## 'ਛਣਕਾਟਾ ਵੰਗਾਂ ਦਾ-2019' : ਅਲਾਪ ਗਰੁੱਪ ਦੇ ਚੰਨੀ ਸਿੰਘ ਦਾ ਹੋਵੇਗਾ ਵਿਸ਼ੇਸ਼ ਸਨਮਾਨ

**ਫਰੀਮੌਂਟ/ਬਿਊਰੋ ਨਿਊਜ਼ :** ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ (ਇੰਕ) ਵਲੋਂ ਸ. ਅਮੋਲਕ ਸਿੰਘ ਗਾਖਲ, ਮੱਖਣ ਸਿੰਘ ਬੈਂਸ ਅਤੇ ਐਸ.ਅਸ਼ੋਕ.ਭੌਰਾ ਦੇ ਸਹਿਯੋਗ ਨਾਲ 6 ਜਨਵਰੀ 2019 ਦਿਨ ਐਤਵਾਰ ਨੂੰ ਪੈਰਾਡਾਈਜ਼ ਬਾਲਰੂਮ 4100 ਪਰਿਆਲਟਾ ਬੁਲੇਵਾਰਡ ਫਰੀਮੌਂਟ (ਕੈਲੀਫੋਰਨੀਆ) ਵਿਚ ਕਰਵਾਏ ਜਾ ਰਹੇ ਨਵੇਂ ਸਾਲ 2019 ਨੂੰ ਜੀ ਆਇਆਂ ਆਖਦੇ ਪ੍ਰੋਗਰਾਮ "ਛਣਕਾਟਾ ਵੰਗਾਂ ਦਾ- 2019" ਵਿਚ ਇਸ ਵਾਰ ਬਾਲੀਵੁੱਡ ਗਾਇਕਾ ਮੋਨਾ ਸਿੰਘ ਅਤੇ ਯੁਵਾ ਵਰਗ ਵਿਚ ਬੁਲੰਦ ਅਵਾਜ਼ ਕਰਕੇ ਜਾਣੀ ਜਾਂਦੀ ਪ੍ਰਸਿੱਧ ਗਾਇਕਾ ਹਰਮਨਦੀਪ ਜਿੱਥੇ ਆਪਣੀ ਗਾਇਕੀ ਨਾਲ ਕੈਲੀਫੋਰਨੀਆ ਵਿਚ ਪੰਜਾਬੀ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕਰਨਗੀਆਂ, ਉੱਥੇ 'ਭਾਬੀਏ ਨੀ ਭਾਬੀਏ' ਫੇਮ ਅਲਾਪ ਗਰੁੱਪ ਦੇ ਚੰਨੀ ਸਿੰਘ ਦਾ ਵਿਸ਼ੇਸ਼ ਸਨਮਾਨ ਹੋਵੇਗਾ। ਉਹ ਆਪਣੇ ਚੋਣਵੇਂ ਗੀਤਾਂ ਨਾਲ ਹਾਜ਼ਰੀ ਵੀ ਲਗਵਾਉਣਗੇ। ਇਸ ਤੋਂ ਇਲਾਵਾ ਗਾਇਕ ਸੱਤੀ ਪਾਬਲਾ, ਆਪਣਾ ਸੰਗੀਤ ਦੇ ਅਨੂਪ ਚੀਮਾ ਅਤੇ ਕੈਲੀ ਜਸ ਵੀ ਦਰਸ਼ਕਾਂ ਦੇ ਰੂਬਰੂ ਹੋਣਗੇ। ਪਹਿਲੀ ਵਾਰ ਹੈ ਕਿ ਜਦੋਂ ਯੂਸੀ. ਡੇਵਿਸ ਅਤੇ ਬੇ-ਏਰੀਆ ਧਮਕ ਦੀਆਂ ਗਿੱਧਾ ਟੀਮਾਂ ਛਣਕਾਟਾ ਵੰਗਾਂ ਦਾ ਮੁੱਖ ਆਕਰਸ਼ਣ ਹੋਣਗੀਆਂ। ਬਾਬਿਆਂ ਦਾ ਮਲਵਈ ਗਿੱਧਾ ਵੀ ਪੇਸ਼ ਹੋਵੇਗਾ ਤੇ 'ਪੰਜਾਬੀ ਧੜਕਣ' ਅਕੈਡਮੀ ਦੀਆਂ ਮੁਟਿਆਰਾਂ ਭੰਗੜਾ ਪੇਸ਼ ਕਰਨਗੀਆਂ। ਅਜੇ ਭੰਗੜਾ ਅਕੈਡਮੀ ਦੇ ਬੱਚੇ ਇਸ ਪ੍ਰੋਗਰਾਮ ਦੇ ਪਹਿਲੇ ਪਲਾਂ ਨੂੰ ਲੋਕ ਨਾਚਾਂ ਰਾਹੀਂ ਯਾਦਗਾਰੀ ਬਣਾਉਣਗੇ। ਇਸ ਪ੍ਰੋਗਰਾਮ ਦੇ ਮੁੱਖ ਪ੍ਰਬੰਧਕ ਐੱਸ.ਅਸ਼ੋਕ. ਭੌਰਾ ਨੇ ਕਿਹਾ ਕਿ ਗਾਇਕਾ ਪਵਨਦੀਪ ਮੋਗਾ ਦੇ ਗਾਏ ਟਾਈਟਲ ਗੀਤ 'ਚੜ੍ਹਕੇ ਵੇਖ ਚੁਬਾਰੇ ਵੇ ਛਣਕਾਟਾ ਪੈਂਦਾ ਵੰਗਾਂ ਦਾ' 'ਤੇ ਵਿਸ਼ੇਸ਼ ਕੋਰੀਓਗ੍ਰਾਫੀ ਹੋਵੇਗੀ ਅਤੇ ਪਿਛਲੇ ਸਾਲਾਂ ਵਾਂਗ ਹਾਸਰਸ ਰੰਗ ਵੀ ਦਰਸ਼ਕਾਂ ਨੂੰ ਵੇਖਣ ਨੂੰ ਮਿਲੇਗਾ। ਮੰਚ ਸੰਚਾਲਨ ਸ਼ਕਤੀ ਮਾਣਕ ਦਾ ਹੋਵੇਗਾ। ਸੰਗੀਤਕ ਪ੍ਰੋਗਰਾਮ ਦੇ ਵੱਡੇ ਸਹਿਯੋਗੀ ਰਾਜਾ ਸਵੀਟਸ ਦੇ ਸ. ਮੱਖਣ ਸਿੰਘ ਬੈਂਸ ਤੇ ਗਿਆਨੀ ਰਵਿੰਦਰ ਸਿੰਘ ਨੇ ਕਿਹਾ ਕਿਹਾ ਕਿ ਪ੍ਰੋਗਰਾਮ ਵਿਚ ਸਿਰਫ ਦਾਖਲਾ ਹੀ ਮੁਫਤ ਨਹੀਂ ਹੋਵੇਗਾ ਸਗੋਂ ਦਰਸ਼ਕਾਂ ਨੂੰ ਚਾਹ ਅਤੇ ਸਨੈਕਸ ਵੀ ਕੰਪਲੀਮੈਂਟਰੀ ਦਿੱਤੇ ਜਾਣਗੇ। ਉੱਘੇ ਕਾਰੋਬਾਰੀ ਅਤੇ ਯੂਨਾਈਟਡ ਸਪੋਰਟਸ ਕਲੱਬ ਦੇ ਸਰਪ੍ਰਸਤ ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਸਵੇਰੇ 12 ਵਜੇ ਤੋਂ ਸ਼ੁਰੂ ਹੋ ਕੇ ਦੇਰ ਸ਼ਾਮ ਤੱਕ ਚੱਲਣ ਵਾਲੇ ਇਸ ਪ੍ਰੋਗਰਾਮ ਵਿਚ ਸਮੂਹ ਪਰਿਵਾਰਾਂ ਨੂੰ ਬੱਚਿਆਂ ਸਮੇਤ ਹਾਜ਼ਰੀ ਯਕੀਨੀ ਬਣਾਉਣੀ ਚਾਹੀਦੀ ਹੈ ਕਿਉਂਕਿ ਇਹ ਪ੍ਰੋਗਰਾਮ ਪਿਛਲੇ ਅੱਧੇ ਦਹਾਕੇ ਤੋਂ ਸੰਗੀਤ ਤੇ ਸੱਭਿਆਚਾਰ ਦੀ ਵਡਮੁੱਲੀ ਸੇਵਾ ਕਰ ਰਿਹਾ ਹੈ। ਹੋਰ ਜਾਣਕਾਰੀ ਲਈ 510-695-4836, 510-512-3401 ਮੋਬਾਈਲ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।


ਮੱਖਣ ਸਿੰਘ ਬੈਂਸ



ਪ੍ਰੋਗਰਾਮ ਦੀ ਜਾਣਕਾਰੀ ਦਰਸਾਉਂਦਾ ਪੋਸਟਰ


ਗਿਆਨੀ ਰਵਿੰਦਰ ਸਿੰਘ

## ਪਾਕਿਸਤਾਨ ਸਿਗਰੇਟ ਤੇ ਸ਼ਰਬਤ ਉੱਤੇ ਲਗਾਏਗਾ 'ਪਾਪ' ਟੈਕਸ

**ਇਸਲਾਮਾਬਾਦ/ਬਿਊਰੋ ਨਿਊਜ਼ :**
ਸਿਹਤ ਬਜਟ ਨੂੰ ਵਧਾਉਣ ਲਈ ਪਾਕਿਸਤਾਨ ਛੇਤੀ ਹੀ ਸਿਗਰੇਟਾਂ ਤੇ ਸ਼ਰਬਤਾਂ 'ਤੇ 'ਪਾਪ' ਟੈਕਸ ਲਗਾਏਗਾ। ਦੇਸ਼ ਦੇ ਸਿਹਤ ਮੰਤਰੀ ਅਮੀਰ ਮਹਿਮੂਦ ਕਿਆਨੀ ਨੇ ਮੀਡੀਆ ਨੂੰ ਇਹ ਜਾਣਕਾਰੀ ਦਿੱਤੀ। ਸਥਾਨਕ ਮੀਡੀਆ ਅਨੁਸਾਰ, ਉਨ੍ਹਾਂ ਨੇ ਜਨਤਕ ਸਿਹਤ ਕਾਨਫਰੰਸ ਵਿਚ ਕਿਹਾ ਕਿ ਉਨ੍ਹਾਂ ਦੀ ਤਹਿਰੀਕ-ਏ-ਇਨਸਾਫ ਸਰਕਾਰ ਦੇਸ਼ ਦੇ ਕੁੱਲ ਘਰੇਲੂ ਉਤਪਾਦ ਦਾ 5 ਫ਼ੀਸਦੀ ਸਿਹਤ ਬਜਟ ਬਣਾਉਣਾ ਚਾਹੁੰਦੀ ਹੈ ਤੇ ਇਸ ਲਈ ਆਮਦਨ ਵਿਚ ਵਾਧਾ ਕਰਨਾ ਪਵੇਗਾ।

ਇਸ ਲਈ, ਸਰਕਾਰ ਵੱਖ-ਵੱਖ ਕਦਮਾਂ ਨੂੰ ਲਾਗੂ ਕਰ ਰਹੀ ਹੈ। ਇਨ੍ਹਾਂ ਵਿਚੋਂ ਇਕ ਢੰਗ ਇਹ ਹੈ ਕਿ ਤੰਬਾਕੂ ਉਤਪਾਦਾਂ ਤੇ ਮਿੱਠੀ ਪੀਣ ਵਾਲੇ ਸ਼ਰਬਤਾਂ ਉੱਤੇ ਪਾਪ ਟੈਕਸ ਲਗਾਇਆ ਜਾਵੇ। ਇਸ ਤੋਂ ਹੋਣ ਵਾਲੀ ਆਮਦਨ ਨੂੰ ਸਿਹਤ ਬਜਟ ਵਿੱਚ ਸ਼ਾਮਲ ਕੀਤਾ ਜਾਵੇਗਾ। ਸਰਕਾਰ ਸਿਹਤ 'ਤੇ ਸਿਰਫ ਜੀਡੀਪੀ ਦੇ ਛੇ ਫ਼ੀਸਦੀ ਹੀ ਖਰਚ ਕਰਦੀ ਹੈ।

# ਦੱਖਣੀ ਸਿੱਖ : ਪੰਜਾਬ ਤੋਂ ਦੂਰ ਬਣੇ ਕੌਮ ਦੇ ਵਾਰਿਸ

**ਹਿਮਾਦਰੀ ਬੈਨਰਜੀ**
**(ਲੇਖਕ ਜਾਦਵਪੁਰ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਦੀ ਗੁਰੂ ਨਾਨਕ ਚੇਅਰ ਦੇ ਸਾਬਕਾ ਮੁਖੀ ਰਹੇ ਹਨ।)**

ਪੰਜਾਬ ਅਤੇ ਪੰਜਾਬੀਆਂ ਲਈ ਉਹ ਦੱਖਣੀ ਸਿੱਖ ਹਨ। ਉਹ ਮੁਲਕ ਦੇ ਦੱਖਣੀ ਹਿੱਸੇ ਵਿਚ ਗੋਦਾਵਰੀ ਤੋਂ ਕ੍ਰਿਸ਼ਨਾ ਦਰਿਆਵਾਂ ਵਿਚਕਾਰਲੇ ਖ਼ਿੱਤੇ 'ਚ ਵਸਦੇ ਹਨ। ਉਹ ਖ਼ੁਦ ਨੂੰ ਦੱਖਣੀ ਸਿੱਖ ਸਦਵਾਉਂਦੇ ਹਨ। ਇਹ ਮੁੱਖ ਤੌਰ 'ਤੇ ਉਸ ਖ਼ਿੱਤੇ ਦੇ ਵਸਨੀਕ ਹਨ ਜਿੱਥੇ ਲੰਮਾ ਸਮਾਂ ਹੈਦਰਾਬਾਦ ਦੇ ਨਿਜ਼ਾਮ (ਸੰਨ 1720–1948) ਦੀ ਹਕੂਮਤ ਰਹੀ ਹੈ। ਇਨ੍ਹਾਂ ਦੀ ਆਬਾਦੀ ਪੱਛਮ ਵਿਚ ਔਰੰਗਾਬਾਦ ਤੋਂ ਪੂਰਬ ਵਿਚ ਖਮਾਮ ਅਤੇ ਦੱਖਣ ਵਿਚ ਬਿਦਰ ਤਕ ਹੈ। ਇਸ ਖ਼ਿੱਤੇ ਵਿਚ ਤਿੰਨ ਮੁੱਖ ਭਾਸ਼ਾਈ ਖੇਤਰ- ਮਰਾਠੀ, ਤੇਲਗੂ ਤੇ ਕੰਨੜ- ਪੈਂਦੇ ਹਨ ਅਤੇ ਪ੍ਰਸ਼ਾਸਕੀ ਤੌਰ 'ਤੇ ਇਹ ਮਹਾਰਾਸ਼ਟਰ, ਤਿਲੰਗਾਨਾ ਤੇ ਕਰਨਾਟਕ ਸੂਬਿਆਂ ਦਾ ਇਲਾਕਾ ਹੈ। ਇਹ ਪੰਜਾਬੀ ਸਿੱਖਾਂ ਨਾਲੋਂ ਸਿਰਫ਼ ਭਾਸ਼ਾ, ਡੀਲ-ਡੌਲ ਅਤੇ ਪਹਿਰਾਵੇ ਪੱਖੋਂ ਹੀ ਵੱਖਰੇ ਨਹੀਂ ਸਗੋਂ ਗੁਰਦੁਆਰਿਆਂ ਦੀ ਮਰਿਆਦਾ, ਦਿਨ-ਤਿਹਾਰਾਂ ਨੂੰ ਮਨਾਉਣ ਅਤੇ ਨਿੱਤਨੇਮ ਦੇ ਢੰਗ ਤਰੀਕੇ ਵੀ ਇਨ੍ਹਾਂ ਦੇ ਵੱਖਰੇ ਹੀ ਹਨ।

ਇਨ੍ਹਾਂ ਸਿੱਖਾਂ ਵਿੱਚੋਂ ਬਹੁਤੇ ਵੱਖ-ਵੱਖ ਦੌਰਾਂ ਤੇ ਤਰੀਕਿਆਂ ਰਾਹੀਂ ਦੱਖਣ ਪਹੁੰਚੇ। ਉਨ੍ਹਾਂ ਦੀ ਆਮਦ ਦੇ ਦੋ ਅਹਿਮ ਤਰੀਕੇ ਸਨ। ਸਿੱਖਾਂ ਦਾ ਪਹਿਲਾ ਜਥਾ ਗੁਰੂ ਗੋਬਿੰਦ ਸਿੰਘ ਜੀ ਦੀ ਸੰਨ 1707 ਵਾਲੀ ਦੱਖਣ ਵੱਲ ਯਾਤਰਾ ਦਾ ਹਿੱਸਾ ਸੀ, ਜਦੋਂ ਗੁਰੂ ਜੀ ਨੇ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੂੰ ਮਿਲਣ ਲਈ ਉਧਰ ਦਾ ਰੁਖ਼ ਕੀਤਾ। ਉਨ੍ਹਾਂ ਦੇ ਸੰਨ1708 ਵਿਚ ਨਾਂਦੇੜ (ਹਜ਼ੂਰ ਸਾਹਿਬ) ਵਿਖੇ ਜੋਤੀ-ਜੋਤ ਸਮਾਉਣ ਤੋਂ ਬਾਅਦ ਉੱਥੇ ਸਿੱਖਾਂ ਦੀ ਛੋਟੀ ਜਿਹੀ ਬਸਤੀ ਬਣ ਗਈ। ਇਹ ਸਥਾਨ ਹੁਣ ਮਹਾਰਾਸ਼ਟਰ ਵਿਚ ਹੈ। ਬਾਅਦ ਵਿਚ ਦੱਖਣ 'ਚ ਆਉਣ ਵਾਲੇ ਸਿੱਖ ਆਪਣਾ ਸਬੰਧ ਇਸ ਕਥਾ ਨਾਲ ਜੋੜਦੇ ਹਨ ਕਿ ਮਹਾਰਾਜਾ ਰਣਜੀਤ ਸਿੰਘ ਨੇ ਸੰਨ 1831 ਵਿਚ ਆਪਣੀ ਫ਼ੌਜ ਦਾ ਇਕ ਦਸਤਾ ਨਿਜ਼ਾਮ ਦੇ ਇਲਾਕੇ ਵਿਚ 'ਅਮਨ ਤੇ ਸੁਰੱਖਿਆ ਕਾਇਮ ਰੱਖਣ' ਲਈ ਭੇਜਿਆ ਸੀ। ਇਸ ਤਰ੍ਹਾਂ ਨਾ ਸਿਰਫ਼ ਸਿੱਖੀ ਦਾ ਦੱਖਣ ਵੱਲ ਪਾਸਾਰ ਹੋਇਆ ਸਗੋਂ ਇਸ ਨੇ ਨਵੇਂ ਸਿਆਸੀ ਦਾਅਵੇ ਨੂੰ ਵੀ ਉਭਾਰਿਆ, ਜਿਸ ਬਾਰੇ ਦੇਸ਼ ਦੇ ਦੂਜੇ ਹਿੱਸਿਆਂ ਵਿਚ ਰਹਿੰਦੇ ਸਿੱਖ ਵਾਕਫ਼ ਨਹੀਂ।

ਬਾਅਦ ਦੇ ਪੰਜਾਬੀ ਸਰੋਤਾਂ ਅਨੁਸਾਰ ਦਸਵੇਂ ਗੁਰੂ ਸਾਹਿਬਾਨ ਦੇ ਜੋਤੀ-ਜੋਤ ਸਮਾ ਜਾਣ ਮਗਰੋਂ ਥੋੜ੍ਹੇ ਜਿਹੇ ਸਿੱਖ ਉੱਥੇ ਰੁਕ ਗਏ ਕਿਉਂਕਿ ਉਹ ਗੋਦਾਵਰੀ ਦੇ ਦੱਖਣੀ ਕੰਢੇ ਗੁਰੂ ਸਾਹਿਬ ਦੇ ਸਸਕਾਰ ਵਾਲੀ ਥਾਂ ਉਸਾਰੇ ਗਏ ਪੱਥਰ ਦੇ 'ਚਬੂਤਰੇ' ਦੀ ਰਾਖੀ ਲਈ ਵਚਨਬੱਧ ਸਨ। ਗੁਰੂ ਸਾਹਿਬ ਨੇ ਭਾਵੇਂ ਅਜਿਹਾ ਨਾ ਕਰਨ ਦੀ ਹਦਾਇਤ ਦਿੱਤੀ ਸੀ ਪਰ ਉੱਥੇ ਬਣੀ ਗੁਰੂ ਸਾਹਿਬ ਦੀ 'ਸਮਾਧ' ਸਿੱਖਾਂ ਦੇ ਇਕੱਤਰ ਹੋਣ ਦੀ ਥਾਂ ਬਣ ਗਈ ਜੋ ਇਸ ਨੂੰ ਪਵਿੱਤਰ ਅਤੇ ਗੁਰੂ ਸਾਹਿਬ ਦਾ ਸਦੀਵੀ ਟਿਕਾਣਾ (ਅਬਿਚਲਨਗਰ) ਮੰਨਦੇ ਹਨ।

ਇਸ ਸਥਾਨ ਨੂੰ ਹੁਣ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਆਖਿਆ ਜਾਂਦਾ ਹੈ, ਜੋ ਸਿੱਖਾਂ ਦੇ ਪੰਜ ਤਖ਼ਤਾਂ ਵਿਚੋਂ ਇਕ ਹੈ। ਗੁਰੂ ਸਾਹਿਬ ਨੇ ਇਥੇ ਹੀ ਇਨਸਾਨੀ ਜਾਮੇ ਵਾਲੇ ਗੁਰੂਆਂ ਦੀ ਥਾਂ 'ਗੁਰੂ ਗ੍ਰੰਥ' (ਆਦਿ ਗ੍ਰੰਥ) ਸਾਹਿਬ ਨੂੰ ਗੁਰਗੱਦੀ ਬਖ਼ਸ਼ੀ। ਰਵਾਇਤ ਅਨੁਸਾਰ ਆਖਿਆ ਜਾਂਦਾ ਹੈ ਕਿ 'ਪਰਮਾਤਮਾ ਦਾ ਵਾਸ' 'ਸੰਗਤ' ਵਿਚ ਹੈ। 'ਪੰਜ ਪਿਆਰਿਆਂ ਦੀ ਇਕੱਤਰਤਾ' ਵਿਚ ਹੁਕਮ ਦੇਣ ਦੀ ਸ਼ਕਤੀ ਹੈ। ਇਸ ਨਾਲ ਸਿੱਖਾਂ ਦੀ 'ਸਾਂਝੀ ਜਥੇਬੰਦੀ ਨੂੰ ਇਕ ਖ਼ਾਸ ਪਵਿੱਤਰਤਾ' ਮਿਲ ਗਈ ਤੇ ਇਸ ਨੇ ਅਠਾਰ੍ਹਵੀਂ ਸਦੀ ਵਿਚ ਪੰਜਾਬ 'ਚ ਖ਼ਾਲਸੇ ਦੇ ਉਭਾਰ 'ਤੇ ਨੈਤਿਕ ਮੋਹਰ ਲਾ ਦਿੱਤੀ।



**ਦੱਖਣੀ ਸਿੱਖਾਂ ਦੀ ਰਾਜਾ ਦੀਨ ਦਿਆਲ ਵੱਲੋਂ ਖਿੱਚੀ ਗਈ ਤਸਵੀਰ।**

ਜਿਹੜੇ ਸਿੱਖ ਉਸ ਵਕਤ (ਸੰਨ 1708) ਨਾਂਦੇੜ ਵਿਚ ਸਨ, ਉਨ੍ਹਾਂ ਮਹਿਸੂਸ ਕੀਤਾ ਕਿ ਉਨ੍ਹਾਂ ਨੂੰ ਘਰ ਤੋਂ ਦੂਰ ਇਸ ਥਾਂ ਕੌਮ ਦੀ ਹੋਣੀ ਦੀ ਰਾਖੀ ਕਰਨ ਲਈ ਖ਼ਾਸ ਜ਼ਿੰਮੇਵਾਰੀ ਸੌਂਪੀ ਗਈ ਸੀ।

ਸ਼ੁਰੂਆਤੀ ਦੌਰ 'ਚ ਨਾਂਦੇੜ ਵਿਖੇ ਵੱਸਣ ਵਾਲੇ ਸਿੱਖ ਅਜਿਹੇ ਵੰਨ-ਸੁਵੰਨੇ ਸਮੂਹ ਦੀ ਨੁਮਾਇੰਦਗੀ ਕਰਦੇ ਸਨ ਜਿਸ ਦੀ ਸਿੱਖੀ ਬਾਰੇ ਧਾਰਨਾ ਬਿਲਕੁਲ ਵੱਖੋ-ਵੱਖਰੀ ਸੀ। ਹਥਿਆਰਬੰਦ ਨਿਹੰਗ ਉਨ੍ਹਾਂ ਵਿੱਚੋਂ ਸਭ ਤੋਂ ਤਾਕਤਵਰ ਹਿੱਸਾ ਸਨ। ਇਨ੍ਹਾਂ ਨੂੰ ਪੰਜਾਬ 'ਚ ਅਠਾਰ੍ਹਵੀਂ ਸਦੀ ਵਿਚ ਅਕਾਲੀ ਵੀ ਆਖਿਆ ਜਾਂਦਾ ਸੀ ਜੋ ਬਹੁਤ ਹੀ ਬਹਾਦਰ ਅਤੇ ਗੁਰੂ ਜੀ ਪ੍ਰਤੀ ਅਥਾਹ ਸ਼ਰਧਾ ਰੱਖਦੇ ਸਨ। ਇਸ ਦੇ ਨਾਲ ਹੀ ਨਾਂਦੇੜ ਦੇ ਸਿੱਖਾਂ 'ਚ ਕੁਝ 'ਉਦਾਸੀ' ਵੀ ਸਨ ਜੋ ਖ਼ਾਲਸੇ ਦੀ ਰਹਿਤ-ਮਰਿਆਦਾ ਮੁਤਾਬਿਕ ਨਹੀਂ ਸਨ ਵਿਚਰਦੇ। ਗਿਣਤੀ ਪੱਖੋਂ ਘੱਟ ਹੋਣ ਕਾਰਨ ਇਨ੍ਹਾਂ ਸਿੱਖਾਂ ਨੇ ਤਖ਼ਤ ਦੀਆਂ ਨਿੱਤ-ਦਿਨ ਦੀਆਂ ਸੇਵਾਵਾਂ ਨਿਭਾਉਣ ਲਈ ਪੰਥਕ ਵਖਰੇਵਿਆਂ ਨੂੰ ਵਿਸਾਰ ਦਿੱਤਾ।

ਨਾਂਦੇੜ ਦੇ ਸੁੰਨਸਾਨ ਥਾਂ ਹੋਣ ਕਾਰਨ ਉਨ੍ਹਾਂ ਨੂੰ ਤਖ਼ਤ ਦਾ ਘੇਰਾ ਫੈਲਾਉਣ ਵਿਚ ਸੌਖ ਰਹੀ। ਇਕ ਪਾਸੇ ਗੋਦਾਵਰੀ ਦੀ ਕੁਦਰਤੀ ਹੱਦ ਸੀ। ਦੂਜੇ ਪਾਸਿਉਂ ਤਖ਼ਤ ਨੂੰ ਲੁਕਾਉਣ ਲਈ ਕਿੱਕਰ ਦੇ ਰੁੱਖਾਂ ਦੀ ਲੰਬੀ ਕਤਾਰ ਲਾ ਦਿੱਤੀ ਗਈ। ਲੰਗਰ ਸਮੇਤ ਤਖ਼ਤ ਦੇ ਨਿੱਤ ਦੇ ਕੰਮ-ਕਾਜ ਲਈ ਕੁਝ ਅਹੁਦੇਦਾਰਾਂ ਨਿਯੁਕਤ ਕਰ ਦਿੱਤੇ ਗਏ। ਇਸ ਦੀ ਸ਼ੁਰੂਆਤ ਜਥੇਦਾਰ ਦੀ ਨਿਯੁਕਤੀ ਨਾਲ ਹੋਈ ਜੋ ਰੋਜ਼ਮੱਰ੍ਹਾ ਦੇ ਕੰਮ-ਕਾਜ ਦੀ ਅਗਵਾਈ ਕਰਦਾ ਅਤੇ ਭਾਈਚਾਰੇ ਦੇ ਮਾਲੀ ਵਸੀਲਿਆਂ ਦੀ ਮਜ਼ਬੂਤੀ ਲਈ ਹੋਰਨਾਂ ਨਾਲ ਤਾਲਮੇਲ ਰੱਖਦਾ। ਇਸ ਮਕਸਦ ਲਈ ਖੇਤੀਬਾੜੀ ਉਨ੍ਹਾਂ ਦੀ ਕੁਦਰਤੀ ਪਸੰਦ ਸੀ ਕਿਉਂਕਿ ਜ਼ਮੀਨ ਦੀ ਕੋਈ ਕਮੀ ਨਹੀਂ ਸੀ। ਕੁਝ ਹੋਰ ਜੋ ਵਿੱਤੀ ਮਾਮਲਿਆਂ ਵਿਚ ਮੁਹਾਰਤ ਰੱਖਦੇ ਸਨ, ਉਨ੍ਹਾਂ ਵਪਾਰ ਦੀ ਸੋਚੀ। ਜਿਨ੍ਹਾਂ ਨਿਹੰਗਾਂ ਨੂੰ ਖ਼ਾਸ ਤੌਰ 'ਤੇ ਤਖ਼ਤ ਦੀ ਰੱਖਿਆ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ, ਉਨ੍ਹਾਂ ਨੂੰ ਛੱਡ ਕੇ ਬਾਕੀਆਂ ਨੇ ਆਪਣੇ ਆਪ ਨੂੰ ਫ਼ੌਜੀ ਅਭਿਆਸਾਂ ਰਾਹੀਂ ਕਾਇਮ ਰੱਖਣ ਨੂੰ ਤਰਜੀਹ ਦਿੱਤੀ।

ਜਿਉਂ-ਜਿਉਂ ਉਨ੍ਹਾਂ ਦੇ ਉੱਥੇ ਵਾਸੇ ਦਾ ਸਮਾਂ ਬੀਤਦਾ ਗਿਆ, ਉਨ੍ਹਾਂ ਨੂੰ ਵੱਖੋ-ਵੱਖ ਸਮਾਜਿਕ-ਆਰਥਿਕ ਹਾਲਾਤ ਨੇ ਸਥਾਨਕ ਗੁਆਂਢੀਆਂ ਨਾਲ ਮਿਲਣ-ਜੁਲਣ ਲਈ ਪ੍ਰੇਰਿਆ। ਸਥਾਨਕ ਔਰਤਾਂ ਨਾਲ ਵਿਆਹ ਕਰਵਾ ਲੈਣ ਸਦਕਾ ਉਨ੍ਹਾਂ ਦੀ ਔਲਾਦ ਨੂੰ ਸਥਾਨਕ ਸਮਾਜ ਦੀ ਭਾਸ਼ਾ ਤੇ ਸੱਭਿਆਚਾਰ ਅਪਣਾਉਣ ਵਿਚ ਸੌਖ ਹੋ ਗਈ। ਪਰ ਇਹ ਸਭ ਉਨ੍ਹਾਂ ਦੇ ਸਿੱਖੀ ਨਿਆਰੇਪਣ ਦੀ ਕੀਮਤ ਉੱਤੇ ਨਹੀਂ ਹੋਇਆ। ਭਾਈਚਾਰੇ ਦੇ ਮਰਦ ਮੈਂਬਰ ਆਪਣਾ ਰਵਾਇਤੀ ਸਿੱਖ ਪਹਿਰਾਵਾ ਹੀ ਪਹਿਨਦੇ ਜਦੋਂਕਿ ਉਨ੍ਹਾਂ ਦੀਆਂ ਪਤਨੀਆਂ ਸਾੜ੍ਹੀਆਂ ਪਹਿਨਦੀਆਂ ਅਤੇ ਮੱਥੇ 'ਤੇ ਸਿੰਧੂਰ ਲਾਉਂਦੀਆਂ। ਇਸ ਤਰ੍ਹਾਂ ਸਿੱਖਾਂ ਦੇ ਸਥਾਨਕ ਲੋਕਾਂ ਨਾਲ ਵਰਤ-ਵਿਹਾਰ ਦਾ ਘੇਰਾ ਵਧਣ ਲੱਗਾ ਅਤੇ ਉਨ੍ਹਾਂ ਦੀਆਂ ਘਰੇਲੂ ਯਾਦਾਂ ਵਿਚ ਸਥਾਨਕ ਤਜਰਬੇ ਸ਼ੁਮਾਰ ਹੁੰਦੇ ਗਏ। ਇਸ ਤਰ੍ਹਾਂ ਤਖ਼ਤ ਦੀਆਂ ਨਿੱਤ-ਦਿਨ ਦੀਆਂ ਰਸਮਾਂ ਦਾ ਵਿਸਥਾਰ ਹੁੰਦਾ ਗਿਆ ਅਤੇ ਉਨ੍ਹਾਂ ਦਾ ਜਾਹੋ-ਜਲਾਲ ਵਧਦਾ ਗਿਆ। ਇਸ ਸਦਕਾ ਤਖ਼ਤ ਵੱਡੀ ਗਿਣਤੀ ਸ਼ਰਧਾਲੂਆਂ ਨੂੰ ਆਪਣੇ ਵੱਲ ਖਿੱਚਣ ਲੱਗਾ ਅਤੇ ਇਸ ਪਵਿੱਤਰ ਸਥਾਨ ਦੀ ਆਮਦਨ 'ਚ ਵੀ ਇਜ਼ਾਫ਼ਾ ਹੋਣ ਲੱਗਾ।

ਤਖ਼ਤ ਸਾਹਿਬ ਦੇ ਰੋਜ਼ਮੱਰ੍ਹਾ ਕੰਮ-ਕਾਜ ਦੀ ਸ਼ੁਰੂਆਤ ਤੜਕੇ 2 ਵਜੇ ਗੋਦਾਵਰੀ ਦੇ ਤਾਜ਼ੇ ਜਲ ਨਾਲ ਤਖ਼ਤ ਦੇ ਅਹਾਤੇ ਨੂੰ ਧੋਣ ਨਾਲ ਹੁੰਦੀ ਹੈ। ਇਸ ਮਗਰੋਂ ਹੀ ਹੋਰ ਰਸਮਾਂ ਹੁੰਦੀਆਂ ਹਨ, ਜਿਵੇਂ ਸੁਖਮਨੀ ਸਾਹਿਬ ਦਾ ਪਾਠ, ਆਦਿ ਗ੍ਰੰਥ ਤੇ ਦਸਮ ਗ੍ਰੰਥ ਤੋਂ ਵਾਕ ਲੈਣਾ, ਆਰਤੀ, ਧੂਫ਼-ਬੱਤੀ ਕਰਨੀ, ਸੰਖ ਵਜਾਉਣਾ, ਕਥਾਵਾਚਕ ਵੱਲੋਂ ਸਿੰਘਾਂ ਦੀਆਂ ਬੀਰਗਾਥਾਵਾਂ 'ਤੇ ਆਧਾਰਿਤ ਕਥਾ-ਪ੍ਰਵਾਹ ਆਦਿ। ਇਸ ਤਰ੍ਹਾਂ ਰਾਤ ਨੂੰ 8:45 ਵਜੇ ਜਥੇਦਾਰ ਵੱਲੋਂ ਕੀਰਤਨ ਸੋਹਿਲਾ ਪੜ੍ਹੇ ਜਾਣ ਤਕ ਵੱਖ-ਵੱਖ ਰਸਮਾਂ ਨਿਭਾਈਆਂ ਜਾਂਦੀਆਂ ਹਨ।

ਹੋਰ ਤਿਉਹਾਰ ਜਿਵੇਂ ਹੋਲੀ, ਨਰਾਤੇ, ਦੁਸਹਿਰਾ ਆਦਿ ਬਿਕਰਮੀ ਸੰਮਤ ਮੁਤਾਬਿਕ ਮਨਾਏ ਜਾਂਦੇ ਹਨ। ਬੱਕਰਾ-ਝਟਕੇ ਦੀ ਰਸਮ ਮਗਰੋਂ ਤਖ਼ਤ ਅੰਦਰ ਸਜਾਏ ਸਾਰੇ ਹਥਿਆਰਾਂ ਨੂੰ ਤਿਲਕ ਲਾਇਆ ਜਾਂਦਾ ਹੈ। ਇਨ੍ਹਾਂ ਰਸਮਾਂ, ਤਿਉਹਾਰਾਂ, ਜਸ਼ਨਾਂ ਤੇ ਸਮਾਗਮਾਂ ਰਾਹੀਂ ਦੱਖਣੀ ਸਿੱਖ ਨਾ ਸਿਰਫ਼ ਸਿੰਘ ਸਭਾ ਦੌਰ ਦੀ ਸਿੱਖੀ ਤੋਂ ਆਪਣੇ ਨਿਆਰੇਪਣ ਦਾ ਪ੍ਰਗਟਾਵਾ ਕਰਦੇ ਹਨ ਸਗੋਂ ਆਪਣੇ ਆਪ ਨੂੰ ਸਥਾਨਕ ਵੱਸੋਂ ਨਾਲ ਵੀ ਜੋੜਦੇ ਹਨ। ਇਨ੍ਹਾਂ ਰਸਮਾਂ-ਰਿਵਾਜਾਂ ਨੂੰ ਪੰਜਾਬੀ ਸਿੱਖਾਂ ਵੱਲੋਂ ਭਾਵੇਂ ਪੰਜਾਬ ਤੋਂ ਬਾਹਰ ਸਿੱਖੀ ਦੇ 'ਹਿੰਦੂਕਰਨ' ਦੀਆਂ ਕੋਸ਼ਿਸ਼ਾਂ ਅਤੇ ਸਿੱਖ ਰਹਿਤ-ਮਰਿਆਦਾ ਨੂੰ ਤਿਲਾਂਜਲੀ ਕਰਾਰ ਦਿੱਤਾ ਜਾਂਦਾ ਹੈ, ਪਰ ਦੱਖਣੀ ਸਿੱਖ ਇਨ੍ਹਾਂ ਨੂੰ ਦਸਵੇਂ ਗੁਰੂ ਦੇ ਨਾਂਦੇੜ ਵਿਚਲੇ ਸਮੇਂ ਤੋਂ ਪਵਿੱਤਰ ਅਤੇ ਗੁਰੂ ਦੀ ਮਿਹਰ ਪ੍ਰਾਪਤ ਮੰਨਦੇ ਹਨ।

ਪੰਜਾਬ ਤੋਂ ਭੂਗੋਲਿਕ ਫ਼ਾਸਲੇ ਨੇ ਇਨ੍ਹਾਂ ਪਰਵਾਸੀ ਸਿੱਖਾਂ ਨੂੰ ਆਪਣੇ ਨਵੇਂ ਘਰ ਵਿਚ ਗੁਰਦੁਆਰਾ ਰਹਿਤ-ਮਰਿਆਦਾ ਅਤੇ ਹੋਰ ਸੱਭਿਆਚਾਰਕ ਵਿਰਾਸਤਾਂ ਪੱਖੋਂ ਖ਼ੁਦਮੁਖ਼ਤਾਰੀ ਕਾਇਮ ਕਰਨ ਦਾ ਮੌਕਾ ਦਿੱਤਾ। ਤਖ਼ਤ ਦਾ ਕੰਮ-ਕਾਜ ਵਧਣ ਨਾਲ ਕੁਝ ਹੋਰ ਵਿਸ਼ੇਸ਼ ਜ਼ਿੰਮੇਵਾਰੀਆਂ ਤੈਅ ਕਰਦਿਆਂ 'ਰਹਿਰਾਸੀਏ', 'ਲਿਖਾਰੀ' ਅਤੇ 'ਧੂਪੀਏ' ਆਦਿ ਵਜੋਂ ਸਿੱਖਾਂ ਦੀਆਂ ਨਿਯੁਕਤੀਆਂ ਕੀਤੀਆਂ ਗਈਆਂ। ਉਹ ਆਪਣੀਆਂ ਵਿਸ਼ੇਸ਼ ਜ਼ਿੰਮੇਵਾਰੀਆਂ ਪੁਸ਼ਤਾਂ ਤੋਂ ਨਿਭਾਉਂਦੇ ਆ ਰਹੇ ਹਨ ਜਿਸ ਨਾਲ ਦੱਖਣੀ ਸਿੱਖਾਂ ਵਿਚ ਕਿੱਤਿਆਂ ਪੱਖੋਂ ਵਖਰੇਵੇਂ ਪੈਦਾ ਹੋਏ। ਸਥਾਨਕ ਲੀਡਰਸ਼ਿਪ ਨੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਦਾਇਰਾ ਅਖ਼ਤਿਆਰ ਨੂੰ ਨੇੜਲੇ ਇਲਾਕਿਆਂ ਵਿਚ ਫੈਲਾਉਣ ਦੀ ਵੀ ਯੋਜਨਾ ਬਣਾਈ। ਉਨ੍ਹਾਂ ਨੇ ਖ਼ਾਸਕਰ ਅਹਿਮ ਦਿਨ-ਤਿਹਾਰਾਂ ਮੌਕੇ ਤਖ਼ਤ ਦੇ ਦਰਸ਼ਨਾਂ ਲਈ ਆਉਣ ਵਾਲੇ ਸ਼ਰਧਾਲੂਆਂ ਦੀ ਠਾਹਰ ਲਈ ਕੁਝ ਸਰਾਵਾਂ ਤੇ ਹੋਰ ਰਿਹਾਇਸ਼ੀ ਟਿਕਾਣਿਆਂ ਦੀ ਉਸਾਰੀ ਕਰਵਾਈ ਜਿਸ ਨਾਲ ਹੋਰ ਪਵਿੱਤਰ ਸਥਾਨਾਂ ਨੂੰ ਦਸਵੇਂ ਗੁਰੂ ਅਤੇ ਉਨ੍ਹਾਂ ਦੇ ਹੋਰ ਨੇੜਲੇ ਸਿੱਖਾਂ ਦੀ ਯਾਦ ਨਾਲ ਜੋੜਨ ਦੀ ਪ੍ਰੇਰਨਾ ਮਿਲੀ। ਸ਼ਰਧਾਲੂਆਂ ਦੀ ਆਮਦ ਵਧਣ ਨਾਲ ਸ਼ਰਧਾਲੂਆਂ ਅਤੇ ਸਥਾਨਕ ਲੋੜਾਂ ਦੀ ਪੂਰਤੀ ਲਈ ਪਵਿੱਤਰ ਸਥਾਨ ਦੇ ਬਾਹਰ ਨਵੀਆਂ ਬਸਤੀਆਂ ਵੱਸਣ ਲੱਗੀਆਂ ਅਤੇ ਆਰਜ਼ੀ ਬਾਜ਼ਾਰ ਲੱਗਣ ਲੱਗੇ। ਤਖ਼ਤ ਲਈ 18ਵੀਂ ਸਦੀ ਦੌਰਾਨ ਪੰਜਾਬ ਵਿਚਲੀਆਂ ਕੁਝ ਮਿਸਲਾਂ ਦੇ ਸਰਦਾਰਾਂ ਵੱਲੋਂ ਅਤੇ 19ਵੀਂ ਸਦੀ ਵਿਚ ਮਹਾਰਾਜਾ ਰਣਜੀਤ ਸਿੰਘ ਤੇ ਹੋਰ ਸਿੱਖ ਰਾਜਿਆਂ ਵੱਲੋਂ ਵਿੱਤੀ ਸਹਾਇਤਾ ਅਤੇ ਸਾਜ਼ੋ-ਸਾਮਾਨ ਪਹੁੰਚਦਾ ਰਿਹਾ।

ਨਾਂਦੇੜ ਕਸਬੇ ਵਿਚ ਆਪਣੀ ਰਿਹਾਇਸ਼ ਦੀ ਕਰੀਬ ਡੇਢ ਸਦੀ ਤਕ ਸਿੱਖ ਆਬਾਦੀ ਪੱਖੋਂ ਬਹੁਗਿਣਤੀ ਵਿਚ ਰਹੇ, ਜਿਸ ਦਾ ਪਤਾ ਸੰਨ 1891 ਦੀ ਮਰਦਮਸ਼ੁਮਾਰੀ ਤੋਂ ਲੱਗਦਾ ਹੈ। ਅਜਿਹਾ ਆਬਾਦੀ ਵਿਚ ਕੁਦਰਤੀ ਵਾਧੇ ਅਤੇ ਸਮੇਂ-ਸਮੇਂ ਸਿੱਖਾਂ ਦੇ ਵੱਖੋ-ਵੱਖ ਗਰੁੱਪਾਂ ਜਿਵੇਂ ਨਿਰਮਲਿਆਂ ਤੇ ਨਿਹੰਗਾਂ ਦੇ ਆਉਣ ਸਦਕਾ ਵਾਪਰਿਆ। ਨਿਰਮਲੇ ਤਾਂ ਥੋੜ੍ਹਾ ਸਮਾਂ ਹੀ ਉੱਥੇ ਰਹੇ ਪਰ ਨਿਹੰਗਾਂ ਵਿਚੋਂ ਸਾਰੇ ਫਿਰ ਪੰਜਾਬ ਨਹੀਂ ਪਰਤੇ। ਅਜਿਹਾ ਉਨ੍ਹਾਂ ਦੇ ਆਗੂ ਅਕਾਲੀ ਫੂਲਾ ਸਿੰਘ ਦੇ ਜੰਗ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਦੀ ਅਗਵਾਈ ਕਰਦਿਆਂ ਸ਼ਹੀਦੀ ਪਾ ਜਾਣ ਪਿੱਛੋਂ 'ਉਨ੍ਹਾਂ ਦੀ ਅਹਿਮੀਅਤ ਘਟ ਜਾਣ' ਕਾਰਨ ਵਾਪਰਿਆ। ਦੱਖਣ ਵਿਚ ਵੱਖ-ਵੱਖ ਮੱਧਕਾਲੀ ਬਾਦਸ਼ਾਹਤਾਂ ਦੇ ਉਭਾਰ ਤੇ ਨਿਘਾਰ ਨੇ ਉੱਥੇ ਤੇਜ਼ੀ ਨਾਲ ਫ਼ੌਜੀ ਕਿਰਤ ਬਾਜ਼ਾਰ ਪੈਦਾ ਕੀਤਾ। ਇਸ ਨਾਲ ਵੱਖ-ਵੱਖ ਨਸਲੀ ਪਿਛੋਕੜ ਵਾਲੇ ਭਾੜੇ ਦੇ ਫ਼ੌਜੀ ਵੱਡੀ ਗਿਣਤੀ 'ਚ ਉੱਥੇ ਪੁੱਜਣ ਲੱਗੇ।

ਹਥਿਆਰਬੰਦ ਨਿਹੰਗਾਂ ਨੇ ਇਸ ਨੂੰ ਆਪਣੇ ਲਈ ਨਾਂਦੇੜ ਤੋਂ ਬਾਹਰ ਜਾਣ ਦੇ ਮੌਕੇ ਵਜੋਂ ਦੇਖਿਆ। 19ਵੀਂ ਸਦੀ ਦੇ ਸ਼ੁਰੂਆਤੀ ਦੌਰ ਦੇ ਬ੍ਰਿਟਿਸ਼ ਵਸੀਲਿਆਂ ਮੁਤਾਬਿਕ ਇਹ ਨਿਹੰਗ ਸਿੰਘ ਬੇਰਾੜ ਤੋਂ ਲੈ ਕੇ ਬਿਦਰ ਤਕ ਅਨੇਕਾਂ ਮੈਦਾਨ-ਏ-ਜੰਗਾਂ ਵਿਚ ਆਪਣੀ ਬਹਾਦਰੀ ਦੇ ਜੌਹਰ ਦਿਖਾਉਂਦੇ ਰਹੇ। ਦੱਖਣ ਵਿਚ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਨਾਲ ਸਬੰਧਿਤ ਹੋਣ ਕਾਰਨ ਬਿਦਰ ਦੀ ਉਨ੍ਹਾਂ ਲਈ ਧਾਰਮਿਕ ਪੱਖੋਂ ਵੀ ਮਹੱਤਤਾ ਸੀ।

ਕੁਝ ਨਿਹੰਗ ਸਿੱਖ ਨਿਜ਼ਾਮ ਦੀ ਹਕੂਮਤ ਵਿਚ ਵੀ ਪਹੁੰਚੇ। ਹੈਦਰਾਬਾਦ ਵਿਚ ਕੁਝ ਬ੍ਰਿਟਿਸ਼ ਰੈਜ਼ੀਡੈਂਟਾਂ (ਫ਼ੌਜੀ ਟੁਕੜੀਆਂ ਦੇ ਜਰਨੈਲਾਂ) ਨੂੰ ਉਨ੍ਹਾਂ ਦੇ ਫ਼ੌਜੀ ਅਸਰ ਬਾਰੇ ਸ਼ੱਕ-ਸ਼ੁਬਹੇ ਹੋਣ ਦੇ ਬਾਵਜੂਦ, ਨਿਜ਼ਾਮ ਦੇ ਅਸਲ ਦੀਵਾਨ ਚੰਦੂ ਲਾਲ ਨੇ ਕੁਝ ਦੱਖਣੀ ਸਿੱਖਾਂ ਨੂੰ ਨਾ ਸਿਰਫ਼ ਹੈਦਰਾਬਾਦ ਦੇ ਰੈਜ਼ੀਡੈਂਟ ਰਸਲ ਦੇ ਫ਼ੌਜੀ ਦਸਤੇ ਵਿਚ ਸ਼ਾਮਲ ਕਰਵਾ ਲਿਆ ਸਗੋਂ ਆਪਣੇ ਨਿੱਜੀ ਅੰਗ-ਰੱਖਿਅਕਾਂ ਵਿਚ ਵੀ ਸਿੱਖਾਂ ਨੂੰ ਭਰਤੀ ਕਰ ਲਿਆ। ਚੰਦੂ ਲਾਲ ਪੰਜਾਬੀ ਸਹਿਜਧਾਰੀ ਖੱਤਰੀ ਸਿੱਖ ਸੀ।

ਚੰਦੂ ਲਾਲ ਓਨਾ ਚਿਰ ਇਸ ਅਹੁਦੇ 'ਤੇ ਰਿਹਾ ਜਦੋਂ ਤਕ ਬ੍ਰਿਟਿਸ਼ਾਂ ਨੂੰ ਉਸ ਦੇ ਵਿੱਤੀ ਪ੍ਰਬੰਧਾਂ ਬਾਰੇ 'ਤਸੱਲੀ' ਰਹੀ। ਉਹ 19ਵੀਂ ਸਦੀ ਦੇ ਪਹਿਲੇ ਦਹਾਕਿਆਂ ਦੌਰਾਨ 'ਬਹੁਤ ਸਾਰੀ ਜ਼ਮੀਨ ਦੇ ਮਾਲੀਏ ਨੂੰ ਉੱਚ ਵਿਆਜ ਦਰ ਉੱਤੇ' ਗਹਿਣੇ ਰੱਖ ਕੇ 'ਹੈਦਰਾਬਾਦ ਦੇ ਬੈਂਕਰਾਂ ਤੋਂ ਰਕਮਾਂ ਲੈਣ' ਵਿਚ ਕਾਮਯਾਬ ਰਿਹਾ। ਇਸ ਦਾ 'ਵੱਡਾ ਹਿੱਸਾ ਬ੍ਰਿਟਿਸ਼ ਈਸਟ ਇੰਡੀਆ ਕੰਪਨੀ' ਲਈ ਸੀ ਤਾਂ ਕਿ 'ਫ਼ੌਜੀ ਦਸਤੇ ਦੀਆਂ ਤਨਖ਼ਾਹਾਂ ਕਾਰਨ ਹੈਦਰਾਬਾਦ ਦੇ ਵਧ ਰਹੇ ਕਰਜ਼ੇ ਦੀ ਅਦਾਇਗੀ' ਕੀਤੀ ਜਾ ਸਕੇ। ਚੰਦੂ ਲਾਲ ਦੇ ਵਿੱਤੀ ਪ੍ਰਬੰਧਾਂ ਨੇ 1830ਵਿਆਂ ਵਿਚ ਮਾੜੇ ਸੰਕੇਤ ਦੇਣੇ ਸ਼ੁਰੂ ਕਰ ਦਿੱਤੇ ਅਤੇ 1840ਵਿਆਂ ਤਕ ਇਹ ਚੱਲਣਯੋਗ ਨਾ ਰਹੇ। ਹੈਦਰਾਬਾਦ ਦੇ ਬੈਂਕਰਾਂ ਦੀਆਂ ਮੁਸ਼ਕਿਲਾਂ ਵਧੀਆਂ ਤਾਂ ਉਨ੍ਹਾਂ ਸਖ਼ਤ ਕਦਮ ਚੁੱਕਣੇ ਸ਼ੁਰੂ ਕਰ ਦਿੱਤੇ। ਇਸ ਨਾਲ ਵੀ ਚੰਦੂ ਲਾਲ ਦੇ ਪ੍ਰਬੰਧਾਂ ਦਾ ਖ਼ਾਤਮਾ ਹੋ ਗਿਆ।

ਹਾਲਾਤ ਉਦੋਂ ਖ਼ਰਾਬ ਹੋ ਗਏ ਜਦੋਂ ਫ਼ੌਜੀਆਂ ਨੇ ਆਪਣੇ ਬਕਾਏ ਲੈਣ ਲਈ ਹੈਦਰਾਬਾਦ ਦੀਆਂ ਸੜਕਾਂ 'ਤੇ ਲੜਨਾ ਸ਼ੁਰੂ ਕਰ ਦਿੱਤਾ। ਅਮਨ-ਕਾਨੂੰਨ ਦੀ ਵਿਗੜ ਰਹੀ ਹਾਲਤ ਨੂੰ ਸੰਭਾਲਣ ਲਈ ਚੰਦੂ ਲਾਲ ਨੇ ਆਪਣੇ ਨਿੱਜੀ ਅੰਗ ਰੱਖਿਅਕਾਂ ਦੀ ਠਾਹਰ ਲਈ ਸ਼ਹਿਰ ਦੇ ਬਾਹਰਵਾਰ ਇਕ ਸਿੱਖ 'ਛਾਉਣੀਅਤ' (ਫ਼ੌਜੀ ਛਾਉਣੀ) ਬਣਾਉਣ ਦਾ ਫ਼ੈਸਲਾ ਕੀਤਾ। ਉਸ ਨੇ ਇਸ ਲਈ ਵੀ ਇਸ ਨੂੰ ਮਜ਼ਬੂਤ ਕੀਤਾ ਤਾਂ ਕਿ ਇਹ ਫ਼ੌਜੀ ਹੋਰ ਨਸਲੀ ਗਰੁੱਪਾਂ ਦੀਆਂ ਲੜਾਈਆਂ ਨੂੰ 'ਰੋਕ' ਸਕਣ। ਪਰ ਉਹ ਨਾ ਸਿਰਫ਼ ਨਾਕਾਮ ਰਹੇ ਸਗੋਂ ਉਨ੍ਹਾਂ ਸਮੱਸਿਆ ਵੀ ਵਧਾ ਦਿੱਤੀ। ਹੋਰ ਭਾੜੇ ਦੇ ਫ਼ੌਜੀ ਗਰੁੱਪਾਂ ਵਾਂਗ, ਦੱਖਣੀ ਸਿੱਖਾਂ ਨੂੰ ਵੀ ਬਾਹਰਲੇ ਹੋਣ ਕਾਰਨ ਸ਼ਹਿਰ ਵਾਲੇ ਚੰਗੀ ਨਜ਼ਰ ਨਾਲ ਨਹੀਂ ਸੀ ਦੇਖਦੇ। ਉਨ੍ਹਾਂ ਦੀ ਨਿਵੇਕਲੀ ਸਿੱਖ ਪਛਾਣ ਨੇ ਉਨ੍ਹਾਂ ਖ਼ਿਲਾਫ਼ ਸਥਾਨਕ ਲੋਕਾਂ ਵਿਚ ਇਸ ਰੁਝਾਨ ਨੂੰ ਵਧਾਇਆ।

ਹੈਦਰਾਬਾਦ ਵਿਚ ਉਨ੍ਹਾਂ ਦੇ ਵੰਸ਼ਜਾਂ ਨੂੰ ਭਾੜੇ ਦੇ ਫ਼ੌਜੀਆਂ ਵਾਲੇ ਆਪਣੇ ਪਿਛਲੇ ਸਬੰਧਾਂ ਤੋਂ ਖਹਿੜਾ ਛੁਡਵਾਉਣ ਲਈ ਬਹੁਤ ਜੱਦੋਜਹਿਦ ਕਰਨੀ ਪਈ। ਇਸ ਲਈ ਉਨ੍ਹਾਂ ਨੂੰ ਵੱਖਰੀ ਕਹਾਣੀ ਘੜਨੀ ਪਈ। ਉਨ੍ਹਾਂ ਚੰਦੂ ਲਾਲ ਵੱਲੋਂ ਆਪਣੇ ਅੰਗ ਰੱਖਿਅਕਾਂ ਨੂੰ ਸ਼ਹਿਰ ਵਿਚ ਛਾਉਣੀ 'ਚ ਰੱਖੇ ਜਾਣ ਨੂੰ ਮਹਾਰਾਜਾ ਰਣਜੀਤ ਸਿੰਘ ਵੱਲੋਂ ਆਪਣੀ ਫ਼ੌਜ ਹੈਦਰਾਬਾਦ ਭੇਜੇ ਜਾਣ ਦੀ ਕਹਾਣੀ ਨਾਲ ਜੋੜ ਲਿਆ। ਇਸ ਨੇ ਉਨ੍ਹਾਂ ਨੂੰ ਇਹ ਦਾਅਵਾ ਕਰਨ ਲਈ ਪ੍ਰੇਰਿਤ ਕੀਤਾ ਕਿ ਉਨ੍ਹਾਂ ਦੇ ਪੁਰਖੇ ਭਾੜੇ ਦੇ ਫ਼ੌਜੀ ਨਹੀਂ ਸਨ ਸਗੋਂ ਉਹ ਲਾਹੌਰ ਦੀ ਫ਼ੌਜ ਦੇ ਹਿੱਸੇ ਵਜੋਂ ਹੈਦਰਾਬਾਦ ਆਏ ਸਨ, ਜਦੋਂ ਨਿਜ਼ਾਮ ਨੇ ਔਖੀ ਘੜੀ ਮੌਕੇ ਮਹਾਰਾਜੇ ਨੂੰ 'ਆਪਣੇ ਰਾਜ ਦੀ ਰਾਖੀ ਦੀ ਅਰਜ਼'

ਕੀਤੀ ਸੀ। ਉਨ੍ਹਾਂ ਦੇ ਇਸ ਦਾਅਵੇ ਨੂੰ ਬਹੁਤੀ ਤਾਕਤ ਸਿੱਖ ਭਾਈਚਾਰੇ ਦੀ ਸਾਂਝੀ ਯਾਦਦਾਸ਼ਤ ਤੋਂ ਮਿਲਦੀ ਹੈ।

ਇਹ ਕਹਾਣੀ ਇੱਥੇ ਪੂਰੀ ਤਰ੍ਹਾਂ ਵਾਇਰਲ ਹੈ ਜਿਸ ਨੂੰ ਦੱਖਣੀ ਸਿੱਖਾਂ ਵੱਲੋਂ ਆਪਣੀ ਰੋਜ਼ਮਰ੍ਹਾ ਜ਼ਿੰਦਗੀ ਵਿਚ ਅਕਸਰ ਸੁਣਾਇਆ ਜਾਂਦਾ ਹੈ। ਇਸ ਤਰ੍ਹਾਂ ਭਾਈਚਾਰੇ ਦੀ ਸਮਝ ਵਿਚ, ਸਾਂਝੀ ਯਾਦ ਇਕ ਅਹਿਮ ਵਸੀਲਾ ਹੋ ਨਿੱਬੜਦੀ ਹੈ ਜੋ ਉਸ ਅਤੀਤ ਬਾਰੇ ਬਦਲਵੀਂ ਕਹਾਣੀ ਮੁਹੱਈਆ ਕਰਾਉਂਦੀ ਹੈ, ਜਦੋਂ ਹੋਰ ਕੋਈ ਸਮਕਾਲੀ ਵਸੀਲਾ ਉਨ੍ਹਾਂ ਦੇ ਦਾਅਵੇ ਉੱਤੇ ਜ਼ੋਰ ਦੇਣ ਲਈ ਉਪਲੱਬਧ ਨਹੀਂ। ਇਹ ਦੱਖਣੀ ਸਿੱਖਾਂ ਦੀ ਭਾਈਚਾਰਕ ਪਛਾਣ ਨੂੰ ਮਜ਼ਬੂਤ ਕਰਦੀ ਹੈ ਅਤੇ ਉਨ੍ਹਾਂ ਨੂੰ ਮੁਕਾਮੀ ਵੱਸੋਂ ਦੀਆਂ ਨਜ਼ਰਾਂ ਵਿਚ ਇਕ ਨਵਾਂ ਆਤਮ-ਸਨਮਾਨ ਮੁਹੱਈਆ ਕਰਾਉਂਦੀ ਹੈ।

ਦੂਜੇ ਪਾਸੇ, ਇਨ੍ਹਾਂ ਫ਼ੌਜੀਆਂ ਦੀ ਹਿੱਲ-ਜੁੱਲ ਨੇ ਰੈਜ਼ੀਡੈਂਟ ਫਰੇਜ਼ਰ ਨੂੰ ਚਿੰਤਤ ਕਰ ਦਿੱਤਾ। ਉਹ ਚੰਦੂ ਲਾਲ ਦਾ ਸਖ਼ਤ ਵਿਰੋਧੀ ਸੀ। ਉਸ ਨੇ ਨਿਜ਼ਾਮ ਦੀ ਹਕੂਮਤ 'ਚ ਮਾਲੀ ਬਦਇੰਤਜ਼ਾਮੀ ਲਈ ਚੰਦੂ ਲਾਲ ਨੂੰ ਜ਼ਿੰਮੇਵਾਰ ਠਹਿਰਾਇਆ। ਵਧ ਰਹੀ ਸ਼ਹਿਰੀ ਅਸੁਰੱਖਿਆ ਨੇ ਚੰਦੂ ਲਾਲ ਦੇ ਕੱਫਣ ਵਿਚ ਆਖ਼ਰੀ ਕਿੱਲ ਦਾ ਕੰਮ ਕੀਤਾ। ਉਸ ਨੂੰ ਸੰਨ 1843 ਵਿਚ ਅਹੁਦੇ ਤੋਂ ਹਟਾ ਦਿੱਤਾ ਗਿਆ।

ਚੰਦੂ ਲਾਲ ਦੇ ਜਾਣ ਨਾਲ ਦੱਖਣੀ ਸਿੱਖਾਂ ਲਈ ਹਾਲਾਤ ਬਹੁਤ ਖ਼ਰਾਬ ਹੋ ਗਏ। ਉਸ ਦੀ ਬਰਤਰਫ਼ੀ ਅਤੇ ਪੰਜਾਬ ਵਿਚ ਸਿੱਖਾਂ ਤੇ ਫਿਰੰਗੀਆਂ ਦਰਮਿਆਨ ਪਹਿਲੀ ਜੰਗ (ਸੰਨ 1845-46) 'ਚ ਲਾਹੌਰ ਦਰਬਾਰ ਦੀ ਹਾਰ ਕਾਰਨ ਫਰੇਜ਼ਰ ਨੂੰ 'ਸਾਰੇ ਹਥਿਆਰਬੰਦ ਵਸਨੀਕਾਂ ਦੀ ਬਰਤਰਫ਼ੀ ਦਾ ਮੁੱਦਾ' ਨਿਜ਼ਾਮ ਕੋਲ ਉਠਾਉਣ ਦਾ ਮੌਕਾ ਮਿਲ ਗਿਆ। ਉਸ ਨੇ ਕਿੱਕਰ ਦੇ ਉਨ੍ਹਾਂ ਰੁੱਖਾਂ ਨੂੰ ਵੀ ਵੱਢਣ 'ਤੇ ਜ਼ੋਰ ਦਿੱਤਾ ਜਿਹੜੇ ਲੰਬੇ ਸਮੇਂ ਤੋਂ ਸਥਾਨਕ ਸਿੱਖਾਂ ਲਈ ਸੁਰੱਖਿਆ ਕੰਧ ਵਜੋਂ ਖੜ੍ਹੇ ਸਨ। ਫਰੇਜ਼ਰ ਨੇ ਇਨ੍ਹਾਂ ਰੁੱਖਾਂ ਨੂੰ 'ਮੁਕਾਮੀ ਅਮਨ ਲਈ ਖ਼ਤਰੇ' ਵਜੋਂ ਪੇਸ਼ ਕੀਤਾ ਅਤੇ ਜ਼ੋਰ ਦਿੱਤਾ ਕਿ ਨਾਂਦੇੜ ਵਿਚ 'ਹਾਲਾਤ ਆਮ ਵਰਗੇ ਕਰਨ ਲਈ' ਇਨ੍ਹਾਂ ਨੂੰ ਵੱਢ ਦਿੱਤਾ ਜਾਵੇ। ਇਸ ਤੋਂ ਬਾਅਦ ਕਿੱਕਰਾਂ ਨੂੰ ਭੇਗਣ ਅਤੇ ਨਿਹੰਗ ਸਿੰਘਾਂ ਨੂੰ ਨਿਹੱਥੇ ਕਰਨ ਦਾ ਕੰਮ ਤੇਜ਼ੀ ਨਾਲ ਚੱਲ ਪਿਆ।

ਸਲਾਰ ਜੰਗ ਅੱਵਲ (ਸੰਨ 1853-1883) ਨੂੰ ਨਿਜ਼ਾਮ ਦਾ ਨਵਾਂ ਦੀਵਾਨ ਨਿਯੁਕਤ ਕੀਤਾ ਗਿਆ ਜਿਸ ਤੋਂ ਬਾਅਦ ਕੁਝ ਹੋਰ ਤਬਦੀਲੀਆਂ ਆਈਆਂ। ਉਸ ਨੇ ਨਾਂਦੇੜ 'ਚ ਦੱਖਣੀ ਸਿੱਖਾਂ ਨੂੰ ਹੋਇਆ ਨੁਕਸਾਨ ਕੁਝ ਘਟਾਉਣ ਦੀ ਕੋਸ਼ਿਸ਼ ਕੀਤੀ ਅਤੇ ਸਿੱਖਾਂ ਨੂੰ ਉਨ੍ਹਾਂ ਪੰਜ ਪਿੰਡਾਂ ਦੇ ਮਾਲੀਆ ਰਹਿਤ ਅਖ਼ਤਿਆਰ ਦੇ ਦਿੱਤੇ ਜਿਹੜੇ ਉਨ੍ਹਾਂ ਨੂੰ ਲੰਬੇ ਸਮੇਂ ਤੋਂ ਚੰਦੂ ਲਾਲ ਨੇ ਸੌਂਪੇ ਹੋਏ ਸਨ। ਸਿੱਖ ਭਾਈਚਾਰਾ ਭਾਵੇਂ ਆਪਣੇ ਦਾਅਵੇ ਦੇ ਪੱਖ ਵਿਚ ਕੋਈ ਕਾਨੂੰਨੀ ਦਸਤਾਵੇਜ਼ ਪੇਸ਼ ਨਹੀਂ ਕਰ ਸਕਿਆ, ਇਸ ਦੇ ਬਾਵਜੂਦ ਸਲਾਰ ਜੰਗ ਦੇ ਦਖ਼ਲ ਸਦਕਾ ਨਾ ਸਿਰਫ਼ ਸਿੱਖਾਂ ਦੀ ਪੁਰਾਣੀ ਚਿੰਤਾ ਮੁੱਕੀ ਸਗੋਂ ਦੱਖਣੀ ਸਿੱਖਾਂ ਦੇ ਦਾਅਵੇ ਉੱਤੇ ਕਾਨੂੰਨੀ ਮੋਹਰ ਵੀ ਲੱਗ ਗਈ। ਦੀਵਾਨ ਨੇ ਹੈਦਰਾਬਾਦ ਦੀ ਫ਼ੌਜੀਆਂ ਸਮੱਸਿਆ ਉੱਤੇ ਵੀ ਗੱਲਬਾਤ ਕੀਤੀ। ਉਸ ਨੇ ਨਿਜ਼ਾਮ ਨੂੰ ਇਸ ਗੱਲ ਲਈ ਮਨਾ ਲਿਆ ਕਿ ਉਸ ਦੇ ਖ਼ਜ਼ਾਨੇ ਵਿਚ ਇੰਨੀ ਰਕਮ ਨਹੀਂ ਹੈ ਕਿ ਉਹ ਇਨ੍ਹਾਂ ਫ਼ੌਜੀਆਂ ਦੇ ਬਕਾਏ ਅਦਾ ਕਰ ਸਕੇ ਅਤੇ ਨਾ ਹੀ ਇਨ੍ਹਾਂ ਨੂੰ ਮੌਜੂਦਾ ਦਰਾਂ ਉੱਤੇ ਰੱਖਿਆ ਹੀ ਜਾ ਸਕਦਾ ਹੈ। ਉਸ ਨੇ ਫ਼ੌਜੀਆਂ ਦੀ ਗਿਣਤੀ ਘਟਾਉਣ ਦੀ ਤਜਵੀਜ਼ ਦਿੱਤੀ ਅਤੇ ਫ਼ੌਜੀਆਂ ਨੂੰ ਘੱਟ ਉਜਰਤਾਂ ਉੱਤੇ ਕੰਮ ਕਰਨ ਲਈ ਆਖਿਆ ਤਾਂ ਕਿ ਉਨ੍ਹਾਂ ਨੂੰ ਲਗਾਤਾਰ ਤਨਖ਼ਾਹਾਂ ਮਿਲਦੀਆਂ ਰਹਿਣ। ਉਸ ਨੇ 1200 ਦੱਖਣੀ ਸਿੱਖਾਂ ਨੂੰ ਹੈਦਰਾਬਾਦ ਦੀ ਅਨਿਯਮਿਤ ਪੁਲੀਸ ਵਿਚ ਭਰਤੀ ਕਰ ਲਿਆ। ਮਾਸਿਕ ਤਨਖ਼ਾਹ ਪ੍ਰਬੰਧ ਵਿਚ ਪੈਣ ਨਾਲ ਉਨ੍ਹਾਂ ਨੂੰ ਨਵਾਂ ਮਾਣ-ਸਨਮਾਨ ਮਿਲਿਆ। ਬਾਅਦ ਵਿਚ ਉਨ੍ਹਾਂ ਨੂੰ ਪੁਲੀਸ ਟਰੇਨਿੰਗ ਵੀ ਦਿੱਤੀ ਗਈ ਜਿੱਥੇ ਉਨ੍ਹਾਂ ਨੂੰ ਆਪਣਾ ਨਿਹੰਗੀ ਬਾਣਾ ਛੱਡ ਕੇ ਪੱਛਮੀ ਵਰਦੀ ਸਬੰਧੀ ਜ਼ਾਬਤਾ ਅਪਣਾਉਣਾ ਸਿਖਾਇਆ ਗਿਆ। ਇਸ ਨੇ ਦੱਖਣੀ ਸਿੱਖਾਂ ਦੇ ਪੂਰਵ-ਆਧੁਨਿਕ ਫ਼ੌਜੀਆਂ ਵਾਲੇ ਦਾਗ਼ ਧੋ ਕੇ ਉਨ੍ਹਾਂ ਦੇ ਬਰਤਾਨਵੀ ਪੁਲੀਸ ਵਾਲੇ ਅਨੁਸ਼ਾਸਨ ਵਿਚ ਬੱਝਣ ਦੇ ਦਰਵਾਜ਼ੇ ਖੋਲ੍ਹ ਦਿੱਤੇ। ਸੇਵਾ ਦੇ ਉਨ੍ਹਾਂ ਦੇ ਜੱਦੀ-ਪੁਸ਼ਤੀ ਸੁਭਾਅ ਸਦਕਾ ਪਿਤਾ ਦੀ ਸੇਵਾ-ਮੁਕਤੀ 'ਤੇ ਉਸ ਦੇ ਪੁੱਤਰ ਨੂੰ ਸੇਵਾ ਸੰਭਾਲਣ ਦੀ ਖੁੱਲ੍ਹ ਦੇ ਦਿੱਤੀ ਗਈ। ਇਸ ਨਾਲ ਉਨ੍ਹਾਂ ਵਿਚ ਵਫ਼ਾਦਾਰੀ ਦੀ ਭਾਵਨਾ ਵਧੀ ਅਤੇ ਇਕ ਛੋਟੇ ਜਿਹੇ ਮੱਧ ਵਰਗ ਦੀ ਸ਼ੁਰੂਆਤ ਹੋਈ ਜਿਹੜਾ ਇਸ ਭਾਈਚਾਰੇ ਦਾ ਨਾ ਸਿਰਫ਼ ਨਿਜ਼ਾਮ ਦੀ ਹਕੂਮਤ ਦੌਰਾਨ ਸਗੋਂ ਆਜ਼ਾਦੀ ਤੋਂ ਬਾਅਦ ਦੇ ਦਹਾਕਿਆਂ ਦੌਰਾਨ ਵੀ ਇਕ ਨਵਾਂ ਤਰਜਮਾਨ ਬਣਿਆ।

ਚੰਦੂ ਲਾਲ ਦੀ ਬਰਤਰਫ਼ੀ ਤੋਂ ਬਾਅਦ ਦੀ ਸਦੀ ਅਤੇ ਨਿਜ਼ਾਮ ਦੀ ਹਕੂਮਤ (ਸੰਨ 1842-1948) ਦੇ ਖ਼ਾਤਮੇ ਦੌਰਾਨ ਦੱਖਣੀ ਸਿੱਖਾਂ ਨੂੰ ਅਨੇਕਾਂ ਤਬਦੀਲੀਆਂ ਪੇਸ਼ ਆਈਆਂ। ਇਸ ਦੌਰਾਨ ਉਨ੍ਹਾਂ ਦੇ ਮੇਲ-ਮਿਲਾਪ ਦੇ ਨਵੇਂ ਖੇਤਰ ਪੈਦਾ ਹੋਏ ਅਤੇ ਉਨ੍ਹਾਂ ਦੇ ਪੰਜਾਬੀ ਸਿੱਖਾਂ ਨਾਲ ਵਖਰੇਵੇਂ ਵੀ ਉੱਭਰੇ। ਸੰਚਾਰ ਪ੍ਰਬੰਧਾਂ ਵਿਚ ਸੁਧਾਰ ਨਾਲ ਹਜ਼ੂਰ ਸਾਹਿਬ ਦੇ ਦਰਸ਼ਨਾਂ ਲਈ ਪੁੱਜਣ ਵਾਲੀ ਪੰਜਾਬੀ ਸੰਗਤ ਦੀ ਗਿਣਤੀ ਵਧੀ। ਪੰਜਾਬੀ ਸਿੱਖ ਕਦੇ ਵੀ ਉੱਥੇ ਸਿੰਘ ਸਭਾ ਦੇ ਦਿਨਾਂ ਵਾਲੀ ਬਾਕਾਇਦਾ ਪ੍ਰੀਭਾਸ਼ਿਤ ਅਤੇ ਤੈਅ ਸਿੱਖ ਪਛਾਣ ਦਾ ਸੁਨੇਹਾ ਦੇਣ ਤੋਂ ਪਿੱਛੇ ਨਹੀਂ ਹਟੇ। ਉਂਜ, ਇਸ ਨੇ ਦੱਖਣੀ ਸਿੱਖਾਂ ਦੇ ਜਿਉਣ ਢੰਗ, ਦਿਨ-ਤਿਹਾਰ ਮਨਾਉਣ ਅਤੇ ਗੁਰਦੁਆਰਿਆਂ ਦੀ ਰਹਿਤ-ਮਰਿਆਦਾ ਦੇ ਢੰਗ-ਤਰੀਕਿਆਂ ਉੱਤੇ ਕੋਈ ਪੱਕਾ ਅਸਰ ਨਹੀਂ ਪਾਇਆ। ਪੰਜਾਬ ਵਿਚ ਵਾਪਰਨ ਵਾਲੀਆਂ ਘਟਨਾਵਾਂ ਤੋਂ ਉਨ੍ਹਾਂ ਫ਼ਾਸਲਾ ਬਣਾਈ ਰੱਖਿਆ ਅਤੇ ਉਨ੍ਹਾਂ ਦਾ ਪੱਕਾ ਵਿਸ਼ਵਾਸ ਹੈ ਕਿ ਦੱਖਣੀ ਸਿੱਖਾਂ ਵੱਲੋਂ ਸੱਚ ਖੰਡ ਸਾਹਿਬ ਵਿਚ ਅਪਣਾਈ ਗਈ ਰਹਿਤ-ਮਰਿਆਦਾ ਉਹ ਹੈ ਜਿਹੜੀ ਦਸਵੇਂ ਗੁਰੂ ਨੇ ਉਨ੍ਹਾਂ ਦੇ ਪੁਰਖਿਆਂ ਨੂੰ ਸਿਖਾਈ ਸੀ। ਇਸ ਨੇ ਭਾਈਚਾਰੇ ਨੂੰ ਆਪਣੇ ਮੂਲ ਨੂੰ ਪੰਜਾਬ ਨਾਲ ਜੋੜਨ ਤੋਂ ਨਹੀਂ ਰੋਕਿਆ। ਪੰਜਾਬ ਤੋਂ ਮਹਾਰਾਜਾ ਰਣਜੀਤ ਸਿੰਘ ਦੀਆਂ ਫ਼ੌਜਾਂ ਦੀ ਹੈਦਰਾਬਾਦ ਆਮਦ ਦੀ ਦੰਦ ਕਥਾ ਨੂੰ ਇੱਥੇ ਸਿਆਸੀ ਸਾਰਥਿਕਤਾ ਮਿਲ ਚੁੱਕੀ ਹੈ। ਇਸ ਨੇ ਦੱਖਣ ਵਿਚ ਬਰਤਾਨਵੀ ਹਕੂਮਤ ਦੌਰਾਨ ਭਾਈਚਾਰੇ ਵੱਲੋਂ 'ਆਪਣੇ ਪਿਛੋਕੜ ਸਬੰਧੀ ਨਵੇਂ ਦਾਅਵੇ' ਦੀ ਤਲਾਸ਼ ਦਾ ਖ਼ਾਕਾ ਉਲੀਕਿਆ। ਉਨ੍ਹਾਂ ਦੇ ਹੈਦਰਾਬਾਦ ਦੇ ਸ਼ਹਿਰੀ ਮੱਧ ਵਰਗ ਨਾਲ ਸਬੰਧਿਤ ਆਗੂਆਂ ਨੇ ਉਨ੍ਹਾਂ ਦੀ 19ਵੀਂ ਸਦੀ ਦੀ ਇਸ ਸਾਂਝੀ ਯਾਦ ਨੂੰ ਇਕ ਨਵੀਂ ਜ਼ਿੰਦਗੀ ਬਖ਼ਸ਼ੀ। ਲਾਹੌਰ ਦੇ ਫ਼ੌਜੀਆਂ ਵੱਲੋਂ ਦੇਸ਼ ਦੇ ਉੱਤਰ ਤੋਂ ਦੱਖਣ ਵੱਲ ਇੰਨੀ ਲੰਬੀ ਯਾਤਰਾ ਕਰ ਕੇ ਹੈਦਰਾਬਾਦ ਪਹੁੰਚਣ ਅਤੇ ਉਨ੍ਹਾਂ ਬਾਰੇ ਅੰਗਰੇਜ਼ ਹਾਕਮਾਂ ਨੂੰ ਬਿਲਕੁਲ ਪਤਾ ਨਾ ਲੱਗਣਾ ਭੌਤਿਕ ਤੇ ਭੂਗੋਲਿਕ ਤੌਰ 'ਤੇ ਅਸੰਭਵ ਹੋਣ ਦੇ ਬਾਵਜੂਦ ਉਹ ਬੜੀ ਮਜ਼ਬੂਤੀ ਨਾਲ ਮਹਾਰਾਜਾ ਰਣਜੀਤ ਸਿੰਘ ਵੱਲੋਂ ਆਪਣੀਆਂ ਫ਼ੌਜਾਂ ਭੇਜੇ ਜਾਣ ਦੇ ਇਸ ਦਾਅਵੇ ਨੂੰ ਦੁਹਰਾਉਂਦੇ ਹਨ। ਇਸ ਨੇ ਉਨ੍ਹਾਂ ਨੂੰ ਦੱਖਣ ਵਿਚਲੇ ਆਪਣੇ ਇਸ ਘਰ 'ਚ ਇਕ ਨਵੇਂ ਸਿਆਸੀ ਅਤੀਤ ਤਕ ਪਹੁੰਚਾ ਦਿੱਤਾ।

ਦੇਸ਼ ਦੀ ਆਜ਼ਾਦੀ ਨੇ ਭਾਈਚਾਰੇ ਉੱਤੇ ਰਲਵਾਂ-ਮਿਲਵਾਂ ਅਸਰ ਪਾਇਆ। ਨਿਜ਼ਾਮ ਦੀ ਹਕੂਮਤ ਦੇ ਖ਼ਾਤਮੇ ਨਾਲ, ਪੁਰਾਣੀ ਅਨਿਯਮਿਤ ਸਿੱਖ ਫ਼ੌਜ ਨੂੰ ਭੰਗ ਕਰ ਦਿੱਤਾ ਗਿਆ। ਇਸ ਵਿਚ 'ਸਾਰੇ ਰੁਤਬਿਆਂ ਵਾਲੇ 544' ਜਵਾਨ ਤੇ ਅਫ਼ਸਰ ਸਨ। ਇਨ੍ਹਾਂ ਵਿਚੋਂ ਸੇਵਾ ਦੇ ਵਧੀਆ ਪਿਛੋਕੜ ਤੇ ਜਿਸਮਾਨੀ ਤੌਰ 'ਤੇ ਤੰਦਰੁਸਤ ਕੁਝ ਕੁ ਜਵਾਨਾਂ ਨੂੰ ਸੂਬੇ ਦੀ ਨਿਯਮਿਤ ਪੁਲੀਸ ਵਿਚ ਭਰਤੀ ਕਰ ਲਿਆ ਗਿਆ। ਇਸ ਤਰ੍ਹਾਂ ਨਿਜ਼ਾਮ ਦੀ ਹਕੂਮਤ ਦੀ ਪੁਰਾਣੀ ਅਨਿਯਮਿਤ ਫ਼ੌਜ ਦੇ ਲੰਬੇ ਇਤਿਹਾਸ ਦਾ ਵੀ ਅੰਤ ਹੋ ਗਿਆ।

ਨਿਜ਼ਾਮ ਦੀ ਹਕੂਮਤ ਵਾਲਾ ਇਲਾਕਾ ਸੰਨ 1956 ਵਿਚ ਤਿੰਨ ਹਿੱਸਿਆਂ 'ਚ ਵੰਡ ਦਿੱਤਾ ਗਿਆ। ਇਸ ਨਾਲ ਨਾਂਦੇੜ ਤੇ ਇਸ ਦੇ ਨੇੜਲੇ ਇਲਾਕੇ ਨਵੇਂ ਬਣੇ ਸੂਬੇ ਬੰਬਈ ਵਿਚ ਚਲੇ ਗਏ




ਜਿਸ ਨੂੰ ਬਾਅਦ ਵਿਚ ਮਹਾਰਾਸ਼ਟਰ ਦਾ ਨਾਂ ਦਿੱਤਾ ਗਿਆ। ਨਿਜ਼ਾਮ ਦੇ ਇਲਾਕੇ ਦੀ ਇਸ ਵੰਡ ਨੇ ਦੱਖਣੀ ਸਿੱਖਾਂ ਉੱਤੇ ਬੜਾ ਬੁਰਾ ਅਸਰ ਪਾਇਆ। ਇਸ ਨਾਲ ਸ੍ਰੀ ਹਜ਼ੂਰ ਸਾਹਿਬ ਤੋਂ ਉਨ੍ਹਾਂ ਦੇ ਪੁਰਾਣੇ ਅਖ਼ਤਿਆਰ ਕੁੱਲ ਮਿਲਾ ਕੇ ਖ਼ਤਮ ਹੋ ਗਏ। ਇਸ ਦੀ ਥਾਂ ਇਹ ਅਖ਼ਤਿਆਰ 'ਨਾਂਦੇੜ ਸਿੱਖ ਗੁਰਦੁਆਰਾ ਸੱਚਖੰਡ ਅਬਚਲਨਗਰ ਸਾਹਿਬ ਐਕਟ 1956' ਤਹਿਤ ਮੁੰਬਈ ਆਧਾਰਿਤ ਕੁਝ ਸਿੱਖ ਅਫ਼ਸਰਸ਼ਾਹਾਂ ਅਤੇ ਗ਼ੈਰ-ਸਿੱਖ ਕਾਨੂੰਨਸਾਜ਼ਾਂ ਦੇ ਹੱਥ ਆ ਗਏ। ਇਸ ਪਵਿੱਤਰ ਸਥਾਨ ਦੇ ਆਧੁਨਿਕੀਕਰਨ ਦੇ ਨਾਂ ਉੱਤੇ ਲਿਆਂਦੇ ਗਏ ਇਸ ਨਵੇਂ ਕਾਨੂੰਨ ਤੋਂ ਕਾਫ਼ੀ ਵਿਵਾਦ ਵੀ ਪੈਦਾ ਹੋਇਆ।

ਇੰਨਾ ਹੀ ਨਹੀਂ, 1950ਵਿਆਂ ਤੋਂ ਪੰਜਾਬੀ ਸਿੱਖਾਂ ਦੀ ਉਸ ਪਾਸੇ ਹਿਜਰਤ ਦੇ ਦੌਰਾਂ ਨੇ ਉਨ੍ਹਾਂ ਦੀ ਸਥਿਤੀ ਨੂੰ ਹੋਰ ਮੋੜ ਦਿੱਤਾ। ਇਹ ਮੁੱਖ ਤੌਰ 'ਤੇ ਉਹ ਸਿੱਖ ਸਨ ਜੋ ਦੇਸ਼ ਦੀ ਵੰਡ ਕਾਰਨ ਲਹਿੰਦੇ ਪੰਜਾਬ ਤੋਂ ਉੱਜੜ ਕੇ ਆਏ ਸਨ, ਜੋ ਕੁਝ ਚਿਰ ਦੇਸ਼ ਵਿਚ ਹੋਰਨੀ ਥਾਈਂ ਰਹਿਣ ਪਿੱਛੋਂ ਇਸ ਪਾਸੇ ਪੁੱਜਣ ਲੱਗੇ। ਇਨ੍ਹਾਂ ਸਿੱਖਾਂ ਨੂੰ ਆਰਥਿਕ ਪੱਖੋਂ ਬੜੀ ਤੇਜ਼ੀ ਨਾਲ ਮਿਲੀ ਕਾਮਯਾਬੀ ਨੇ ਉਨ੍ਹਾਂ ਦਾ ਰੁਤਬਾ ਬਹੁਤ ਵਧਾ ਦਿੱਤਾ ਅਤੇ ਉਨ੍ਹਾਂ ਦਾ ਦੱਖਣੀ ਸਿੱਖਾਂ ਤੋਂ ਪਾੜਾ ਵੀ ਉਨਾ ਹੀ ਵਧ ਗਿਆ। ਇਨ੍ਹਾਂ ਦੇ ਹੋਰ ਵੀ ਕਈ ਵਖਰੇਵੇਂ ਸਨ। ਸਾਂਝੇ ਧਾਰਮਿਕ ਪਿਛੋਕੜ ਦੇ ਬਾਵਜੂਦ ਸਿੱਖਾਂ ਦੇ ਇਹ ਦੋਵੇਂ ਸਮੂਹ ਨਸਲੀ ਲੀਹਾਂ, ਗੁਰਦੁਆਰਿਆਂ ਦੀ ਰਹਿਤ-ਮਰਿਆਦਾ ਅਤੇ ਘਰ ਸਬੰਧੀ ਪ੍ਰੀਭਾਸ਼ਾ ਪੱਖੋਂ ਵੰਡੇ ਹੋਏ ਸਨ। ਉਹ ਆਪਸ ਵਿਚ ਸਾਕ-ਸਕੀਰੀਆਂ ਨਹੀਂ ਕਰਦੇ। ਕੁਝ ਵਰ੍ਹੇ ਪਹਿਲਾਂ ਪੰਜਾਬੀ ਸਿੱਖਾਂ ਨੇ ਦੋ ਸ਼ਹਿਰਾਂ ਹੈਦਰਾਬਾਦ ਤੇ ਸਿਕੰਦਰਾਬਾਦ 'ਤੇ ਆਧਾਰਿਤ ਭਾਈਚਾਰੇ ਦੀ 'ਸਜਿਲਦ ਡਾਇਰੈਕਟਰੀ' ਕੱਢੀ ਸੀ ਜਿਸ ਵਿਚ ਉੱਥੋਂ ਦੇ ਦੱਖਣੀ ਸਿੱਖਾਂ ਦੀ ਹੋਂਦ ਨੂੰ ਬਿਲਕੁਲ ਨਜ਼ਰਅੰਦਾਜ਼ ਕਰ ਦਿੱਤਾ ਗਿਆ। ਉਹ ਦੋ ਅੰਤਰ-ਵਿਆਹੀ ਸਮੂਹਾਂ ਵਜੋਂ ਰਹਿਣਾ ਪਸੰਦ ਕਰਦੇ ਹਨ ਅਤੇ ਦੂਜੇ ਸਮੂਹ ਨੂੰ ਸਮਾਜਿਕ ਤੌਰ 'ਤੇ ਆਪਣੇ ਬਰਾਬਰ ਮੰਨਣ ਲਈ ਤਿਆਰ ਨਹੀਂ। ਇਸ ਨੇ ਸਥਾਨਕ ਸਿੱਖਾਂ ਦੀ ਵਰਗ-ਵੰਡ ਕਰ ਦਿੱਤੀ ਹੈ ਜਿਨ੍ਹਾਂ ਵਿਚ ਜ਼ੋਰਦਾਰ ਮੁਕਾਬਲੇਬਾਜ਼ੀ ਚੱਲਦੀ ਰਹੀ ਹੈ।

**ਗੁਰੂ ਨਾਨਕ ਦੇਵ ਜੀ ਦੀ ਬਿਦਰ ਫੇਰੀ ਤੋਂ ਗੁਰੂ ਗੋਬਿੰਦ ਸਿੰਘ ਦੇ ਖਾਲਸਾ ਪੰਥ ਤਕ ਦਾ ਸਫ਼ਰ :** ਗੁਰੂ ਨਾਨਕ ਦੇਵ ਜੀ ਦੀ ਬਿਦਰ ਫੇਰੀ ਨੇ ਉੱਥੋਂ ਦੇ ਲੋਕਾਂ 'ਤੇ ਡੂੰਘਾ ਪ੍ਰਭਾਵ ਛੱਡਿਆ ਤੇ ਬਹੁਤ ਸਾਰੇ ਲੋਕ ਉਨ੍ਹਾਂ ਦੇ ਸ਼ਰਧਾਲੂ ਬਣੇ। ਅਸੀਂ ਆਮ ਕਰਕੇ ਇਨ੍ਹਾਂ ਲੋਕਾਂ ਨੂੰ ਨਾਨਕਪੰਥੀ ਕਹਿ ਕੇ ਸੱਦਦੇ ਹਾਂ ਪਰ ਉਨ੍ਹਾਂ ਦਾ ਕੋਈ ਸੰਸਥਾਗਤ ਰੂਪ ਨਹੀਂ ਸੀ। ਪਰ ਆਓ ਵੇਖੀਏ ਕਿ ਗੁਰੂ ਨਾਨਕ ਦੇਵ ਜੀ ਦੀ ਮੌਖਿਕ ਪਰੰਪਰਾ ਨੇ ਜੋ ਪ੍ਰਭਾਵ ਛੱਡਿਆ, ਉਸ ਸਦਕਾ ਉੱਥੋਂ ਦੇ ਲੋਕ ਗੁਰੂ ਗੋਬਿੰਦ ਸਿੰਘ ਦੇ ਸਿਰਜੇ ਖ਼ਾਲਸਾ ਪੰਥ ਤਕ ਕਿਵੇਂ ਪਹੁੰਚੇ। ਇੱਥੇ ਸਾਨੂੰ ਭਾਈ ਸਾਹਿਬ ਸਿੰਘ ਹੁਰਾਂ ਨੂੰ ਯਾਦ ਕਰਨਾ ਪਵੇਗਾ। ਸੰਨ 1699 ਦੀ ਵਿਸਾਖੀ ਵਾਲੇ ਦਿਨ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਥਾਪਨਾ ਕੀਤੀ ਤਾਂ ਪੰਜ ਪਿਆਰਿਆਂ ਵਿਚ ਇਕ ਭਾਈ ਸਾਹਿਬ ਸਿੰਘ ਸਨ। ਉਹ ਬਿਦਰ ਦੇ ਰਹਿਣ ਵਾਲੇ ਸਨ। ਇਸ ਗੱਲ ਤੋਂ ਗਵਾਹੀ ਮਿਲਦੀ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਬਿਦਰ ਫੇਰੀ ਨੇ ਜੋ ਪ੍ਰਭਾਵ ਉੱਥੇ ਛੱਡਿਆ ਹੋਵੇਗਾ, ਨਿਸ਼ਚੇ ਹੀ ਉਸ ਪਰੰਪਰਾ ਦੀ ਪਾਲਣਾ ਕਰਦੇ ਹੋਏ ਭਾਈ ਸਾਹਿਬ ਸਿੰਘ ਜੀ ਆਨੰਦਪੁਰ ਸਾਹਿਬ ਪਹੁੰਚੇ ਹੋਣਗੇ ਅਤੇ ਬਿਦਰ ਵਾਸਤੇ ਫ਼ਖ਼ਰ ਦੀ ਗੱਲ ਹੈ ਕਿ ਉਹ ਉਨ੍ਹਾਂ ਸਿੱਖਾਂ ਵਿਚੋਂ ਸਨ ਜਿਹੜੇ ਉਸ ਦਿਨ ਸੀਸ ਭੇਟਾ ਕਰਨ ਲਈ ਉੱਠੇ। ਹਿੰਦੋਸਤਾਨ ਸਮਾਜ ਜਿਸ ਤਰ੍ਹਾਂ ਜਾਤ-ਪਾਤ ਵਿਚ ਗ੍ਰਸਿਆ ਹੋਇਆ ਹੈ, ਉਸ ਅਨੁਸਾਰ ਭਾਈ ਸਾਹਿਬ ਸਿੰਘ ਜਾਤ ਤੋਂ ਨਾਈ ਸਨ। ਇਹ ਗੱਲ ਸਾਨੂੰ ਯਾਦ ਦਿਵਾਉਂਦੀ ਹੈ ਕਿ ਦੱਬੀਆਂ ਕੁਚਲੀਆਂ ਸ਼੍ਰੇਣੀਆਂ ਨਾਲ ਸਬੰਧਿਤ ਲੋਕਾਂ ਨੇ ਖ਼ਾਲਸਾ ਪੰਥ ਦੀ ਸਿਰਜਣਾ ਵਿਚ ਕਿੰਨਾ ਵੱਡਾ ਹਿੱਸਾ ਪਾਇਆ ਹੈ।

**ਨਿਜ਼ਾਮ ਵੱਲੋਂ ਹਰਿਮੰਦਰ ਸਾਹਿਬ ਲਈ ਭੇਜਿਆ ਚੰਦੋਆ** : ਹੈਦਰਾਬਾਦ ਦੇ ਚੌਥੇ ਨਿਜ਼ਾਮ ਨਸੀਰ-ਉੱਲ-ਦੌਲਾ ਨੇ ਇਕ ਚੰਦੋਆ ਹਰਿਮੰਦਰ ਸਾਹਿਬ ਲਈ ਭੇਜਿਆ ਜਿਸ ਵਿਚ ਮੋਤੀ, ਹੀਰੇ ਅਤੇ ਹੋਰ ਜਵਾਹਰਾਤ ਜੜੇ ਹੋਏ ਸਨ ਤੇ ਬੁਣਤੀ ਸੋਨੇ ਦੇ ਧਾਗੇ ਨਾਲ ਕੀਤੀ ਹੋਈ ਸੀ। ਸੰਨ1984 ਵਿਚ ਫੌਜੀ ਹਮਲੇ ਮੌਕੇ ਇਸ ਚੰਦੋਆ ਸਾਹਿਬ ਨੂੰ ਨੁਕਸਾਨ ਪਹੁੰਚਿਆ।

ਹੈਦਰਾਬਾਦ ਦੀ ਈਨਾਮ ਲੈਂਡ : ਹੈਦਰਾਬਾਦ ਵਿਚ ਰਹਿਣ ਵਾਲੇ ਸਿੱਖਾਂ ਦਾ ਵਿਸ਼ਵਾਸ ਹੈ ਕਿ ਸਿੱਖ ਉਸ ਸਿੱਖ ਫ਼ੌਜ ਦੀ ਟੁਕੜੀ ਨਾਲ ਆਏ ਜਿਹੜੀ ਮਹਾਰਾਜਾ ਰਣਜੀਤ ਸਿੰਘ ਨੇ ਨਿਜ਼ਾਮ ਹੈਦਰਾਬਾਦ ਦੀ ਸਹਾਇਤਾ ਲਈ ਭੇਜੀ। ਨਿਜ਼ਾਮ ਦੇ ਪ੍ਰਧਾਨ ਮੰਤਰੀ ਚੰਦੂ ਲਾਲ ਨੇ ਉਨ੍ਹਾਂ ਨੂੰ ਬੁਲਾਇਆ ਸੀ ਤੇ ਉਨ੍ਹਾਂ ਨੂੰ ਰਹਿਣ ਲਈ ਜਗ੍ਹਾ ਵੀ ਦਿੱਤੀ ਜਿਸ ਨੂੰ 'ਈਨਾਮ ਲੈਂਡ' ਕਿਹਾ ਜਾਂਦਾ ਹੈ। ਇਹ ਵੀ ਦੱਸਿਆ ਜਾਂਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਹੁਕਮ ਦਿੱਤਾ ਸੀ ਕਿ ਜਦੋਂ ਤਕ ਉਨ੍ਹਾਂ ਨੂੰ ਹੁਕਮ ਨਹੀਂ ਮਿਲਦੇ, ਉਹ ਹੈਦਰਾਬਾਦ ਵਿਚ ਰਹਿਣ ਤੇ ਉਨ੍ਹਾਂ ਨੇ ਵਾਪਸ ਨਹੀਂ ਆਉਣਾ। ਫ਼ੌਜ ਦੀ ਟੁਕੜੀ ਦੇ ਸੈਨਿਕਾਂ ਦੀ ਤਨਖ਼ਾਹ ਲਾਹੌਰ ਦੇ ਖ਼ਜ਼ਾਨੇ ਵਿਚੋਂ ਆਉਂਦੀ ਸੀ। 'ਈਨਾਮ ਲੈਂਡ' ਹੈਦਰਾਬਾਦ ਤੋਂ ਕੋਈ ਅੱਠ ਕੁ ਕਿਲੋਮੀਟਰ ਦੂਰ ਸੀ ਪਰ ਹੁਣ ਇਹ ਸ਼ਹਿਰ ਦਾ ਆਂਤਰਿਕ ਹਿੱਸਾ ਬਣ ਗਿਆ ਹੈ। ਸ਼ਹਿਰ ਦੀ ਇਸ ਜ਼ਮੀਨ 'ਤੇ ਨਾਜਾਇਜ਼ ਕਬਜ਼ੇ ਤੋਂ ਕਈ ਵਾਰ ਕੁਝ ਤਣਾਓ ਵੀ ਹੋਏ ਹਨ। ਇਸ ਬਾਰੇ ਗੱਲਬਾਤ ਕਰਦਿਆਂ ਸਰਦਾਰ ਸੱਜਣ ਸਿੰਘ, ਜੋ ਪੇਸ਼ੇ ਤੋਂ ਇੰਜੀਨੀਅਰ ਹਨ, ਨੇ ਦੱਸਿਆ ਕਿ ਹੈਦਰਾਬਾਦ ਵਿਚ ਰਹਿਣ ਵਾਲੇ ਸਿੱਖ ਬਾਕੀ ਦੇ ਭਾਈਚਾਰੇ ਨਾਲ ਮੇਲ ਮਿਲਾਪ ਨਾਲ ਰਹਿੰਦੇ ਹਨ ਤੇ ਉਨ੍ਹਾਂ ਨੂੰ ਕੋਈ ਖ਼ਾਸ ਮੁਸ਼ਕਲ ਨਹੀਂ। ਭਾਵੇਂ ਕਈ ਵਾਰ ਛੋਟੇ ਮੋਟੇ ਤਣਾਓ ਤਾਂ ਬਣ ਹੀ ਜਾਂਦੇ ਹਨ।

**ਗੁਰੂ ਨਾਨਕ ਦੇਵ ਜੀ ਦੀ ਬਿਦਰ ਫੇਰੀ** : ਗੁਰੂ ਨਾਨਕ ਦੇਵ ਜੀ ਸੋਲ੍ਹਵੀਂ ਸਦੀ ਦੇ ਸ਼ੁਰੂ ਵਿਚ ਬਿਦਰ ਗਏ। ਦੱਸਿਆ ਜਾਂਦਾ ਹੈ ਕਿ ਉਸ ਵੇਲੇ ਬਿਦਰ ਵਿਚ ਦੋ ਮਹੱਤਵਪੂਰਨ ਸੰਸਥਾਵਾਂ ਸਨ। ਇਕ ਸੀ ਬਸ਼ੇਸ਼ਵਰ-ਪ੍ਰਸਤਾਂ ਦਾ ਧਰਮ ਅਸਥਾਨ ਬਸਵਾ ਕਲਿਆਣ ਤੇ ਦੂਸਰਾ ਮਹਿਮੂਦ ਗਵਾਨ ਦਾ ਮਦਰੱਸਾ। ਸੰਤ ਬਸ਼ੇਸ਼ਵਰ ਬਾਰ੍ਹਵੀਂ ਸਦੀ ਵਿਚ ਹੋਏ ਤੇ ਉਨ੍ਹਾਂ ਨੇ ਵਰਣ ਆਸ਼ਰਮ ਤੇ ਜਾਤ-ਪਾਤ ਦੇ ਵਿਰੁੱਧ ਆਵਾਜ਼ ਉਠਾਈ। ਉਨ੍ਹਾਂ ਨੇ ਅੰਤਰਜਾਤੀ ਵਿਆਹ ਅਤੇ ਸੰਗਤ ਤੇ ਪੰਗਤ ਦੇ ਫ਼ਲਸਫ਼ੇ ਦੀ ਦੱਖਣ ਵਿਚ ਨੀਂਹ ਰੱਖੀ। ਬਸ਼ੇਸ਼ਵਰ ਵਾਦੀਆਂ ਦਾ ਸਨਾਤਨੀ ਹਿੰਦੂ ਧਰਮ ਦੇ ਅਨੁਯਾਈਆਂ ਨਾਲ ਵੱਡਾ ਵਿਰੋਧ ਹੋਇਆ। ਕਰਨਾਟਕ ਦੇ ਅੱਜ ਦੇ ਸਮਾਜ ਵਿਚ ਵੀ ਉਸ ਵਿਰੋਧ ਦੇ ਚਿੰਨ੍ਹ ਉੱਭਰਵੇਂ ਰੂਪ ਵਿਚ ਵੇਖਣ ਨੂੰ ਮਿਲਦੇ ਹਨ। ਮਹਿਮੂਦ ਗਵਾਨ ਦਾ ਮਦਰੱਸਾ ਉਸ ਸਮੇਂ ਦੱਖਣ ਪੂਰਬੀ ਏਸ਼ੀਆ ਦੀ ਸਭ ਤੋਂ ਵੱਡੀ ਯੂਨੀਵਰਸਿਟੀ ਸੀ। ਵਿਦਵਾਨਾਂ ਦਾ ਖ਼ਿਆਲ ਹੈ ਕਿ ਗੁਰੂ ਸਾਹਿਬ ਬਿਦਰ ਇਸ ਲਈ ਆਏ ਸਨ ਕਿ ਉਹ ਇਕ ਧਾਰਮਿਕ ਕੇਂਦਰ ਭਾਵ ਬਸਵਾ ਕਲਿਆਣ ਅਤੇ ਇਕ ਵਿੱਦਿਅਕ ਕੇਂਦਰ ਭਾਵ ਮਹਿਮੂਦ ਗਵਾਨ ਮਦਰੱਸੇ ਦੇ ਚਿੰਤਕਾਂ ਨਾਲ ਵਿਚਾਰ ਵਟਾਂਦਰਾ/ਗੋਸ਼ਟਿ ਕਰ ਸਕਣ।

ਪੰਜਾਬੀ ਇਤਿਹਾਸਕਾਰ ਬੀਰਇੰਦਰ ਪਾਲ ਸਿੰਘ ਦੀ ਨਜ਼ਰ ਵਿਚ : ਗੁਰੂ ਗੋਬਿੰਦ ਸਿੰਘ ਜੀ ਦੇ ਦੱਖਣ ਵੱਲ ਆਉਣ ਸਮੇਂ ਰਾਜਪੂਤਾਨੇ ਦੇ ਸਿਕਲੀਗਰ ਵੀ ਉਨ੍ਹਾਂ ਦੇ ਜਥੇ ਨਾਲ ਚੱਲ ਪਏ ਜੋ ਸਿੱਖੀ ਸਰੂਪ ਵਿਚ ਵਿਚਰਨ ਲੱਗੇ। ਇਥੇ ਉਹ ਹਥਿਆਰਾਂ ਨੂੰ ਸਿਕਲ (ਪਾਲਸ਼) ਕਰਨ ਦਾ ਕੰਮ ਕਰਦੇ ਸਨ। ਇਸ ਦੇ ਨਾਲ ਹੀ ਉਨ੍ਹਾਂ ਨੇ ਚਾਕੂ, ਛੁਰੀਆਂ ਤੇ ਤਲਵਾਰਾਂ ਬਣਾਉਣ ਦਾ ਕੰਮ ਵੀ ਕੀਤਾ। ਨਾਂਦੇੜ ਤੋਂ ਇਹ ਦੱਖਣ ਦੇ ਹੋਰ ਇਲਾਕਿਆਂ ਵਿਚ ਖਿੰਡ ਗਏ। ਰੁਜ਼ਗਾਰ ਦੇ ਹੋਰ ਵਸੀਲੇ ਹੋਣ ਕਾਰਨ ਮੌਜੂਦਾ ਸਮੇਂ ਹੈਦਰਾਬਾਦ ਵਿਚ ਇਨ੍ਹਾਂ ਦੀ ਸੰਘਣੀ ਵਸੋਂ ਹੈ। ਕਈ ਸਿਕਲੀਗਰਾਂ ਨੇ ਹੁਣ ਵੀ ਆਪਣਾ ਜੱਦੀ ਕਿੱਤਾ ਅਪਣਾਇਆ ਹੋਇਆ ਹੈ ਪਰ ਆਰਥਿਕ ਤੌਰ 'ਤੇ ਮਜ਼ਬੂਤ ਨਾ ਹੋਣ ਕਾਰਨ ਇਨ੍ਹਾਂ ਦੀ ਹਾਲਤ ਮੰਦੀ ਹੈ।

ਨਿਜ਼ਾਮਾਬਾਦ ਦੇ ਮੰਨਾ ਸਿੰਘ ਦੀ ਕਹਾਣੀ ਇਸ ਭਾਈਚਾਰੇ ਦੇ ਜ਼ਿਆਦਾਤਰ ਲੋਕਾਂ ਨਾਲ ਮਿਲਦੀ-ਜੁਲਦੀ ਹੈ। ਇਹ ਬਜ਼ੁਰਗ ਕਿਰਾਏ ਦੇ ਮੋਟਰਸਾਇਕਲ 'ਤੇ ਨੇੜਲੇ ਪਿੰਡਾਂ ਤੇ ਕਸਬਿਆਂ ਵਿਚ ਫੇਰੀ ਲਾਉਂਦਾ ਹੈ ਅਤੇ ਰਾਤ ਨੂੰ ਉਥੇ ਹੀ ਰਹਿ ਜਾਂਦਾ ਹੈ। ਉਹ ਆਪਣੇ ਪਰਿਵਾਰ ਸਮੇਤ ਹਫ਼ਤਾਵਾਰੀ ਸਬਜ਼ੀ ਮੰਡੀ ਵਾਲੀ ਥਾਂ ਪੰਚਾਇਤੀ ਜ਼ਮੀਨ ਵਿਚ ਬਣਾਈ ਕੁੱਲੀ ਵਿਚ ਰਹਿੰਦਾ ਹੈ। ਉਸ ਦੀ ਕੁੱਲੀ ਉਤਲਾ ਪੋਲੀਥੀਨ ਫਟਿਆ ਪੁਰਾਣਾ ਹੈ ਅਤੇ ਉਸ ਨੇ ਇਸ ਨੂੰ ਢਕਣ ਲਈ ਕੁਝ ਨਾ ਕੁਝ ਇਸ ਉਤੇ ਰੱਖਿਆ ਹੋਇਆ ਹੈ। ਦੋ ਮੰਜਿਆਂ ਉੱਤੇ ਘਰ ਦਾ ਸਮਾਨ ਪਿਆ ਹੈ। ਰਾਤ ਨੂੰ ਪਰਿਵਾਰ ਦੇ ਸੌਣ ਵੇਲੇ ਸਮਾਨ ਮੰਜਿਆਂ ਤੋਂ ਹੇਠਾਂ ਉਤਾਰਨਾ ਪੈਂਦਾ ਹੈ। ਉਸ ਦੀ ਪਤਨੀ, ਇਕ ਪੁੱਤਰ-ਨੂੰਹ ਅਤੇ ਇਕ ਕੁਆਰੇ ਪੁੱਤਰ ਦੇ ਨਾਲ-ਨਾਲ ਦੋ ਮੁਰਗੀਆਂ ਅਤੇ ਇਕ ਕੁੱਤਾ ਵੀ ਉਸ ਦੇ ਪਰਿਵਾਰ 'ਚ ਸ਼ਾਮਲ ਹਨ।

**ਵਣਜਾਰੇ ਸਿੱਖ** : ਵਣਜਾਰੇ ਸਿੱਖ ਰਵਾਇਤੀ ਤੌਰ 'ਤੇ ਲੂਣ ਦੇ ਵਪਾਰੀ ਸਨ। ਇਹ ਘੁਮੱਕੜ ਭਾਈਚਾਰਾ ਪੂਰੇ ਦੇਸ਼ ਵਿਚ ਫੈਲਿਆ ਹੋਇਆ ਹੈ। ਗੁਰੂ ਲਾਧੋ ਰੇ ਦਾ ਹੋਕਾ ਦੇਣ ਵਾਲੇ ਭਾਈ ਮੱਖਣ ਸ਼ਾਹ ਲੁਬਾਣਾ ਅਤੇ ਦਿੱਲੀ 'ਚ ਸ਼ਹਾਦਤ ਮਗਰੋਂ ਨੌਵੇਂ ਪਾਤਸ਼ਾਹ ਦੇ ਧੜ ਦਾ ਸਸਕਾਰ ਕਰਨ ਵਾਲੇ ਭਾਈ ਲੱਖੀ ਸ਼ਾਹ ਵਣਜਾਰਾ ਦੀ ਸਿੱਖੀ ਸੇਵਕੀ ਬਾਰੇ ਸਾਰੇ ਭਲੀਭਾਂਤ ਜਾਣਦੇ ਹਨ। ਇਹ ਵੀ ਸੰਭਵ ਹੈ ਕਿ ਵਣਜਾਰੇ ਵੀ ਦਸਮ ਪਾਤਸ਼ਾਹ ਦੇ ਕਾਫ਼ਲੇ ਨਾਲ ਭੋਜਨ ਅਤੇ ਗੋਲੀ ਸਿੱਕਾ ਢੁੱਕਣ ਲਈ ਉਨ੍ਹਾਂ ਦੇ ਨਾਲ ਗਏ। ਨਾਂਦੇੜ ਅਤੇ ਬਿਦਰ ਦੇ ਨੇੜਲੇ ਇਲਾਕਿਆਂ 'ਚ ਰਹਿੰਦੇ ਹਿੰਦੂ ਵਣਜਾਰੇ ਵੀ ਗੁਰਬਾਣੀ ਦੇ ਪਾਠ ਅਤੇ ਕੀਰਤਨ ਦੀ ਰਸਮੀ ਸਿੱਖਿਆ ਹਾਸਲ ਕਰਕੇ ਸਿੱਖੀ ਨਾਲ ਜੁੜ ਰਹੇ ਹਨ। ਦਿਲਚਸਪ ਗੱਲ ਇਹ ਹੈ ਕਿ ਸ੍ਰੀ ਹਜ਼ੂਰ ਸਾਹਿਬ ਦੇ ਸੱਤ ਰਾਗੀ ਜਥਿਆਂ ਵਿਚੋਂ ਚਾਰ ਇਨ੍ਹਾਂ ਨਾਲ ਸਬੰਧਿਤ ਹਨ।

**ਰਾਗੀ ਭਾਈ ਭੂੰਮਣ ਸਿੰਘ** : ਰਵਾਇਤ ਅਨੁਸਾਰ ਭਾਈ ਭੂੰਮਣ ਸਿੰਘ ਜੀ ਨਿਜ਼ਾਮ ਹੈਦਰਾਬਾਦ ਦੇ ਦਰਬਾਰ ਵਿਚ ਸੰਗੀਤਕਾਰ ਸਨ। 1870 ਵਿਆਂ ਵਿਚ ਉਨ੍ਹਾਂ ਨੇ ਨਿਜ਼ਾਮ ਦੇ ਦਰਬਾਰ ਤੋਂ ਅਸਤੀਫ਼ਾ ਦੇ ਦਿੱਤਾ ਤੇ ਹਜ਼ੂਰ ਸਾਹਿਬ ਵਿਚ ਹਜ਼ੂਰੀ ਰਾਗੀ ਬਣੇ। ਉਨ੍ਹਾਂ ਦੀ ਗੁਰਬਾਣੀ ਸੰਗੀਤ ਨੂੰ ਦੇਣ ਬਾਰੇ ਖੋਜ ਕਰਨ ਦੀ ਲੋੜ ਹੈ।

## ਪੰਜਾਬੀ ਕਿਰਤੀਆਂ ਦੀ ਸਿਵਲ ਨਸਲਕੁਸ਼ੀ ਦਾ ਬਿਰਤਾਂਤ

# ਅੱਜ ਬਿੱਲਾ ਫਿਰ ਆਇਆ

**ਕੰਵਰਜੀਤ ਸਿੰਘ ਸਿੱਧੂ**
(9815952769)

ਲਾਲ ਸਿੰਘ ਦਿਲ ਪੰਜਾਬ ਦੀ ਜਾਗਦੀ ਰੂਹ ਦਾ ਕਵੀ ਸੀ, ਇਨਕਲਾਬੀ ਕਵੀ। ਸੱਚ ਦੀ ਸੁਖਮਤਾਈ ਨੂੰ ਫੜਨ ਵਾਲਾ ਤੇ ਡੰਕੇ ਦੀ ਚੋਟ ਵਰਗੇ ਸੱਚ ਨੂੰ ਬੇਹੱਦ ਸੁਹਜਮਈ ਅੰਦਾਜ਼ ਵਿਚ ਪੇਸ਼ ਕਰਨ ਵਾਲਾ ਕਵੀ। ਲਾਲ ਸਿੰਘ ਦਿਲ ਦਾ ਅੰਦਾਜ਼-ਏ-ਬਿਆਨ ਅਜਿਹਾ ਹੈ ਕਿ ਸੱਚ ਦੀ ਛਿਲਤਰ ਪੜਨ-ਸੁਣਨ ਵਾਲੇ ਨੂੰ ਅੰਦਰੋਂ ਹਲੂਣ ਦਿੰਦੀ ਹੈ। ਬੰਦੇ ਨੂੰ ਅੰਦਰੋਂ ਹਲੂਣਨ ਵਾਲੇ ਇਸ ਕਵੀ ਦੀ ਲੰਮੀ ਕਵਿਤਾ ਉਸਦੀ ਮੌਤ ਉਪਰੰਤ ਪ੍ਰਕਾਸ਼ਿਤ ਹੋਈ ਹੈ। 140 ਪੰਨਿਆਂ 'ਤੇ ਫੈਲੀ ਹੋਈ ਇਕ ਲੰਮੀ ਕਵਿਤਾ ਹੈ : 'ਅੱਜ ਬਿੱਲਾ ਫਿਰ ਆਇਆ'।

ਇਹ ਲੰਮੀ ਕਵਿਤਾ ਪੜ੍ਹਦਿਆਂ ਜਿੱਥੇ ਦਿਲ ਦੀ ਕਾਵਿ ਸ਼ੈਲੀ ਦਾ ਕਾਇਲ ਹੋਣਾ ਪੈਂਦਾ ਹੈ, ਉੱਥੇ ਉਸ ਦੀ ਕਵਿਤਾ ਪਾਠਕ ਨੂੰ ਉਂਗਲ ਫੜ ਕੇ ਕੌੜੇ ਸੱਚ ਦੇ ਰੂ-ਬ-ਰੂ ਕਰਦੀ ਹੈ। ਕਵਿਤਾ ਬੰਦੇ ਨੂੰ ਰੂਹ ਦੀ ਡੂੰਘਾਈ ਤੱਕ ਝੰਜੋੜਦੀ ਹੈ। ਇਸ ਲੰਮੀ ਕਵਿਤਾ ਵਿਚ ਪੰਜਾਬ, ਪੰਜਾਬੀ ਬੋਲੀ ਤੇ ਪੰਜਾਬ ਨੂੰ ਦਰਪੇਸ਼ ਰਾਜਨੀਤਕ, ਸਮਾਜਿਕ, ਆਰਥਿਕ ਤੇ ਸੱਭਿਆਚਾਰਕ ਮਸਲਿਆਂ ਨੂੰ ਚਿੰਤਨੀ ਸੁਰ ਵਿਚ ਮੁਖਾਤਬ ਹੋਇਆ ਗਿਆ ਹੈ। ਇਸ ਕਵਿਤਾ ਦੇ ਕੁਝ ਅਹਿਮ ਅੰਸ਼ਾਂ ਰਾਹੀਂ ਅਸੀਂ ਇਸ ਦੀ ਪੜਚੋਲ ਦਾ ਯਤਨ ਕਰਾਂਗੇ।

ਆਪਣੀ ਕਵਿਤਾ ਰਾਹੀਂ ਬੁਨਿਆਦੀ ਮਸਲੇ ਦੀ ਪੇਸ਼ਕਾਰੀ ਪ੍ਰਤੀ ਦਿਲ ਸੁਚੇਤ ਯਤਨ ਕਰਦਾ ਹੈ। ਇਸ ਤਰ੍ਹਾਂ ਕਈ ਥਾਵਾਂ 'ਤੇ ਉਹ ਕਵਿਤਾ ਦੀ ਪ੍ਰਕਿਰਤੀ ਦਾ ਬਿਆਨ ਕਰਦਾ ਹੈ ਜਾਂ ਕਵਿਤਾ ਦੀ ਰਚਨਾ ਪ੍ਰਕਿਰਿਆ ਦੇ ਅਮਲ ਨੂੰ ਚਿਤਰਦਾ ਹੈ।

'ਕਵਿਤਾ 'ਚ ਮੈਂ
ਕਿਸੇ ਗੱਲ ਨੂੰ ਫੜਨਾ ਚਾਹੁੰਦਾ ਹਾਂ
ਗੱਲ ਜੋ ਗੁਆਚ ਗਈ ਹੋਵੇ
ਹਨੇਰੇ 'ਚ ਤੀਰ ਸੁੱਟਣ ਵਾਂਗ
ਜੇ ਕਵਿਤਾ ਦੇ ਘੇਰੇ 'ਚ
ਉਹ ਗੱਲ ਨਹੀਂ ਆਉਂਦੀ
ਤਾਂ ਉਹ ਉਸ ਵੇਲ ਵਰਗੀ ਹੈ
ਜਿਸਨੂੰ ਫਲ ਨਹੀਂ ਪੈਂਦਾ'
(ਪੰਨਾ 29)

ਇਸ ਤਰ੍ਹਾਂ ਦਿਲ ਕਵਿਤਾ 'ਚ ਕਿਸੇ ਮੁੱਦੇ ਦੇ ਅਣਛੂਹੇ ਵਿਸ਼ੇ ਨੂੰ ਜਾਂ ਹਾਸ਼ੀਆਗ੍ਰਸਤ ਮਸਲਿਆਂ ਨੂੰ ਪੇਸ਼ ਕਰਨ ਦੀ ਇੱਛਾ ਰੱਖਦਾ ਹੈ ਜਾਂ ਇਸਨੂੰ ਕਵਿਤਾ ਦਾ ਜ਼ਰੂਰੀ ਤੱਤ ਮੰਨਦਾ ਹੈ। ਇਸ ਤੋਂ ਅੱਗੇ ਚੱਲ ਕੇ ਉਹ ਇਹ ਵੀ ਦੱਸਦਾ ਹੈ ਕਿ ਕਵਿਤਾ ਦੀ ਰਚਨਾ ਕਦੋਂ ਹੁੰਦੀ ਹੈ ਤੇ ਕਿਵੇਂ ਹੁੰਦੀ ਹੈ?

'ਮੇਰਾ ਵਿਸ਼ਵਾਸ ਹੈ
ਕਵਿਤਾ ਉਦੋਂ ਪ੍ਰਵੇਸ਼ ਕਰਦੀ ਹੈ
ਜਦੋਂ ਕੋਈ ਦੁਨੀਆਂ ਤੋਂ
ਅਲਹਿਦਗੀ ਅਖ਼ਤਿਆਰ ਕਰਦਾ ਹੈ
.. .. ..
ਕਵਿਤਾ ਆ ਪ੍ਰਗਟਦੀ ਹੈ
ਕਵਿਤਾ ਚੰਚਲ ਮਨ ਹੈ
ਉਹ ਆਪਣੇ ਜੋਗਾ ਹੀ ਰੱਖਦੀ ਹੈ'
(ਪੰਨਾ 46)

ਏਨੇ ਕੁਝ ਦੇ ਨਾਲ ਹੀ ਉਹ ਕਵਿਤਾ ਦੀ ਸੀਮਾ ਬਾਰੇ ਵੀ ਸੁਚੇਤ ਹੈ। ਇਸੇ ਲਈ ਉਹ ਕਵਿਤਾ ਨੂੰ ਡੁੱਬਦੇ ਹੋਏ ਬੰਦੇ ਦੇ ਹੱਥ ਪੈਰ ਮਾਰਨ ਨਾਲ ਤੁਲਨਾ ਦਿੰਦਾ ਹੈ ਤੇ ਕਵਿਤਾ ਦੇ ਸਿਰਫ ਗੱਲਾਂ ਹੋਣ ਦਾ ਜ਼ਿਕਰ ਕਰਦਾ ਹੈ;

'ਖੈਰ ਕਵਿਤਾ ਗੱਲਾਂ ਹੀ ਨੇ
ਹੱਥ ਪੈਰ ਮਾਰੇ
ਜਿਵੇਂ ਕੋਈ ਡੁੱਬਦਾ ਹੋਇਆ
ਹੱਥ ਪੈਰ ਮਾਰਦਾ ਹੈ'
(ਪੰਨਾ 92)

ਸਿਰਫ ਪੈਸੇ ਦੀ ਹਾਬੜ ਪਿੱਛੇ ਭੱਜਦੇ ਦਿਮਾਗਾਂ, ਪੂੰਜੀਵਾਦ ਦੇ ਚੱਕਰਵਿਊ ਵਿਚ ਜਕੜੇ ਮਨਾਂ 'ਤੇ ਨਿਰੋਲ ਕੋਰੇ ਤਰਕਾਂ ਦੀ ਧੁੰਦ ਦੇ ਪਸਾਰੇ ਦੀ ਨਿਸ਼ਾਨਦੇਹੀ ਕਰਦਾ ਹੋਇਆ ਦਿਲ ਸੋਚਦਾ ਹੈ ਕਿ ਰੂਹਾਨੀਅਤ ਹੀ ਇਹਦਾ ਮੋੜਵਾਂ ਉੱਤਰ ਹੋ ਸਕਦਾ ਹੈ ਤੇ ਉਹ ਮਰ ਰਹੇ ਮਨੁੱਖਾਂ (ਇਹ ਮੌਤ ਜਿਸਮਾਨੀ ਵੀ ਹੈ ਪਰ ਜਿਸਮਾਨੀ ਨਾਲੋਂ ਮਾਨਸਿਕ ਵੱਧ) ਦੀ ਚੌਂਕੀਦਾਰੀ ਕਰਨ ਬਾਰੇ ਵੀ ਸੋਚਦਾ ਹੈ;

'ਰੂਹਾਨੀਅਤ ਬਿਨਾਂ ਸਾਇੰਸ ਕਲਚਰ
ਉਹ ਸੁੱਕੀ ਚਿਣਾਈ ਹੈ
ਜੋ ਉਸਰਦੀ ਬਾਅਦ ਵਿਚ ਹੈ
ਢਹਿੰਦੀ ਪਹਿਲਾਂ ਹੈ'
(ਪੰਨਾ 32)

'ਲੋਕ ਰਾਤਾਂ ਨੂੰ
ਖੁਦਕੁਸ਼ੀਆਂ ਕਰਨ ਬਾਰੇ
ਸੋਚਦੇ ਨੇ
ਮੈਂ ਸੋਚਦਾ ਹਾਂ
ਚੌਂਕੀਦਾਰਾ ਕਰਾਂ
ਤੇ ਇਨ੍ਹਾਂ ਨੂੰ ਜਾਗਦੇ ਰੱਖਾਂ।'
(ਪੰਨਾ 33)

ਖੁਦਕੁਸ਼ੀ ਕਰਨ ਨੂੰ ਦਿਲ ਵਧੀਆ ਨਹੀਂ ਸਮਝਦਾ ਤੇ ਉਹ ਸੋਚਦਾ ਹੈ ਕਿ ਮੇਰੇ ਨਾਲ ਰਹਿਣ ਵਾਲਾ ਖੁਦਕੁਸ਼ੀ ਨਹੀਂ ਕਰ ਸਕਦਾ, ਇਹ ਉਸਦਾ ਆਪਣੀ ਸੋਚ ਧਾਰਾ 'ਤੇ ਮਾਣ ਹੈ;

'ਮੇਰਾ ਸੁਆਦ ਕਿਰਕਿਰਾ ਹੁੰਦਾ ਹੈ
ਜਦੋਂ ਕੋਈ ਖੁਦਕੁਸ਼ੀ ਦੀ ਗੱਲ ਕਰਦਾ ਹੈ
ਮੇਰੇ ਨਾਲ ਉੱਠਣ-ਬੈਠਣ ਵਾਲਾ ਹੋਵੇ
ਖੁਦਕੁਸ਼ੀ ਕਰੇ
ਇਹ ਕਿਵੇਂ ਹੋ ਸਕਦੈ ?'
(ਪੰਨਾ 74)

ਖੁਦਕੁਸ਼ੀ ਦੀ ਗੱਲ ਕਰਨਾ ਵੀ ਦਿਲ ਦਾ ਸੁਆਦ ਕਿਰਕਿਰਾ ਕਰ ਦਿੰਦੀ ਹੈ। ਉਹ ਸਮਝਦਾ ਹੈ ਕਿ ਇਹ ਜਾਣਬੁੱਝ ਕੇ ਚਲਾਇਆ ਮੌਤ ਚੱਕਰ ਹੈ ਜਿਸ ਪਿੱਛੇ ਮੁੱਢਲਾ ਕਾਰਨ ਲੋਕਾਂ ਨੂੰ ਉਹਨਾਂ ਦੀ ਕੁਦਰਤੀ ਜੀਵਨ ਜਾਚ ਤੋਂ ਤੋੜ-ਵਿਛੋੜ ਦਿੱਤਾ ਗਿਆ ਹੈ। ਉਹ ਸਿਰਫ ਫਾਰਮੀ ਤਰੀਕੇ ਨਾਲ ਪਾਲੇ ਜਾਣ ਵਾਲੇ ਮੁਰਗਿਆਂ ਵਰਗੇ ਹੋ ਗਏ ਹਨ, ਪਦਾਰਥਾਂ ਦੇ ਨਸ਼ੇ ਦੇ ਗੁਲਾਮ, ਪੈਸੇ ਦੀ ਹਵਸ ਤੋਂ ਪੀੜਤ;

'ਬਿੱਲਾ ਹੁਣ ਸਮਝਦਾ ਹੈ
ਇਹ ਜਾਣ ਬੁੱਝ ਕੇ ਚਲਾਇਆ ਮੌਤ ਚੱਕਰ ਹੈ
ਲੋਕਾਂ ਦਾ ਜੀਵਨ ਮੁਰਗੀ ਫਾਰਮ ਬਣਾ ਦਿੱਤਾ ਹੈ
ਕੁਦਰਤੀ ਜੀਵਨ ਦਾ ਨਸ਼ਾ ਖਤਮ ਹੋ ਗਿਆ ਹੈ
ਲੋਕ ਨਸ਼ੇ ਪਿੱਛੇ ਹਾਬੜੇ ਫਿਰਦੇ ਹਨ
ਉਹ ਇਸ ਜੀਵਨ ਨਾਲੋਂ ਮੌਤ ਨੂੰ ਵੀ
ਕੁਝ ਨਹੀਂ ਸਮਝਦੇ।'
(ਪੰਨਾ 78)

ਇਸ ਤੋਂ ਬਾਅਦ ਦਿਲ ਭਾਰਤ ਦੇ ਜਾਤੀਵਾਦੀ ਸਮਾਜ ਦੀਆਂ ਡੂੰਘੀਆਂ ਜੜ੍ਹਾਂ ਦੀ ਨਿਸ਼ਾਨਦੇਹੀ ਕਰਦਾ ਹੋਇਆ ਦੱਬੇ ਕੁਚਲੇ ਲੋਕਾਂ ਦੀ ਲਗਾਤਾਰ ਰਹਿਣ ਵਾਲੀ ਹੀਣੀ ਹਾਲਤ ਦਾ ਕਾਰਨ ਬਿਆਨਦਾ ਹੈ। ਜਾਤ ਪਾਤ ਦੀਆਂ ਡੂੰਘੀਆਂ ਜੜ੍ਹਾਂ ਦੀ ਤ੍ਰਾਸਦੀ ਕਾਰਨ ਦੱਬੇ-ਲਿਤਾੜੇ ਜਾ ਰਹੇ ਜਾਂ ਜਾ ਚੁੱਕੇ ਵਰਗ ਲਈ ਮੌਕਿਆਂ ਦੀ ਵਿਵਸਥਾ ਨਹੀਂ ਹੈ;

'ਕਿਸੇ ਟੀਮ 'ਚ
ਕਿਸੇ ਫਿਲਮ 'ਚ
ਕਿਸੇ ਸਨਮਾਨਯੋਗ ਨੌਕਰੀ 'ਚ
ਸਾਡੀ ਜਾਤ ਦਾ ਕੋਈ ਨਹੀਂ ਲਗਭਗ
ਇਸ ਮਨੂੰਵਾਦ ਦੀਆਂ ਜੜ੍ਹਾਂ
ਪਾਤਾਲ 'ਚ ਨੇ
ਤੇ ਬੋਦੀ ਇਸ ਦੀ ਆਸਮਾਨ 'ਚ ਹੈ
ਮਨੂੰ ਦਾ ਕਥਨ ਹੈ
ਇਨ੍ਹਾਂ ਤੋਂ ਕੁਝ ਸੰਵਰੇ ਨਾ
ਜੇ ਸੰਵਰੇ ਤਾਂ
ਛੇਤੀ ਵਿਗਾੜ ਦਿਓ'

ਇਸੇ ਦੇ ਨਾਲ ਹੀ ਕਈ ਤਰ੍ਹਾਂ ਦੇ ਸੁਪਨਈ ਆਦਰਸ਼ਾਂ ਨਾਲ ਭਰਪੂਰ ਮੁਲਕ ਦੇ 1947 ਤੋਂ ਬਾਅਦ ਦਿਨ-ਬਦਿਨ ਰਸਾਤਲ ਵੱਲ ਜਾਂਦੇ ਹੋਣ ਨੂੰ ਸਾਜ਼ਿਸ਼ ਕਰਾਰ ਦਿੰਦਾ ਹੋਇਆ ਕਵੀ ਅਜੋਕੀ ਰਾਜਸੀ ਹਾਲਤ ਨੂੰ ਅਨਾਰਕੀ ਗਰਦਾਨਦਾ ਹੈ;

'ਇਹ ਕਿ ਸਮਾਜਵਾਦੀ ਗਣਤੰਤਰ ਦੇ
ਸੁਪਨੇ ਲੈਂਦਾ-ਲੈਂਦਾ ਮੁਲਕ
ਅਨਾਰਕੀ ਦੀ ਡੂੰਘੀ ਖੱਡ ਵਿਚ ਜਾ ਡਿੱਗਿਆ
ਇਹ ਸਾਜ਼ਿਸ਼ ਲਗਭਗ ਸਾਰੇ ਮੁਲਕ 'ਚ ਫੈਲੀ ਹੋਈ ਹੈ'

ਲੋਕਤੰਤਰੀ ਢਾਂਚੇ ਅਤੇ ਭਾਰਤ ਦੇ ਵਿਸ਼ਵ ਦਾ ਸਭ ਤੋਂ ਵੱਡਾ ਤੇ ਮਹਾਨ ਲੋਕਤੰਤਰ ਹੋਣ 'ਤੇ ਕਟਾਖਸ਼ ਕਰਦਾ ਹੋਇਆ ਦਿਲ ਲੋਕਤੰਤਰ ਦੀ ਨਵੀਂ ਪਰਿਭਾਸ਼ਾ ਪੇਸ਼ ਕਰਦਾ ਹੈ;

'ਇਹ ਲੋਕੀਂ ਜੋ
ਲੋਕਾਂ ਦੀਆਂ ਵੋਟਾਂ ਲੈ ਕੇ
ਲੋਕਾਂ ਦੀਆਂ ਜੁੱਤੀਆਂ
ਲੋਕਾਂ ਦੇ ਹੀ ਸਿਰ ਮਾਰ ਰਹੇ ਸਨ
ਲਗਦਾ ਹੈ
ਪਾਗਲ ਹੋ ਗਏ ਸਨ'
(ਪੰਨਾ 113)

ਇਸ ਦੇ ਨਾਲ ਹੀ ਦਿਲ ਜਾਤ-ਪਾਤ ਦੀ ਕੌੜੀ ਸਚਾਈ ਦੀ ਗੱਲ ਕਰਦਾ ਹੋਇਆ ਕਹਿੰਦਾ ਹੈ ਕਿ ਇਹ ਸਦੀਵੀ ਲੜਾਈ ਅਜੇ ਵੀ ਜਾਰੀ ਹੈ। ਇਸਦੇ ਨਾਲ ਹੀ ਉਹ ਇਹ ਦਾਅਵਾ ਵੀ ਕਰਦਾ ਹੈ ਕਿ ਅੰਗਰੇਜ਼ ਤੇ ਮੁਸਲਮਾਨ ਕੌਮ ਜਾਤ-ਪਾਤ ਦੇ ਵਿਰੋਧੀ ਸਨ। ਇਕ ਥਾਂ ਉਹ ਅੰਗਰੇਜ਼ਾਂ ਦੇ ਰਾਜ ਨੂੰ ਅਜੋਕੇ ਰਾਜ ਨਾਲੋਂ ਨਿਆਂਪੂਰਨ ਵੀ ਦੱਸਦਾ ਹੈ;

'ਸਦੀਆਂ ਤੋਂ ਚਲਦੀ ਆ ਰਹੀ ਲੜਾਈ




ਅਜੇ ਮੁੱਕੀ ਨਹੀਂ'
(ਪੰਨਾ 97)

'ਅੰਗਰੇਜ਼ ਜਾਤ-ਪਾਤ ਦਾ ਦੁਸ਼ਮਣ ਸੀ
ਕਿਸੇ ਹੱਦ ਤੱਕ ਮੁਸਲਮਾਨ ਵੀ'
(ਪੰਨਾ 100)

'ਇਹ ਕਿਹੜਾ ਅੰਗਰੇਜ਼ ਦਾ ਰਾਜ ਸੀ
ਜੋ ਦੋਸ਼ ਨੂੰ ਪਰਖਣ ਤੇ ਦੋਸ਼ੀ ਨੂੰ ਸਜ਼ਾ ਦਿੰਦਾ'
(ਪੰਨਾ 144)

ਇਸ ਤਰ੍ਹਾਂ ਦਿਲ ਅਜੋਕੇ ਭਾਰਤੀ ਰਾਜ ਦੇ ਨਿਆਂਇਕ ਢਾਂਚੇ 'ਤੇ ਵੀ ਉਂਗਲ ਚੁੱਕਦਾ ਹੈ ਜਿਸ ਵਿਚ ਨਿਰਦੋਸ਼ ਆਦਮੀ ਲਈ ਸਜ਼ਾ ਦੇ ਖਤਰੇ ਵੱਧ ਨੇ ਅਤੇ ਦੋਸ਼ੀ ਨੂੰ ਕਈ ਛੋਟਾਂ ਪ੍ਰਾਪਤ ਹੋ ਜਾਂਦੀਆਂ ਹਨ। ਇਸਦੇ ਨਾਲ ਹੀ ਜਾਤ-ਪਾਤ ਦੇ ਚਲਦੇ ਸੰਦਰਭ ਵਿਚ ਹੀ ਉਹ ਗੁਰੂ ਗ੍ਰੰਥ ਸਾਹਿਬ ਜੀ ਦੀ ਗੱਲ ਕਰਦਾ ਹੈ ਤੇ ਇਸਨੂੰ ਦਲਿਤਾਂ ਦਾ ਗ੍ਰੰਥ ਕਹਿੰਦਾ ਹੈ। ਇਸਦੇ ਨਾਲ ਹੀ ਅਜੋਕੇ ਸਿੱਖ ਦਿਸਦੇ ਆਗੂਆਂ ਦੀ ਸੋਚ ਉੱਪਰ ਵੀ ਕਿੰਤੂ ਕਰਦਾ ਹੋਇਆ ਇਨ੍ਹਾਂ ਨੂੰ ਸਿੱਖ ਵਿਰੋਧੀ ਕਰਾਰ ਦਿੰਦਾ ਹੈ;

'ਇਹ ਇਕ ਖੁੱਲ੍ਹੀ ਹੋਈ ਸੱਚਾਈ ਹੈ
ਕਿ ਗ੍ਰੰਥ ਸਾਹਿਬ ਇਕ ਦਲਿਤ ਗ੍ਰੰਥ ਹੈ
ਜੋ ਤਮਾਮ ਪਾਖੰਡ ਦੇ ਖ਼ਿਲਾਫ
ਬਗਾਵਤ ਕਰਦਾ ਹੈ..
ਪਰ ਇਹ ਦੰਭੀ ਦੁਸ਼ਮਣ
ਸਿੱਖੀ ਦੇ ਨੇਤਾ ਬਣ ਗਏ ਨੇ
ਇਹ ਨਹੀਂ ਚਾਹੁੰਦੇ ਜਾਤਪਾਤ ਖਤਮ ਹੋਵੇ
ਜਾਂ ਸਾਂਝੀਵਾਲਤਾ ਦਾ ਕੋਈ ਸੰਕਲਪ ਹੋਵੇ
.. .. ..
ਇੰਝ ਇਹ ਸਿੱਖਾਂ 'ਚ ਮਿਲ ਕੇ
ਸਿੱਖੀ ਦਾ ਗਲ ਘੁੱਟਦੇ ਹਨ'
(ਪੰਨਾ 105)

ਦਿਨੋ ਦਿਨ ਸਿਮਟਦੀ ਜਾ ਰਹੀ ਜ਼ਮੀਨ ਅਤੇ ਮਰਦੀ-ਖੁਰਦੀ ਜਾ ਰਹੀ ਛੋਟੀ ਕਿਸਾਨੀ ਵੀ ਦਿਲ ਦੇ ਚਿੰਤਨ ਦਾ ਵਿਸ਼ਾ ਬਣਦੇ ਹਨ ਜਿਸ ਤਹਿਤ ਉਹ ਸਭ ਲਈ ਜ਼ਮੀਨ ਦਾ ਸੁਪਨਾ ਸਾਕਾਰ ਕਰਨ ਦੀ ਗੱਲ ਕਰਦਾ ਹੈ;

'ਛੋਟੀ ਕਿਸਾਨੀ ਦਾ ਧੰਦਾ ਰੁਜ਼ਗਾਰ
ਦਬ ਕੇ ਰਹਿ ਗਿਆ
ਜ਼ਮੀਨ ਥੋੜ੍ਹੇ ਹੱਥਾਂ 'ਚ ਆ ਗਈ ਹੈ'
(ਪੰਨਾ 110)

'ਆਜ਼ਾਦੀ ਨੂੰ
ਆਜ਼ਾਦੀ ਦੇ ਅਰਥ
ਦੇਣ ਲਈ
ਜ਼ਰੂਰੀ ਨੇ
ਜ਼ਮੀਨੀ ਸੁਧਾਰ
ਤਾਂ ਕਿ ਹੋ ਸਕੇ
ਭੂਮੀ ਸਭ ਲਈ
ਸੁਪਨਾ ਸਾਕਾਰ'
(ਪੰਨਾ 93)

ਪੰਜਾਬ ਦੀ ਸਥਾਨਿਕਤਾ ਨੂੰ ਬਾਹਰੋਂ ਆ ਰਹੇ ਮਜ਼ਦੂਰਾਂ ਕਾਰਨ ਪੈਦਾ ਹੋ ਰਹੇ ਖਤਰਿਆਂ ਦੀ ਨਿਸ਼ਾਨਦੇਹੀ ਕਰਦਾ ਹੋਇਆ ਦਿਲ ਇਸਨੂੰ ਵੀ ਕਿਸੇ ਸਾਜ਼ਿਸ਼ ਦਾ ਹਿੱਸਾ ਗਰਦਾਨਦਾ ਹੈ। ਕਈ ਥਾਵਾਂ 'ਤੇ ਭਾਵੇਂ ਕੁਝ ਲੋਕਾਂ ਨੂੰ ਇਹ ਅਤਿਕਥਨੀਆਂ ਹੀ ਲੱਗਣ ਪਰ ਦਿਲ ਇਸ 'ਤੇ ਸਖਤ ਟਿੱਪਣੀਆਂ ਕਰਦਾ ਹੋਇਆ ਇਸ ਨੂੰ ਨਸਲਕੁਸ਼ੀ ਦੱਸਦਾ ਹੈ। ਸਥਾਨਕ ਲੋਕਾਂ ਨੂੰ ਕੰਮ ਤੋਂ ਵਾਂਝੇ ਕੀਤੇ ਜਾਣ ਦੀ ਤਸਦੀਕ ਕਰਦਾ ਹੋਇਆ ਉਹ ਲਿਖਦਾ ਹੈ;

'ਪੰਜਾਬ 'ਚ ਹਮੇਸ਼ਾ ਹੀ ਸਥਾਨਕ ਲੋਕ
ਕੰਮ ਸੰਭਾਲਦੇ ਰਹੇ ਨੇ
ਪਰ ਹੁਣ ਉਨ੍ਹਾਂ ਨੂੰ ਪੈਰ ਧਰਨ ਦੀ ਥਾਂ ਨਹੀਂ
ਡੱਕਾ ਚੁੱਕਣ ਦੀ ਇਜਾਜ਼ਤ ਨਹੀਂ'
(ਪੰਨਾ 66)

'ਸਥਾਨਕ ਮਜ਼ਦੂਰ ਹੀ ਮਰਦੇ ਨੇ'
(ਪੰਨਾ 88)

'ਪੰਜਾਬ ਚ ਧਾਨਾਂ ਦੀ ਖੇਤੀ
ਹੁੰਦੀ ਹੈ (ਸਿਰਫ਼ ਇਕ ਸਾਜ਼ਿਸ਼ ਵਜੋਂ)
ਭਈਏ ਇਸ ਖੇਤੀ ਦੇ ਮਾਹਿਰ ਹਨ
ਏਥੋਂ ਦੇ ਅਸਲ ਵਸਨੀਕ ਵਿਹਲੇ ਹੋ ਗਏ ਨੇ
ਬਿਜਲੀ ਮੁਫ਼ਤ ਹੈ
ਧਾਨਾਂ ਦੀ ਸਿੰਜਾਈ ਨੇ
ਪਾਣੀ ਸੁਕਾ ਦਿੱਤਾ ਹੈ
ਪਾਣੀ ਦਾ ਪੱਧਰ ਦਿਨੋਂ ਦਿਨ ਥੱਲੇ ਜਾ ਰਿਹਾ ਹੈ'
(ਪੰਨਾ 109)

ਪਰਵਾਸੀ ਮਜ਼ਦੂਰਾਂ ਦਾ ਹੜ੍ਹ ਸਿਰਫ ਪੰਜਾਬ ਦੀ ਸਥਾਨਕ ਕਿਰਤ ਲਈ ਹੀ ਨਹੀਂ ਸਗੋਂ ਪੰਜਾਬ ਦੇ ਸਮਾਜਿਕ-ਰਾਜਨੀਤਕ-ਆਰਥਿਕ ਤਾਣੇ ਬਾਣੇ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਿਹਾ ਹੈ। ਇਸ ਆਮਦ ਦੇ ਸਮੁੱਚੇ ਦੁਸ਼ਪ੍ਰਭਾਵਾਂ ਨੂੰ ਦਿਲ ਸਿਰਫ ਦੋ ਸਤਰਾਂ ਵਿਚ ਸਮੇਟਦਾ ਹੈ ਜੋ ਪੂਰੀ ਤ੍ਰਾਸਦੀ ਦਾ ਚਿੱਤਰ ਸਾਡੀਆਂ ਅੱਖਾਂ ਸਾਹਮਣੇ ਸਾਕਾਰ ਕਰ ਦਿੰਦੀਆਂ ਹਨ;

'ਕਿ ਕਿੰਨਾ ਖ਼ੂਬਸੂਰਤ ਹੁੰਦਾ ਸੀ ਪੰਜਾਬ
ਏਹਨਾਂ ਨੇ ਏਹਦਾ ਕੀ ਬਣਾ ਦਿੱਤਾ ?'
(ਪੰਨਾ 65)

ਸਮੁੱਚੇ ਹਾਲਾਤ ਨੂੰ ਉਹ ਇਕ ਸਤਰ ਰਾਹੀਂ ਪੇਸ਼ ਕਰਦਾ ਹੈ। ਇਹੀ ਮਸਲਾ ਬੜੇ ਵਿਸਥਾਰ ਨਾਲ ਪੰਜਾਬੀ ਨਾਵਲ ਦੇ ਬਾਬਾ ਬੋਹੜ ਸ. ਜਸਵੰਤ ਸਿੰਘ ਕੰਵਲ ਪਿਛਲੇ ਕਈ ਵਰ੍ਹਿਆਂ ਤੋਂ ਉਠਾ ਰਹੇ ਹਨ। ਪਰ ਉਨ੍ਹਾਂ 'ਤੇ ਤੰਗਦਿਲੀ ਵਾਲੀ ਸੋਚ ਦੇ ਇਲਜ਼ਾਮ ਹਮੇਸ਼ਾ ਹੀ ਕੁਝ ਧਿਰਾਂ ਵਲੋਂ ਲਾਏ ਜਾਂਦੇ ਹਨ। ਪਰ ਇੰਨ ਬਿੰਨ ਇਹੀ ਗੱਲ ਲਾਲ ਸਿੰਘ ਦਿਲ ਵੀ ਕਹਿ ਰਿਹਾ ਹੈ ਜਿਹੜੀ ਕਿ ਸਮੁੱਚੇ ਪੰਜਾਬੀ ਹਿਤੈਸ਼ੀਆਂ ਦੇ ਫਿਕਰ ਦਾ ਹਿੱਸਾ ਬਣਨੀ ਚਾਹੀਦੀ ਹੈ;

'ਇਹ ਕੌਮ ਦੀ
ਨਸਲਕੁਸ਼ੀ ਦਾ ਕਿੱਸਾ ਹੈ'
(ਪੰਨਾ 67)

ਆਮ ਮਿਹਨਤਕਸ਼ ਲੋਕਾਂ ਦੀ ਕਦੇ ਨਾ ਬਦਲ ਸਕਣ ਵਾਲੀ ਹੋਣੀ ਦੀ ਵਿਆਖਿਆ ਵੀ ਦਿਲ ਬੜੇ ਹੀ ਸਹਿਜ ਅੰਦਾਜ਼ ਵਿਚ ਕਰ ਜਾਂਦਾ ਹੈ;

'ਅੰਤ 'ਚ ਕੀਤੀ ਜਾਵੇ
ਉਨ੍ਹਾਂ ਬਾਈਕਾਟ ਭੁਗਤਦੇ ਲੋਕਾਂ ਦੀ ਗੱਲ
ਜੋ ਮਿਹਨਤ ਮਜ਼ਦੂਰੀ ਕਰਦੇ
ਜੇ ਏਨਾ ਕਮਾ ਲੈਣਗੇ
ਤਾਂ ਜਿਆਦਾ ਤੋਂ ਜਿਆਦਾ
ਇਕ ਮਕਾਨ ਬਣਾ ਲੈਣਗੇ
ਜੇ ਹੋਰ ਕਮਾ ਲੈਣਗੇ
ਤਾਂ ਪਲਸਤਰ ਕਰਵਾ ਲੈਣਗੇ
ਜੇ ਹੋਰ ਕਮਾ ਲੈਣਗੇ ਤਾਂ
ਟੀ.ਵੀ. ਲੈ ਲੈਣਗੇ
ਹੋਰ ਕਿਹੜਾ ਉਨ੍ਹਾਂ ਨੇ ਭੱਠਾ ਲੈ ਲੈਣਾ ਹੈ
ਜਾਂ ਕੋਈ ਦੁਕਾਨ ਕਰ ਲੈਣੀ ਹੈ'
(ਪੰਨਾ 122)

ਇਸ ਦੇ ਨਾਲ ਹੀ ਇਸ ਲੰਮੀ ਕਵਿਤਾ ਦੀ 5 ਸਫਿਆਂ ਦੀ ਅੰਤਿਕਾ ਵਿਚ ਵੀ ਦਿਲ ਕਿਰਤੀ ਵਰਗ ਦੀ ਸਮੱਸਿਆ ਨੂੰ ਮੁਖਾਤਬ ਹੁੰਦਾ ਹੈ। ਉਨ੍ਹਾਂ ਨੂੰ ਮਾਲਕ ਵਲੋਂ ਕਰਜ਼ਾਈ ਕਰਨ, ਆਪਣੀ ਗੁਲਾਮੀ ਦੀ ਗੰਢ ਪੀਡੀ ਕਰਨ ਤੇ ਗਰੀਬੀ ਦੇ ਕੁਚੱਕਰ 'ਚੋਂ ਕਦੇ ਨਾ ਨਿਕਲ ਸਕਣ ਦੀ ਹਕੀਕਤ ਇਸ ਅੰਤਿਕਾ ਵਿਚ ਉਸਨੇ ਪੂਰੇ ਵਿਸਥਾਰ ਨਾਲ ਬਿਆਨ ਕੀਤੀ ਹੈ;

'ਮੁਫਤ ਦੇ ਭਾਅ ਮਿਲੇ ਨੌਕਰਾਂ ਨੂੰ
ਉਨ੍ਹਾਂ ਦੇ ਮਾਲਕ ਉੱਠਣ ਨਹੀਂ ਦਿੰਦੇ
ਮਕਾਨ ਬਣਾਉਣ ਦੀ ਸਲਾਹ ਦਿੰਦੇ ਨੇ
ਤੇ ਕਰਜ਼ਾਈ ਕਰਦੇ ਨੇ
.. .. ..
ਅਜੀਬ ਨੇ ਨਰਕ ਸਿਰਜਣ ਵਾਲੇ
ਕਹਿੰਦੇ ਨੇ –
ਟੈਲੀਫੂਨ ਲੁਆ ਲੈ
ਫੇਰ ਦੇਖ ਨਜ਼ਾਰਾ
ਉਹ ਟੈਲੀਫੂਨ ਲੁਆ ਲੈਂਦਾ
ਫਾਇਦਾ-ਮਾਲਕਾਂ ਨੂੰ ਹੁੰਦੈ
ਜਦ ਉਹ ਚਾਹੁਣ ਮਜ਼ਦੂਰ ਨੌਕਰ ਨੂੰ ਹਾਜ਼ਰ ਕਰ ਸਕਣ'
(ਪੰਨਾ 124)

'ਮਾਲਕ ਨਹੀਂ ਚਾਹੁੰਦੇ
ਇਨ੍ਹਾਂ ਕੋਲ
ਚਾਰ ਪੈਸੇ ਬਚ ਜਾਣ
ਤੇ ਆਜ਼ਾਦ ਹੋ ਜਾਣ'
(ਪੰਨਾ 125)

'ਬਾਹਰ ਵਾਹਨ ਖੜ੍ਹਾ ਹੈ
ਅੰਦਰ ਭੰਗ ਭੁੱਜਦੀ ਹੈ
ਅੰਦਰ ਟੈਲੀਫੂਨ ਖੜਕਦੈ
ਤੇ ਰੋਟੀ ਲਈ ਡੰਡਾ ਸੋਟਾ ਹੋ ਰਿਹੈ'
(ਪੰਨਾ 125)

'ਕੋਈ ਪੇਟ ਨੂੰ ਗੰਢ ਮਾਰਕੇ
ਬੱਚੇ ਪੜ੍ਹਾ ਲਵੇ
ਤਾਂ ਨੌਕਰੀ ਨਹੀਂ
ਡੰਗਰ ਕੋਈ ਪਾਲ ਨਹੀਂ ਸਕਦਾ'
(ਪੰਨਾ 126)

ਇਹ ਨਹੀਂ ਕਿ ਲਾਲ ਸਿੰਘ ਦਿਲ ਇਸ ਕਵਿਤਾ ਵਿਚ ਸਿਰਫ ਮਸਲੇ ਹੀ ਖੜੇ ਕਰਦਾ ਜਾਂ ਸਵਾਲ ਹੀ ਉਪਜਾਉਂਦਾ ਸਗੋਂ ਕਈ ਥਾਵਾਂ 'ਤੇ ਉਹ ਪਰਿਭਾਸ਼ਾਵਾਂ ਬਣ ਜਾਣ ਵਰਗੇ ਬਿਰਤਾਂਤ ਸਿਰਜਦਾ ਹੈ। ਅਖਾਣ ਵਰਗੀਆਂ ਅਟੱਲ ਸਚਾਈਆਂ ਉਸਦੀ ਕਵਿਤਾ ਵਿਚ ਕਈ ਥਾਵਾਂ 'ਤੇ ਮਿਲਦੀਆਂ ਹਨ ਜਿਵੇਂ;

'ਕਿਸੇ ਜ਼ਾਲਮ ਦੀ ਮੌਤ ਨਾਲ ਹੀ
ਜ਼ੁਲਮ ਦਾ ਅੰਤ ਨਹੀਂ ਹੁੰਦਾ
ਸਿਲਸਿਲਾ ਉਵੇਂ ਦਾ ਉਵੇਂ ਹੈ
ਇਕ ਤੋਂ ਇਕ ਅੱਗੇ'
(ਪੰਨਾ 115)

ਇਸ ਕਵਿਤਾ ਵਿਚ ਦਿਲ ਅਜੋਕੇ ਰਾਜਨੀਤਕ ਤਾਣੇ-ਬਾਣੇ ਦੀ ਅੰਦਰੂਨੀ ਸਚਾਈ ਉਜਾਗਰ

ਬਾਕੀ ਸਫ਼ਾ 29 'ਤੇ


Sir Speedy Tustin
Printers to the Community
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
Receipt Books
Customized with your information and design. 2 part carbonless with numbering and perforation.
Call for Price
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
OPEN 24 HOURS
OPEN HOUSE!
Welcome
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

## ਅਕਾਲੀ ਰਾਜਨੀਤੀ ਦਾ ਬਾਦਲੀ-ਮਾਫੀਨਾਮਾ ਸਿੱਖ ਸੰਗਤ ਨੇ ਮੁੱਢੋਂ ਨਕਾਰਿਆ

ਆਗੂਆਂ ਵਲੋਂ ਆਪਣੇ ਪਿਛਲੇ ਰਾਜਭਾਗ ਦੌਰਾਨ ਜਾਣੇ-ਅਨਜਾਣੇ 'ਚ ਹੋਈਆਂ ਭੁੱਲਾਂ ਦੀ ਖਿਮਾਂ ਯਾਚਨਾ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹਰਿਮੰਦਰ ਸਾਹਿਬ ਪਹੁੰਚੇ। ਪਰ ਸਿੱਖ ਸਿਧਾਤਾਂ, ਪਰੰਪਰਾਵਾਂ ਤੇ ਮਰਿਆਦਾ ਦੇ ਸਨਮੁੱਖ ਬਾਦਲਾਂ ਦੀ ਰਾਜਨੀਤਕ ਡਰਾਮੇਬਾਜ਼ੀ ਦਾ ਇਹ ਐਪੀਸੋਡ ਵੀ ਫਲਾਪ ਹੋ ਕੇ ਰਹਿ ਗਿਆ। ਸਿੱਖ ਸੰਗਤਾਂ ਨੇ ਅਕਾਲੀਆਂ ਦੇ ਇਸ ਰਾਜਨੀਤਿਕ ਦੰਭ ਦੀ ਸਹੀ ਪਹਿਚਾਣ ਕਰਦਿਆਂ 'ਬਾਦਲੀ-ਮਾਫੀਨਾਮੇ' ਨੂੰ ਮੰਨਣ ਤੋਂ ਹੀ ਇਨਕਾਰ ਕਰ ਦਿੱਤਾ ਹੈ। ਪੰਜਾਬ ਵਿਚ ਆਪਣੀ ਦਸ ਸਾਲਾਂ ਦੀ ਸਰਕਾਰ ਦੌਰਾਨ ਹੋਈਆਂ ਗਲਤੀਆਂ ਦੀ ਮੁਆਫੀ ਲਈ ਸ੍ਰੀ ਅਖੰਡ ਪਾਠ ਸਾਹਿਬ ਕਰਵਾਉਣ ਅਤੇ ਸੇਵਾ ਕਰਨ ਦੇ ਲਏ ਗਏ ਫੈਸਲੇ ਤੋਂ ਬਾਅਦ ਸਮੂਹ ਪੰਥਕ ਜਥੇਬੰਦੀਆਂ ਅਤੇ ਸਿੱਖਾਂ ਵਲੋਂ ਸ਼੍ਰੋਮਣੀ ਅਕਾਲੀ ਦਲ(ਬਾਦਲ) ਦੀ ਇਸ ਕਾਰਵਾਈ ਨੂੰ ਇੱਕ ਪਖੰਡ ਦੇ ਤੌਰ 'ਤੇ ਭੰਡਿਆ ਜਾ ਰਿਹਾ ਹੈ। ਖਾਲਸਾ ਪੰਥ ਵਿਚ ਜੇ ਗੁਰੂ ਨੂੰ ਵੀਹ ਵਿਸਵੇ ਮੰਨਿਆ ਗਿਆ ਹੈ ਤਾਂ ਸੰਗਤ ਨੂੰ ਇੱਕੀ ਵਿਸਵੇ ਕਿਹਾ ਗਿਆ ਹੈ। ਇਸ ਕਰਕੇ ਸਿੱਖ ਸੰਗਤ ਦਾ ਫੈਸਲਾ ਹੀ ਆਖਰੀ ਮੰਨਿਆ ਜਾਂਦਾ ਹੈ। ਬਾਦਲਕਿਆਂ ਵੱਲੋਂ ਕੌਮ ਨੂੰ ਗੁੰਮਰਾਹ ਕਰਨ ਲਈ ਪਸ਼ਚਾਤਾਪ ਦੀ ਨੌਟੰਕੀ ਖੇਡੀ ਗਈ ਸੀ। ਪਸ਼ਚਾਤਾਪ ਦੇ ਨਾਮ ਤੇ ਭਾਂਡੇ ਮਾਂਜੇ ਜਾ ਰਹੇ ਸਨ। ਝਾੜੂ ਫੇਰਿਆ ਜਾ ਰਿਹਾ ਸੀ, ਸੰਗਤ ਦੇ ਜੋੜੇ ਸਾਫ਼ ਕੀਤੇ ਜਾ ਰਹੇ ਸਨ, ਲੰਗਰਾਂ ਦੀ ਸੇਵਾ ਕੀਤੀ ਜਾ ਰਹੀ ਸੀ। ਜੇ ਇਹ ਸੇਵਾ ਸ਼ਰਧਾ-ਵੱਸ ਕੀਤੀ ਜਾਂਦੀ ਤਾਂ ਸ਼ਾਇਦ ਸੰਗਤਾਂ ਦੇ ਹਿਰਦਿਆਂ ਵਿਚ ਵੱਸ ਕੇ ਗੁਰੂ ਮਾਫ ਕਰ ਦਿੰਦਾ ਪਰ ਜਦੋਂ ਇਹ ਸੇਵਾ ਗੁਰੂ ਤੇ ਕੌਮ ਦੋਵਾਂ ਨੂੰ ਧੋਖਾ ਦੇਣ ਲਈ ਹੋਵੇ ਤਾਂ ਫਿਟ ਲਾਹਨਤਾਂ ਹੀ ਮਿਲਣੀਆਂ ਸਨ।

ਤਾਜ਼ਾ ਹਾਲਾਤ ਵਿਚ ਬਾਦਲਕੇ ਸਿੱਖ ਕੌਮ ਵੱਲੋਂ ਪੂਰੀ ਤਰ੍ਹਾਂ ਨਕਾਰੇ ਜਾ ਚੁੱਕੇ ਹਨ। ਉਨ੍ਹਾਂ ਵੱਲੋਂ ਕੌਮ ਨੂੰ ਬੇਵਕੂਫ ਬਣਾ ਕੇ ਰਿਝਾਉਣ ਲਈ, ਆਪਣੇ-ਆਪ ਨੂੰ ਸੱਚੇ ਸਿੱਖ ਸਾਬਤ ਕਰਨ ਲਈ ਸੇਵਾ ਦੀ ਨੌਟੰਕੀ ਖੇਡੀ ਗਈ ਸੀ। ਸੇਵਾ ਤੋਂ ਮਹਾਨ ਸਿੱਖੀ 'ਚ ਹੋਰ ਕੁਝ ਨਹੀਂ, ਪ੍ਰੰਤੂ ਇਹ ਭਾਗਾਂ ਨਾਲ ਮਿਲਦੀ ਹੈ, ਡਰਾਮਿਆਂ ਨਾਲ ਨਹੀਂ।

**ਅਸੀਂ ਕਿਹੜਾ ਗੁਰੂ ਸਾਹਿਬ ਨੂੰ ਲਿਸਟ ਦੇਣੀ ਹੈ ਕਿ ਆਹ ਮਾਫ਼ੀ ਮੰਗਣੀ ਐ : ਵੱਡਾ ਬਾਦਲ**

ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਅਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਪਣੀ ਸੱਤਾ ਦੇ 10 ਸਾਲਾਂ ਦੇ ਰਾਜ ਦੌਰਾਨ ਜਾਨੇ ਅਨਜਾਣੇ ਵਿਚ ਹੋਈਆਂ ਗਲਤੀਆਂ ਲਈ ਦਰਬਾਰ ਸਾਹਿਬ ਵਿਖੇ ਪ੍ਰੈਸ ਕਾਨਫਰੰਸ ਕਰਦਿਆਂ ਸਿੱਖ ਸੰਗਤਾਂ ਕੋਲੋਂ ਮੁਆਫੀ ਮੰਗੀ ਅਤੇ ਗਿਣੇ ਚੁਣੇ ਸ਼ਬਦਾਂ ਵਿਚ ਆਪਣੀ ਗੱਲ ਰੱਖੀ। ਵਾਰ-ਵਾਰ ਮੀਡੀਆ ਵਲੋਂ ਇਹ ਸਵਾਲ ਪੁੱਛਣ ਕਿ ਕਿਸ ਗੱਲ ਦੀ ਮਾਫ਼ੀ ਮੰਗ ਰਹੇ ਹੋ, ਵੱਡੇ ਬਾਦਲ ਖਿਝ ਗਏ ਤੇ ਉਨ੍ਹਾਂ ਅੱਗੋਂ ਮੀਡੀਆ ਨੂੰ ਹੀ ਸੁਆਲ ਕਰ ਦਿੱਤਾ ਕਿ ਅਸੀਂ ਕਿਹੜਾ ਗੁਰੂ ਸਾਹਿਬ ਨੂੰ ਲਿਸਟਾਂ ਦੇਣੀਆਂ ਨੇ ਕਿ ਕਿਹੜੀ ਕਿਹੜੀ ਭੁੱਲ ਚੁੱਕ ਲਈ ਮਾਫ਼ੀ ਮੰਗ ਰਹੇ ਹਾਂ।

**ਅਸਤੀਫਾ ਮੰਗਣ 'ਤੇ ਰੋ ਪਿਆ ਸੀ ਸੁਖਬੀਰ :** ਸੀਨੀਅਰ ਟਕਸਾਲੀ ਆਗੂ ਰਣਜੀਤ ਸਿੰਘ ਬ੍ਰਹਮਪੁਰਾ ਨੇ ਕਿਹਾ ਕਿ ਬਾਦਲ ਪਰਿਵਾਰ ਨੇ ਅਕਾਲੀ ਦਲ ਨੂੰ ਬੜੇ ਮਾੜੇ ਹਾਲਾਤ ਉਤੇ ਲਿਆ ਖੜ੍ਹਾ ਕੀਤਾ ਹੈ। ਉਨ੍ਹਾਂ ਕਿਹਾ ਕਿ ਉਹ ਹਮੇਸ਼ਾ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਦੀਆਂ ਆਪਹੁਦਰੀਆਂ ਦਾ ਵਿਰੋਧ ਕਰਦੇ ਰਹੇ ਹਨ। ਹਰ ਮੀਟਿੰਗ ਵਿਚ ਉਹ ਇਸ ਆਗੂ ਨੂੰ ਅਜਿਹੇ ਮਾੜੇ ਕੰਮਾਂ ਤੋਂ ਵਰਜਦੇ ਸਨ। ਉਨ੍ਹਾਂ ਕਿਹਾ ਕਿ ਜਦੋਂ ਸੁਖਬੀਰ ਤੋਂ ਚੋਣਾਂ ਹਾਰਨ ਤੋਂ ਬਾਅਦ ਅਸਤੀਫ਼ਾ ਮੰਗਿਆ ਸੀ ਤਾਂ ਉਹ ਮੀਟਿੰਗ ਵਿਚ ਰੋਣ ਲੱਗ ਗਿਆ ਸੀ। ਉਨ੍ਹਾਂ ਕਿਹਾ ਕਿ ਬਾਦਲਾਂ ਦਾ ਜਿਹੜਾ ਹਾਲ ਹੁਣ ਹੋਇਆ ਹੈ, ਇਹ ਕਦੇ ਨਹੀਂ ਹੋਇਆ। ਲੋਕ ਜਿਹੜੀ ਕੁੱਤੇ ਖਾਣੀ ਬਾਦਲਾਂ ਦੀ ਹੁਣ ਕਰ ਰਹੇ ਹਨ, ਇਹ ਕਦੇ ਨਹੀਂ ਹੋਈ। ਉਨ੍ਹਾਂ ਕਿ ਕਿ ਬਾਦਲਾਂ ਨੇ ਸਿੱਖ ਪੰਥ, ਅਕਾਲ ਤਖ਼ਤ ਸਾਹਿਬ ਦੀ ਤੌਹੀਨ ਕੀਤੀ ਹੈ। ਅਕਾਲੀ ਦਲ ਵਿਚ ਚੰਗੇ ਆਗੂਆਂ ਦੀ ਕੋਈ ਕਮੀ ਨਹੀਂ ਹੈ ਪਰ ਬਾਦਲ ਟੱਬਰ ਲਾਂਭੇ ਤਾਂ ਹੋਵੇ। ਉਨ੍ਹਾਂ ਕਿਹਾ ਕਿ 16 ਦਸੰਬਰ ਨੂੰ ਅਕਾਲ ਤਖ਼ਤ ਸਾਹਿਬ 'ਤੇ ਮੱਥਾ ਟੇਕ ਕੇ ਪਾਰਟੀ ਦਾ ਐਲਾਨ ਕਰਨਗੇ। ਪਾਰਟੀ ਦਾ ਨਾਂਅ 'ਸ਼੍ਰੋਮਣੀ ਅਕਾਲੀ ਦਲ' ਦੇ ਨਾਂਅ ਉਤੇ ਹੋਵੇਗਾ।

**ਪੰਜਾਬ ਦੀ ਸਿਆਸਤ ਤੋਂ ਕਿਨਾਰਾ ਕਰ ਲੈਣਾ ਹੀ ਬਾਦਲਾਂ ਦਾ ਅਸਲੀ ਪਛਤਾਵਾ ਹੋਵੇਗਾ-ਪੰਥਕ ਤਾਲਮੇਲ ਸੰਗਠਨ :** ਸ਼੍ਰੋਮਣੀ ਅਕਾਲੀ ਦਲ(ਬਾਦਲ) ਦੀ ਕੋਰ ਕਮੇਟੀ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਜਾ ਕੇ ਗਲਤੀਆਂ ਦੀ ਮੁਆਫੀ ਲਈ ਸ੍ਰੀ ਅਖੰਡ ਪਾਠ ਸਾਹਿਬ ਕਰਵਾਉਣ ਅਤੇ ਸੇਵਾ ਕਰਨ ਦੇ ਲਏ ਗਏ ਫੈਸਲੇ ਨੂੰ ਸਮੂਹ ਪੰਥਕ ਜਥੇਬੰਦੀਆਂ ਅਤੇ ਸਿੱਖਾਂ ਵਲੋਂ ਮੁੱਢੋਂ ਨਕਾਰ ਦਿੱਤਾ ਗਿਆ ਹੈ। ਬਿਜਲ ਸੱਥਾਂ ਉੱਤੇ ਇਹ ਮੰਗ ਕੀਤੀ ਜਾ ਰਹੀ ਹੈ ਕਿ ਬਾਦਲ ਸੰਨ 1978 ਤੋਂ ਲੈ ਕੇ ਹੁਣ ਤੱਕ ਕੀਤੀਆਂ ਪੰਥ ਵਿਰੋਧੀ ਕਾਰਵਾਈਆਂ ਨੂੰ ਜਨਤਕ ਕਰਕੇ ਦੱਸੇ ਕੇ ਉਹ ਕਿਹੜੀਆਂ ਗਲਤੀਆਂ ਲਈ ਮੁਆਫੀ ਮੰਗ ਰਿਹਾ ਹੈ।

ਤਖਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਅਤੇ ਪੰਥਕ ਤਾਲਮੇਲ ਸੰਗਠਨ ਦੇ ਕਨਵੀਨਰ ਗਿਆਨੀ ਕੇਵਲ ਸਿੰਘ ਅਤੇ ਕੋਰ ਕਮੇਟੀ ਨੇ ਕਿਹਾ ਕਿ 'ਬਾਦਲ ਦਲ' ਦਾ ਸਭ ਤੋਂ ਵੱਡਾ ਗੁਨਾਹ ਹੈ ਕਿ ਉਹ ਆਪਣੇ ਆਪ ਨੂੰ 'ਸ਼੍ਰੋਮਣੀ ਅਕਾਲੀ ਦਲ' ਅਖਵਾਉਂਦਾ ਹੈ ਅਤੇ ਸ਼ਹੀਦਾਂ ਦੇ ਖ਼ੂਨ ਵਿਚੋਂ ਪੈਦਾ ਹੋਈਆਂ ਪੰਥਕ ਸੰਸਥਾਵਾਂ ਦਾ ਨਿਰਾਦਰ ਕਰ ਰਿਹਾ ਹੈ। ਨਿੱਜੀ ਪਰਿਵਾਰ ਜਾਂ ਕਿਸੇ ਕੰਪਨੀ ਕੋਲ ਆਪਣੇ ਆਪ ਨੂੰ ਕੌਮ ਦਾ ਨੁਮਾਇੰਦਾ ਕਹਾਉਣ ਦਾ ਕੋਈ ਹੱਕ ਨਹੀਂ ਹੈ। ਇਸ ਬਾਦਲ ਦਲ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਉਹ ਸ਼ਹੀਦਾਂ ਦੀ ਖ਼ੂਨ ਨਾਲ ਸਿੰਜੀ ਕਿਸੇ ਜਥੇਬੰਦੀ ਦਾ ਬਦਲ ਨਹੀਂ ਹੋ ਸਕਦੇ। ਅਖੌਤੀ ਦਲ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪੁੱਜ ਕੇ ਕੀਤਾ ਗਿਆ ਅਣ-ਪਛਾਤੇ ਗੁਨਾਹਾਂ ਦਾ ਪਸ਼ਚਾਤਾਪ ਸਿਆਸੀ ਸ਼ਾਖ ਬਹਾਲ ਕਰਨ ਲਈ ਸ਼ਾਤਰ ਸਿਲਸਿਲਾ ਹੈ ਜੋ ਕਿ ਸਿੱਖ ਧਰਮ ਦੀਆਂ ਸੰਸਥਾਵਾਂ ਅਤੇ ਪ੍ਰੰਪਰਾਵਾਂ ਦੇ ਘਾਣ ਦਾ ਹਿੱਸਾ ਹੀ ਹੋ ਨਿੱਬੜੇਗਾ।

ਪੰਥਕ ਤਾਲਮੇਲ ਸੰਗਠਨ ਦੇ ਬੁਲਾਰੇ ਦਾ ਕਹਿਣਾ ਹੈ ਕਿ ਜੇ ਦਲ਼-ਦਲ਼ ਵਿਚ ਧਸਿਆ ਇਹ ਦਲ ਕੋਈ ਇਨਸਾਨੀਅਤ ਦਾ ਅੰਸ਼ ਰੱਖਦਾ ਹੈ ਤਾਂ ਰੱਬੀ ਤਖਤ 'ਤੇ ਆਪਣੇ ਗੁਨਾਹਾਂ ਦੀ ਸੂਚੀ ਸੌਂਪੇ ਅਤੇ ਆਪਣੇ ਸਾਥੀ ਸੌਦਾ ਸਾਧ ਨੂੰ ਵੀ ਆਪਣੇ ਨਾਲ ਖੜ੍ਹਾ ਕਰੇ।

**ਬਾਦਲਾਂ ਨਾਲ ਉਨ੍ਹਾਂ ਦੇ ਯਾਰ ਸਿਰਸੇਵਾਲੇ ਵਰਗੀ ਹੀ ਹੋਈ :** ਮਾਫੀ ਲਈ ਮੁੱਢਲੀ ਸ਼ਰਤ ਗਲਤੀ ਦਾ ਅਹਿਸਾਸ ਕਰਨਾ, ਉਸ ਨੂੰ ਮੰਨਣਾ ਤੇ ਅੱਗੇ ਲਈ ਤੌਬਾ ਕਰਨਾ ਹੁੰਦਾ ਹੈ। ਸੌਦਾ ਸਾਧ ਨੇ ਵੀ ਜਦੋਂ 2007 ਵਿਚ ਮਾਫੀ ਨਾਮਾ ਭੇਜਿਆ ਸੀ ਤਾਂ ਉਹ ਇਸੇ ਕਾਰਨ ਪੰਥ ਨੇ ਪ੍ਰਵਾਨ ਨਹੀਂ ਸੀ ਕੀਤਾ ਕਿਉਂਕਿ ਉਸ ਕਥਿਤ ਮਾਫੀਨਾਮੇ ਦੀ ਸ਼ਬਦਾਵਲੀ ਤੋਂ ਸਾਫ ਸੀ ਕਿ ਡੇਰਾ ਮੁਖੀ ਆਪਣੇ ਗੁਨਾਹ ਦੇ ਅਹਿਸਾਸ ਦਾ ਪ੍ਰਗਟਾਵਾ ਨਹੀਂ ਕਰ ਰਿਹਾ ਤੇ ਨਾ ਹੀ ਗਲਤੀ ਮੰਨ ਰਿਹਾ ਹੈ। ਸਗੋਂ ਉਹ ਇਸ ਤਰ੍ਹਾਂ ਨਾਲ ਅਜਿਹਾ ਮਾਫੀਨਾਮਾ ਭੇਜ ਕੇ ਸਿੱਖਾਂ ਦੇ ਜਖਮਾਂ ਤੇ ਲੂਣ ਭੁੱਕ ਰਿਹਾ ਸੀ। ਜਿਸ ਸਿਆਸੀ ਹਾਲਤ ਵਿਚ ਤੇ ਜਿਸ ਢੰਗ ਨਾਲ ਬਾਦਲਕੇ ਮਾਫੀ ਮੰਗਣ ਜਾ ਰਹੇ ਸਨ ਉਹ ਡੇਰਾ ਮੁਖੀ ਵੱਲੋਂ ਭੇਜੇ ਮਾਫੀਨਾਮਿਆਂ ਦੇ ਹਾਲਾਤ ਤੇ ਢੰਗ ਤੋਂ ਵੱਖਰੇ ਨਹੀਂ ਸਨ। ਅਜਿਹੇ ਮਾਫੀਨਾਮਿਆਂ ਦੇ ਨਾ ਉਦੋਂ ਪੰਥ ਲਈ ਕੋਈ ਮਾਇਨੇ ਸਨ ਤੇ ਨਾ ਹੁਣ।

ਬਾਦਲ ਦਲ ਦੇ ਆਗੂਆਂ ਨੇ ਕਿਹਾ ਹੈ ਕਿ ਉਹ ਬੀਤੇ ਸਮੇਂ ਵਿਚ ਉਹਨਾਂ ਕੋਲੋਂ ਜਾਣੇ-ਅਣਜਾਣੇ ਵਿਚ ਹੋਈਆਂ ਗਲਤੀਆਂ ਲਈ ਅਕਾਤ ਤਖਤ ਸਾਹਿਬ ਵਿਖੇ ਮਾਫੀ ਮੰਗ ਕੇ ਪਸ਼ਚਾਤਾਪ ਕਰ ਰਹੇ ਹਨ। ਸੁਖਬੀਰ ਬਾਦਲ ਵਲੋਂ ਇਸ ਮੌਕੇ ਦਾਹੜੀ ਖੋਲ੍ਹ ਕੇ ਆਉਣਾ ਸ਼ਾਇਦ ਇਸ ਐਲਾਨ ਨੂੰ ਸੰਜੀਦਾ ਕਦਮ ਦਰਸਾਉਣ ਦੀ ਕੋਸ਼ਿਸ਼ ਹੋਵੇ ਕਿਉਂਕਿ ਆਮ ਤੌਰ 'ਤੇ ਸੁਖਬੀਰ ਬਾਦਲ ਦਾਹੜੀ ਬੰਨ੍ਹ ਕੇ ਰੱਖਦਾ ਹੈ।

ਗੁਨਾਹਾਂ ਦੀ ਮਾਫੀ ਲਈ ਇੱਕ ਹੋਰ ਗੁਨਾਹ : ਸਿੱਖ ਕੌਮ ਦੇ ਇਤਿਹਾਸ 'ਚ ਅੱਜ ਤੱਕ ਕਿਸੇ ਵਿਅਕਤੀ ਵਿਸ਼ੇਸ਼ ਦੇ ਗੁਨਾਹ ਲਈ, ਪਾਪ ਲਈ, ਜਮਾਤ ਜ਼ਿੰਮੇਵਾਰ ਨਹੀ ਬਣੀ, ਸੰਸਥਾ ਗੁਨਾਹਗਾਰ ਨਹੀਂ ਬਣੀ ਪ੍ਰੰਤੂ ਇਹ ਪਹਿਲੀ ਵਾਰ ਹੈ ਕਿ ਬਾਦਲ ਪਰਿਵਾਰ ਦੇ ਗੁਨਾਹਾਂ ਲਈ ਸਾਰਾ ਅਕਾਲੀ ਦਲ ਅਤੇ ਸਾਰੀ ਸ਼੍ਰੋਮਣੀ ਕਮੇਟੀ ਗੁਨਾਹਗਾਰਾਂ ਦੀ ਲਾਈਨ 'ਚ ਖੜ੍ਹੀ ਕਰ ਦਿੱਤੀ ਗਈ ਹੈ। ਜੇ ਗੁਨਾਹ ਬਾਦਲਕਿਆਂ ਦੇ ਹਨ ਤਾਂ ਬਾਦਲ ਪਰਿਵਾਰ ਨੂੰ ਖ਼ੁਦ ਉਨ੍ਹਾਂ ਗੁਨਾਹਾਂ ਨੂੰ ਸਵੀਕਾਰ ਕਰਕੇ, ਪਛਤਾਵਾ ਕਰਨਾ ਤੇ ਭੁੱਲ ਬਖ਼ਸ਼ਾਉਣੀ ਚਾਹੀਦੀ ਹੈ। ਸਾਰੀ ਜਥੇਬੰਦੀ ਨੂੰ ਗੁਨਾਹਗਾਰਾਂ ਦੀ ਕਤਾਰ 'ਚ ਖੜ੍ਹਾ ਕਰਕੇ ਇਕ ਹੋਰ ਗੁਨਾਹ ਕੀਤਾ ਜਾ ਰਿਹਾ ਹੈ।

ਬਾਦਲੀ-ਮਾਫੀਨਾਮੇ ਖਿਲਾਫ ਰੋਸ ਵਿਖਾਵਾ : ਸਿੱਖ ਸਦਭਾਵਨਾ ਦਲ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਸ੍ਰੀ ਅਕਾਲ ਤਖਤ ਦੇ ਸਕੱਤਰੇਤ ਦੇ ਨੇੜੇ ਸ਼ਾਂਤਮਈ ਢੰਗ ਨਾਲ ਬਾਦਲਾਂ ਖ਼ਿਲਾਫ਼ ਰੋਸ ਵਿਖਾਵਾ ਕੀਤਾ ਗਿਆ ਅਤੇ ਸ੍ਰੀ ਅਕਾਲ ਤਖ਼ਤ ਤੋਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਦਿੱਤਾ ਗਿਆ ਸਨਮਾਨ 'ਫਖਰੇ ਕੌਮ' ਵਾਪਸ ਲੈਣ ਦੀ ਮੰਗ ਕੀਤੀ। ਇਹ ਰੋਸ ਵਿਖਾਵਾ ਉਸ ਵੇਲੇ ਕੀਤਾ ਗਿਆ ਜਦੋਂ ਇਥੇ ਗੁਰਦੁਆਰਾ ਸ਼ਹੀਦ ਬਾਬਾ ਗੁਰਬਖਸ਼ ਸਿੰਘ ਵਿਖੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਖਿਮਾ ਯਾਚਨਾ ਵਾਸਤੇ ਰੱਖੇ ਗਏ ਅਖੰਡ ਪਾਠ ਦਾ ਭੋਗ ਪੈ ਰਿਹਾ ਸੀ।

## ਬਾਦਲ 1978 ਦੇ ਨਿਰੰਕਾਰੀ ਕਾਂਡ ਤੋਂ ਲੈ ਕੇ ਹੁਣ ਤੱਕ ਦੇ ਗੁਨਾਹਾਂ ਨੂੰ ਜਨਤਕ ਤੌਰ 'ਤੇ ਕਬੂਲ ਕਰੇ : ਪੰਜਾਬ ਫੋਰਮ

ਦੇ ਦੋਸ਼ਾਂ ਅਧੀਨ ਡੇਰਾ ਮੁਖੀ ਵਿਰੁੱਧ ਬਠਿੰਡਾ ਸਿਟੀ ਥਾਣੇ ਵਿਚ ਦਰਜ ਹੋਏ ਮੁਕੱਦਮੇ ਨੂੰ ਅਦਾਲਤ ਵਿਚੋਂ ਖਾਰਜ ਕਰਵਾਇਆ। ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਬੇਅਦਬੀ ਦੀਆਂ ਘਟਨਾਵਾਂ ਅਤੇ ਇਸ ਮੌਕੇ ਹੋਏ ਗੋਲੀ ਕਾਂਡਾਂ ਲਈ ਦੋਵੇਂ ਬਾਦਲਾਂ ਨੂੰ ਦੋਸ਼ੀਆਂ ਵਾਲੇ ਕਟਹਿਰੇ 'ਚ ਲਿਆਂਦਾ ਹੈ।

ਸੰਨ 2015 'ਚ ਬੇਅਦਬੀ ਘਟਨਾਵਾਂ ਨਾਲ ਜੁੜੇ ਹੋਏ ਸੱਚ ਨੂੰ ਬਾਹਰ ਲਿਆਉਣ ਲਈ ਅਕਾਲੀ-ਭਾਜਪਾ ਸਰਕਾਰ ਨੇ ਇਕ ਵੀ ਗੰਭੀਰ ਕਦਮ ਨਹੀਂ ਚੁੱਕਿਆ ਬਲਕਿ ਇਨਸਾਫ ਮੰਗ ਰਹੀਆਂ ਸ਼ਾਂਤਮਈ ਧਰਨੇ ਉਤੇ ਬੈਠੀਆਂ ਸਿੱਖ ਸੰਗਤਾਂ ਉਤੇ ਗੋਲੀਆਂ ਚਲਵਾ ਕੇ ਦੋ ਨਿਰਦੋਸ਼ ਸਿੱਖਾਂ ਦੀ ਵਹਿਸ਼ੀਆਨਾ ਢੰਗ ਨਾਲ ਹੱਤਿਆ ਕਰਵਾ ਦਿੱਤੀ ਅਤੇ ਬਹੁਤ ਸਾਰੇ ਜ਼ਖਮੀ ਕਰ ਦਿੱਤੇ। ਇਨ੍ਹਾਂ ਘਟਨਾਵਾਂ ਦੀ ਜਾਂਚ ਨੂੰ ਗਲਤ ਦਿਸ਼ਾ ਵੱਲ ਤੋਰਨ ਲਈ ਦੋ ਸਿੱਖ ਨੌਜਵਾਨਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ 'ਤੇ ਭਾਰੀ ਤਸ਼ੱਦਦ ਕਰਵਾਇਆ ਅਤੇ ਉਨ੍ਹਾਂ ਨੂੰ ਮਜਬੂਰ ਕੀਤਾ ਕਿ ਉਹ ਬੇਅਦਬੀ ਦੀਆਂ ਘਟਨਾਵਾਂ ਵਾਲਾ ਗੁਨਾਹ ਕਬੂਲ ਲੈਣ। ਸੰਨ 2017 ਦੀਆਂ ਵਿਧਾਨ ਸਭਾ ਚੋਣਾਂ ਮੌਕੇ ਮੌੜ ਬੰਬ ਧਮਾਕੇ 'ਚ ਅੱਧੀ ਦਰਜਨ ਲੋਕ ਮਾਰੇ ਗਏ ਸਨ ਜਿਸ ਦੀਆਂ ਤਾਰਾਂ ਵੀ ਡੇਰਾ ਸਿਰਸਾ ਨਾਲ ਜੁੜ ਗਈਆਂ ਹਨ।ਇਸ ਕਾਂਡ ਦੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਲਈ ਵੀ ਅਕਾਲੀ-ਭਾਜਪਾ ਸਰਕਾਰ ਨੇ ਕੋਈ ਯਤਨ ਨਹੀਂ ਕੀਤਾ।

ਉਨਾਂ ਕਿਹਾ ਕਿ ਬਾਦਲ ਪਰਿਵਾਰ ਜੇਕਰ ਆਪਣੇ ਗੁਨਾਹਾਂ ਦਾ ਸੱਚੇ ਦਿਲੋਂ ਪਸ਼ਤਾਚਾਪ ਕਰਨਾ ਚਾਹੁੰਦਾ ਹੈ ਤਾਂ ਉਹ ਸੰਨ 1978 ਤੋਂ ਲੈ ਕੇ ਹੁਣ ਤੱਕ ਕੀਤੇ ਸੈਂਕੜੇ ਕਾਲੇ ਕਾਰਨਾਮਿਆਂ ਦੀ ਖੁੱਲ੍ਹ ਕੇ ਮੁਆਫੀ ਮੰਗੇ। ਬਾਦਲ ਪਰਿਵਾਰ ਹੁਣ ਮੁਆਫੀਯੋਗ ਨਹੀਂ ਰਿਹਾ ਕਿਉਂਕਿ ਇਸ ਨੇ ਪੰਥ ਦੀ ਸ਼ਕਤੀ ਅਤੇ ਅਕਾਲੀ ਦਲ ਨੂੰ ਹਿੰਦੂਤਵ ਤਾਕਤਾਂ ਦੀ ਅਗਵਾਈ ਕਰਨ ਵਾਲੀ ਭਾਜਪਾ ਦਾ ਪਿਛਲੱਗ ਬਣਾ ਦਿੱਤਾ।

ਪੰਜਾਬ ਫੋਰਮ ਦੇ ਬੁੱਧੀਜੀਵੀਆਂ ਨੇ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਹੈ ਕਿ ਬਾਦਲ ਪਰਿਵਾਰ ਦੀ ਇਹ ਸਿਆਸੀ ਸਾਜ਼ਿਸ਼ ਸਿੱਖਾਂ ਦੀਆਂ ਮਹਾਨ ਪ੍ਰੰਪਰਾਵਾਂ ਨਾਲ ਇਕ ਹੋਰ ਖਿਲਵਾੜ ਹੈ। ਬਾਦਲ ਪਰਿਵਾਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਸਾਰੀਆਂ ਹੀ ਸਿੱਖ ਸੰਸਥਾਵਾਂ ਨੂੰ ਆਪਣੀ ਨਿੱਜੀ ਜਾਇਦਾਦ ਬਣਾ ਕੇ ਰੱਖਿਆ ਹੋਇਆ ਹੈ ਅਤੇ ਉਹ ਆਪਣੇ ਸਿਆਸੀ ਕਾਰੋਬਾਰ ਲਈ ਸਿੱਖ ਪੰਥ ਦੀਆਂ ਮਹਾਨ ਪ੍ਰੰਪਰਾਵਾਂ ਦੀ ਵਾਰ ਵਾਰ ਉਲੰਘਣਾ ਕਰਦਾ ਰਹਿੰਦਾ ਹੈ। ਇਹ ਕਦਮ ਵੀ ਇਸ ਲੜੀ ਦਾ ਹੀ ਇਕ ਹਿੱਸਾ ਹੈ।

ਰਣਜੀਤ ਸਿੰਘ ਕਮਿਸ਼ਨ ਵੱਲੋਂ ਕੀਤੀ ਜਾਂਚ ਨਾਲ ਉਹ ਸਾਰੇ ਸਬੂਤ ਅਤੇ ਤੱਥ ਸਾਹਮਣੇ ਆ ਗਏ ਹਨ ਜਿਨ੍ਹਾਂ ਸਦਕਾ ਬਾਦਲਾਂ ਦੀ ਗ੍ਰਿਫਤਾਰੀ ਹੋ ਸਕਦੀ ਹੈ। ਇਸ ਲਈ ਉਹ ਬਚੀ ਬੋਗਸ ਅਕਾਲੀ ਲੀਡਰਸ਼ਿਪ ਨੂੰ ਨਾਲ ਲੈ ਕੇ ਅਕਾਲ ਤਖਤ ਤੋਂ ਮੁਆਫੀ ਮੰਗਣ ਦਾ ਡਰਾਮਾ ਰਚ ਕੇ ਆਪਣੇ ਗੁਨਾਹਾਂ ਤੋਂ ਸਿੱਖਾਂ ਦਾ ਧਿਆਨ ਭਟਕਾ ਰਿਹਾ ਹੈ।

ਇਸ ਮੌਕੇ ਸਾਬਕਾ ਆਈਏਐਸ ਗੁਰਤੇਜ ਸਿੰਘ, ਡਾ. ਗੁਰਦਰਸ਼ਨ ਸਿੰਘ ਢਿੱਲੋਂ, ਸੀਨੀਅਰ ਪੱਤਰਕਾਰ ਜਸਪਾਲ ਸਿੰਘ ਸਿੱਧੂ ਤੇ ਸੁਖਦੇਵ ਸਿੰਘ, ਸ਼੍ਰੋਮਣੀ ਖਾਲਸਾ ਪੰਚਾਇਤ ਦੇ ਰਾਜਿੰਦਰ ਸਿੰਘ, ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਬੁਲਾਰੇ ਗੁਰਪ੍ਰੀਤ ਸਿੰਘ ਅਤੇ ਜਨਰਲ ਸਕੱਤਰ ਖੁਸ਼ਹਾਲ ਸਿੰਘ ਹਾਜ਼ਰ ਸਨ।

## ਬਰਗਾੜੀ ਇਨਸਾਫ ਮੋਰਚਾ ਖਤਮ ਹੋਣ ਉਤੇ ਮੱਤਭੇਦ ਉਭਰੇ

ਕੀਤਾ। ਵੱਡੀ ਗਿਣਤੀ ਸੰਗਤਾਂ ਪੰਡਾਲ ਤੋਂ ਬਾਹਰ ਜਾਣ ਲੱਗੀਆਂ। ਪ੍ਰਬੰਧਕਾਂ ਵੱਲੋਂ ਰੋਕਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਤੇ ਸਟੇਜ ਤੋਂ ਵਾਰ-ਵਾਰ ਉਨ੍ਹਾਂ ਨੂੰ ਸ਼ਾਂਤ ਰਹਿਣ ਦੀ ਅਪੀਲ ਕੀਤੀ ਗਈ।

ਇਸ ਤਰ੍ਹਾਂ ਪਹਿਲੀ ਜੂਨ ਤੋਂ ਬਰਗਾੜੀ ਵਿੱਚ ਚੱਲ ਰਿਹਾ 'ਇਨਸਾਫ਼ ਮੋਰਚਾ' ਪੰਜਾਬ ਸਰਕਾਰ ਵੱਲੋਂ 'ਮੰਗਾਂ ਮੰਨ' ਲਏ ਜਾਣ ਪਿੱਛੋਂ ਆਪਣੇ ਮੁਕਾਮ ਨੂੰ ਛੂਹ ਗਿਆ। ਸਰਕਾਰ ਦਾ ਸੁਨੇਹਾ ਲੈ ਕੇ ਪਹੁੰਚੇ ਦੋ ਵਜ਼ੀਰਾਂ ਅਤੇ ਮੋਰਚੇ ਨਾਲ ਜੁੜੇ ਆਗੂਆਂ ਨੇ ਆਪਣੀਆਂ ਤਕਰੀਰਾਂ ਰਾਹੀਂ ਮੰਗਾਂ ਮੰਨੇ ਜਾਣ 'ਤੇ ਸਹੀ ਪਾਈ। ਇਸ ਮਗਰੋਂ ਜਥੇਦਾਰ ਧਿਆਨ ਸਿੰਘ ਮੰਡ ਨੇ ਮੋਰਚੇ ਦੀ ਸਮਾਪਤੀ ਦਾ ਐਲਾਨ ਕੀਤਾ।

ਮੋਰਚਾ ਸਥਾਨ 'ਤੇ ਪਹੁੰਚੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਮੰਗਾਂ ਮੰਨੇ ਜਾਣ ਦਾ ਜ਼ਿਕਰ ਕਰਦਿਆਂ ਆਖਿਆ ਕਿ ਡੀਆਈਜੀ ਰਣਬੀਰ ਸਿੰਘ ਖੱਟੜਾ ਦੀ ਅਗਵਾਈ 'ਚ ਬਣੀ 'ਸਿੱਟ' ਦੀ ਪੜਤਾਲ ਦੇ ਆਧਾਰ 'ਤੇ ਬੇਅਦਬੀ ਨਾਲ ਸਬੰਧਤ 23 ਮੁਲਜ਼ਮ ਫੜੇ ਗਏ ਹਨ। ਉਨ੍ਹਾਂ ਕਿਹਾ ਕਿ ਬਹਿਬਲ ਗੋਲੀ ਕਾਂਡ ਲਈ ਦੋਸ਼ੀ ਬਾਦਲਾਂ ਦੀ 'ਅਣਪਛਾਤੀ ਪੁਲੀਸ' ਉਪਰ ਐਫਆਈਆਰ ਦਰਜ ਕਰ ਕੇ ਦੋਸ਼ੀ ਪੁਲੀਸ ਅਧਿਕਾਰੀਆਂ ਨੂੰ ਨਾਮਜ਼ਦ ਕੀਤਾ ਗਿਆ ਹੈ ਅਤੇ ਸਜ਼ਾ ਪੂਰੀ ਕਰ ਚੁੱਕੇ ਕੈਦੀਆਂ 'ਚੋਂ ਇੱਕ ਦੀ ਰਿਹਾਈ ਕਰ ਦਿੱਤੀ ਗਈ ਹੈ ਜਦਕਿ ਬਾਕੀਆਂ ਲਈ ਹੋਰਨਾਂ ਰਾਜਾਂ ਨਾਲ ਸੰਪਰਕ ਕਰਨ ਸਮੇਤ ਆਗ਼ਾਮੀ ਵਿਧਾਨ ਸਭਾ ਸੈਸ਼ਨ ਵਿੱਚ ਠੋਸ ਕਾਨੂੰਨੀ ਪ੍ਰਕਿਰਿਆ ਅਮਲ 'ਚ ਲਿਆਂਦੀ ਜਾਵੇਗੀ। ਸ੍ਰੀ ਰੰਧਾਵਾ ਨੇ ਸ਼੍ਰੋਮਣੀ ਕਮੇਟੀ ਅਤੇ ਬਾਦਲਾਂ ਨੂੰ 'ਨਰੈਣੂ ਮਹੰਤ' ਦੱਸਦਿਆਂ ਉਨ੍ਹਾਂ ਵੱਲੋਂ ਭੁੱਲਾਂ ਬਖ਼ਸ਼ਵਾਉਣ ਦੀ ਕਵਾਇਦ 'ਤੇ ਤਨਜ਼ ਵੀ ਕਸੇ।

ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਸੁਖਜਿੰਦਰ ਸਿੰਘ ਰੰਧਾਵਾ ਦੇ ਐਲਾਨ ਦੀ ਪ੍ਰੋੜ੍ਹਤਾ ਕਰਦਿਆਂ ਬਰਗਾੜੀ ਦਾ ਨਾਮ 'ਬਰਗਾੜੀ ਸਾਹਿਬ' ਰੱਖੇ ਜਾਣ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਲੋਕ ਬਾਦਲਾਂ ਨੂੰ ਬੂਟ ਪਾਲਿਸ਼ ਕਰਦੇ ਨਹੀਂ, ਸਗੋਂ ਜੇਲ੍ਹ 'ਚ ਵੇਖਣਾ ਚਾਹੁੰਦੇ ਹਨ। ਵਿਧਾਇਕ ਹਰਮਿੰਦਰ ਸਿੰਘ ਗਿੱਲ ਨੇ ਸ਼ਾਂਤੀ ਅਤੇ ਤਹੱਮਲ ਨਾਲ ਮੋਰਚੇ ਨੂੰ ਇਸ ਮੁਕਾਮ ਤਕ ਪਹੁੰਚਾਉਣ ਲਈ ਪ੍ਰਬੰਧਕਾਂ ਦੀ ਤਾਰੀਫ਼ ਕਰਦਿਆਂ ਕਿਹਾ ਕਿ ਉਨ੍ਹਾਂ ਬਰਗਾੜੀ ਦੇ ਪਵਿੱਤਰ ਸਥਾਨ ਨੂੰ ਮੱਕਾ ਬਣਾ ਦਿੱਤਾ ਹੈ।

ਤਖ਼ਤ ਦਮਦਮਾ ਸਾਹਿਬ ਦੇ ਮੁਤਵਾਜ਼ੀ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਸਵਾਲ ਉਠਾਇਆ ਕਿ ਦੇਸ਼ 'ਚ ਆਮ ਨਾਗਰਿਕਾਂ ਅਤੇ ਪਹੁੰਚ ਵਾਲਿਆਂ ਲਈ ਕਾਨੂੰਨ ਵੱਖੋ-ਵੱਖਰੇ ਕਿਉਂ ਹਨ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਰਵਾਇਤੀ ਪਾਰਟੀਆਂ ਦੇ ਚੱਕਰਵਿਊ 'ਚੋਂ ਨਿਕਲ ਕੇ ਅਗਲੀ ਵਾਰ ਪੰਥਕ ਆਗੂਆਂ ਨੂੰ ਸਿਆਸੀ ਅਤੇ ਧਾਰਮਿਕ ਚੋਣਾਂ ਵਿਚ ਸਫ਼ਲ ਬਣਾਇਆ ਜਾਵੇ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਬਾਦਲ ਪਿਉ-ਪੁੱਤਰ ਅਤੇ ਸਾਬਕਾ ਪੁਲੀਸ ਮੁਖੀ ਸੁਮੇਧ ਸੈਣੀ ਨੂੰ ਗ੍ਰਿਫ਼ਤਾਰ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਬਰਗਾੜੀ ਮੋਰਚੇ ਦੇ ਦਬਾਅ ਕਾਰਨ ਹਿੰਦ-ਪਾਕਿ ਸਰਕਾਰਾਂ ਨੂੰ ਕਰਤਾਰਪੁਰ ਲਾਂਘਾ ਖੋਲ੍ਹਣ ਦਾ ਫ਼ੈਸਲਾ ਲੈਣ ਲਈ ਮਜਬੂਰ ਹੋਣ ਪਿਆ। ਭਾਈ ਮੋਹਕਮ ਸਿੰਘ, ਹਰਪਾਲ ਸਿੰਘ ਚੀਮਾ, ਪਰਮਜੀਤ ਸਿੰਘ ਸਹੌਲੀ, ਬੂਟਾ ਸਿੰਘ ਰਣਸੀਂਹ ਅਤੇ ਬਾਬਾ ਫੌਜਾ ਸਿੰਘ ਨੇ ਵੀ ਇਕੱਠ ਨੂੰ ਸੰਬੋਧਨ ਕੀਤਾ।

ਆਖਿਰ ਵਿਚ ਅਕਾਲ ਤਖ਼ਤ ਦੇ ਕਾਰਜਕਾਰੀ ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਨੇ ਕਿਹਾ ਕਿ ਝੂਠੀਆਂ ਇਲਜ਼ਾਮ ਤਰਾਸ਼ੀਆਂ ਦਰਮਿਆਨ ਇਨਸਾਫ਼ ਮੋਰਚਾ ਚੜ੍ਹਦੀ ਕਲਾ 'ਚ ਰਹਿ ਕੇ ਸਫ਼ਲ ਹੋਇਆ ਹੈ। ਪ੍ਰਬੰਧਕਾਂ 'ਤੇ ਮਾਇਆ ਦੀ ਦੁਰਵਰਤੋਂ ਦੇ ਦੋਸ਼ਾਂ ਨੂੰ ਰੱਦ ਕਰਦਿਆਂ ਉਨ੍ਹਾਂ ਕਿਹਾ ਕਿ ਮੋਰਚੇ ਦੌਰਾਨ 1.48 ਕਰੋੜ ਰੁਪਏ ਮਿਲੇ ਅਤੇ ਇਨ੍ਹਾਂ ਵਿੱਚੋਂ ਸਾਰੇ ਖ਼ਰਚੇ ਕੱਢ ਕੇ ਬਾਕੀ 22 ਲੱਖ ਰੁਪਏ ਸੰਗਤ ਆਪਣੀ ਇੱਛਾ ਨਾਲ ਜਿੱਥੇ ਮਰਜ਼ੀ ਵਰਤ ਸਕਦੀ ਹੈ। ਜਥੇਦਾਰ ਮੰਡ ਨੇ ਸੰਗਤ ਦੀ ਭਾਵਨਾ ਨੂੰ ਧਿਆਨ 'ਚ ਰੱਖਦਿਆਂ ਮੋਰਚੇ ਨੂੰ ਸਮੇਟਣ ਦੀ ਬਜਾਇ ਐਲਾਨ ਕੀਤਾ, ਕਿ "ਮੋਰਚੇ ਦਾ ਪਹਿਲਾ ਪੜਾਅ ਖ਼ਤਮ ਹੋਵੇਗਾ ਅਤੇ ਅਗਲੇ ਪੜਾਅ ਬਾਰੇ ਜਲਦੀ ਐਲਾਨ ਕੀਤਾ ਜਾਵੇਗਾ।"

ਇਸ ਮੌਕੇ ਤਖ਼ਤ ਕੇਸਗੜ੍ਹ ਸਾਹਿਬ ਦੇ ਮੁਤਵਾਜ਼ੀ ਜਥੇਦਾਰ ਅਮਰੀਕ ਸਿੰਘ ਅਜਨਾਲਾ, ਵਿਧਾਇਕ ਕੁਸ਼ਲਦੀਪ ਸਿੰਘ ਢਿੱਲੋਂ, ਵਿਧਾਇਕ ਕੁਲਬੀਰ ਸਿੰਘ ਜ਼ੀਰਾ, ਵੱਸਣ ਸਿੰਘ ਜ਼ੱਫ਼ਰਵਾਲ, ਅਮਰ ਸਿੰਘ ਚਾਹਲ ਸਮੇਤ ਬਹੁਤ ਸਾਰੀਆਂ ਅਹਿਮ ਸ਼ਖ਼ਸੀਅਤਾਂ ਹਾਜ਼ਰ ਸਨ।

ਸੰਗਤ 'ਚ ਘੁਸਰ-ਮੁਸਰ : ਭਾਸ਼ਣਾਂ ਦੌਰਾਨ ਪੰਡਾਲ ਵਿਚ ਬੈਠੀ ਸੰਗਤ ਦਰਮਿਆਨ ਸਮਝੌਤੇ 'ਤੇ 'ਨਾਰਾਜ਼ਗੀ' ਜਤਾਉਂਦਿਆਂ ਘੁਸਰ-ਮੁਸਰ ਦਾ ਦੌਰ ਵੀ ਚੱਲਦਾ ਰਿਹਾ। ਇਸ ਸਥਿਤੀ ਨੂੰ ਲੈ ਕੇ ਮੰਚ ਸੰਚਾਲਨ ਕਰ ਰਹੇ ਜਥੇਦਾਰ ਦਾਦੂਵਾਲ ਨੂੰ ਵਾਰ-ਵਾਰ ਅਨੁਸ਼ਾਸਨ 'ਚ ਰਹਿਣ ਦੀਆਂ ਅਪੀਲਾਂ ਕਰਨੀਆਂ ਪਈਆਂ।

ਸਨਮਾਨ ਸਮਾਗਮ 'ਚੋਂ ਮੁਤਵਾਜ਼ੀ ਜਥੇਦਾਰ ਗਾਇਬ : ਬਰਗਾੜੀ ਸਥਿਤ ਇਨਸਾਫ਼ ਮੋਰਚੇ ਵਾਲੇ ਸਥਾਨ 'ਤੇ ਸਨਮਾਨ ਸਮਾਗਮ ਮੌਕੇ ਅਕਾਲ ਤਖ਼ਤ ਦੇ ਕਾਰਜਕਾਰੀ ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਵੱਲੋਂ ਕਰੀਬ ਸਾਢੇ ਛੇ ਮਹੀਨੇ ਚੱਲੇ ਮੋਰਚੇ ਦੇ ਸਹਿਯੋਗੀਆਂ ਨੂੰ ਸਿਰੋਪਾਓ ਦੇ ਕੇ ਨਿਵਾਜਿਆ ਗਿਆ।

ਇਸ ਸਮਾਗਮ ਵਿੱਚ ਜਥੇਦਾਰ ਮੰਡ ਤੋਂ ਇਲਾਵਾ ਬਾਕੀ ਤਖ਼ਤਾਂ ਦੇ ਮੁਤਵਾਜ਼ੀ ਜਥੇਦਾਰ ਗਾਇਬ ਸਨ। ਇਸ ਤੋਂ ਇਲਾਵਾ ਮੋਰਚੇ ਦੌਰਾਨ ਵੱਖ-ਵੱਖ ਪੰਥਕ ਸੰਗਠਨਾਂ ਦੇ ਮੋਹਰੀ ਆਗੂ ਵੀ ਇੱਥੇ ਹਾਜ਼ਰ ਨਹੀਂ ਸਨ। ਸਨਮਾਨਿਤ ਹੋਣ ਵਾਲੇ ਸਹਿਯੋਗੀਆਂ ਦੀ ਗਿਣਤੀ ਕਰੀਬ 350 ਸੀ, ਜਿਨ੍ਹਾਂ ਨੇ ਜਥੇਦਾਰ ਮੰਡ ਨੂੰ ਸਿਰੋਪਾਓ ਨਾਲ ਸਨਮਾਨਿਤ ਕੀਤਾ। ਉਨ੍ਹਾਂ ਜਥੇਦਾਰ ਮੰਡ ਵੱਲੋਂ ਬੀਤੇ ਦਿਨ ਮੋਰਚੇ ਦਾ ਪਹਿਲਾ ਪੜਾਅ ਫ਼ਤਹਿ ਕਰਨ ਦੇ ਫ਼ੈਸਲੇ ਨੂੰ ਦੂਰਅੰਦੇਸ਼ੀ ਵਾਲਾ ਨਿਰਣਾ ਦੱਸਦਿਆਂ ਦਰੁਸਤੀ 'ਤੇ ਸਹੀ ਪਾਈ। ਉਨ੍ਹਾਂ ਆਖਿਆ ਕਿ ਜਥੇਦਾਰ ਵੱਲੋਂ ਭਵਿੱਖ ਲਈ ਉਲੀਕੇ ਜਾਣ ਵਾਲੇ ਕਿਸੇ ਵੀ ਸੰਘਰਸ਼ ਦਾ ਉਹ ਹਿੱਸਾ ਬਣ ਕੇ ਫ਼ਖ਼ਰ ਮਹਿਸੂਸ ਕਰਨਗੇ।

ਜਥੇਦਾਰ ਧਿਆਨ ਸਿੰਘ ਮੰਡ ਨੇ ਧੰਨਵਾਦ ਕਰਦਿਆਂ ਮੋਰਚੇ ਦੀ ਸਫ਼ਲਤਾ ਦਾ ਸਿਹਰਾ ਸੰਗਤ ਸਿਰ ਬੰਨ੍ਹਦਿਆਂ ਆਖਿਆ ਕਿ ਦੇਸ਼-ਵਿਦੇਸ਼ਾਂ ਵਿੱਚ ਬੈਠੇ ਹਮਦਰਦਾਂ ਅਤੇ ਸ਼ੁਭਚਿੰਤਕਾਂ ਨੇ ਇਸ ਸੰਘਰਸ਼ ਨੂੰ ਆਪਣਾ ਸਮਝ ਕੇ ਉਤਸ਼ਾਹ ਨਾਲ ਇਸ ਕਾਰਜ ਲਈ ਯੋਗਦਾਨ ਪਾਇਆ। ਬਰਗਾੜੀ ਦੀ ਅਨਾਜ ਮੰਡੀ ਵਿਚ ਲੱਗਾ ਇਨਸਾਫ਼ ਮੋਰਚਾ ਦੌਰਾਨ ਕਈ ਪੜਾਵਾਂ ਵਿਚੋਂ ਲੰਘਿਆ ਹੈ। ਇਸ ਤੋਂ ਪਹਿਲਾਂ 7 ਅਕਤੂਬਰ ਨੂੰ ਵੱਖ-ਵੱਖ ਜਥੇਬੰਦੀਆਂ ਦੇ ਸੱਦੇ 'ਤੇ ਕੱਢੇ ਗਏ ਇਨਸਾਫ਼ ਮਾਰਚ ਦੌਰਾਨ ਹੋਏ ਇਕੱਠ ਨੇ ਸਰਕਾਰ ਦੀ ਚਿੰਤਾ ਵਧਾ ਦਿੱਤੀ ਸੀ। ਇਸ ਤੋਂ ਬਾਅਦ 14 ਅਕਤੂਬਰ ਅਤੇ 25 ਨਵੰਬਰ ਨੂੰ ਵੀ ਵੱਡਾ ਇਕੱਠ ਕੀਤਾ ਗਿਆ ਸੀ। ਮਾਮਲੇ ਦੀ ਗੰਭੀਰਤਾ ਦੇਖਦਿਆਂ ਪੁਲੀਸ ਨੇ ਸਮੁੱਚੇ ਪਿੰਡ ਨੂੰ ਆਪਣੀ ਚੌਕਸੀ ਹੇਠ ਲਿਆ ਹੋਇਆ ਸੀ।

ਖਹਿਰਾ ਵੀ ਨਾਖੁਸ਼ : ਸੁਖਪਾਲ ਸਿੰਘ ਖਹਿਰਾ ਅਤੇ ਸਿਮਰਜੀਤ ਸਿੰਘ ਬੈਂਸ ਨੇ ਬਰਗਾੜੀ ਮੋਰਚਾ ਕਿਸੇ ਹੱਲ ਬਿਨਾ ਖ਼ਤਮ ਕਰ ਦੇਣ ਉਤੇ ਅਫਸੋਸ ਜ਼ਾਹਰ ਕੀਤਾ। ਉਨ੍ਹਾਂ ਬਰਗਾੜੀ ਮੋਰਚਾ ਬਿਨਾ ਕਿਸੇ ਪ੍ਰਾਪਤੀ ਤੋਂ ਖਤਮ ਹੋਣ ਤੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਪਹਿਲਾਂ ਦੀਆਂ ਸਰਕਾਰਾਂ ਵੱਲੋਂ ਕੀਤੇ ਸਮਝੌਤੇ ਲਾਗੂ ਨਹੀਂ ਹੋਏ, ਇਸ ਲਈ ਸਾਡਾ ਮੰਨਣਾ ਹੈ ਕਿ ਇਹ ਸਮਝੌਤਾ ਵੀ ਲਾਗੂ ਨਹੀਂ ਹੋਵੇਗਾ। ਬਰਗਾੜੀ ਮੋਰਚਾ ਖਤਮ ਹੋਣ ਬਾਰੇ ਸਿਮਰਜੀਤ ਸਿੰਘ ਬੈਂਸ ਨੇ ਕਿਹਾ ਕਿ ਇਹ ਬਹੁਤ ਮਾੜਾ ਹੋਇਆ ਕਿ ਦੋਸ਼ੀਆਂ ਨੂੰ ਸਜ਼ਾਵਾਂ ਮਿਲੇ ਬਗੈਰ ਹੀ ਇਹ ਮੋਰਚਾ ਖਤਮ ਕਰ ਦਿੱਤਾ ਗਿਆ। ਉਹਨਾਂ ਕਿਹਾ ਕਿ ਲੋਕਾਂ ਤੇ ਸੰਗਤ ਨੂੰ ਇਹ ਫੈਸਲਾ ਮਨਜ਼ੂਰ ਨਹੀਂ ਹੋਵੇਗਾ।

ਬਰਗਾੜੀ ਦੇ ਲੋਕਾਂ ਨੂੰ ਆਇਆ ਸੁੱਖ ਦਾ ਸਾਹ : ਬਰਗਾੜੀ ਅਤੇ ਬਹਿਬਲ ਕਾਂਡ ਦੇ ਕਸੂਰਵਾਰਾਂ ਨੂੰ ਸਜ਼ਾਵਾਂ ਦਿਵਾਉਣ ਲਈ ਪਹਿਲੀ ਜੂਨ ਤੋਂ ਪਿੰਡ ਬਰਗਾੜੀ ਦੀ ਅਨਾਜ ਮੰਡੀ ਵਿਚ ਸਿੱਖ ਜਥੇਬੰਦੀਆਂ ਵਲੋਂ ਲਾਏ ਗਏ ਇਨਸਾਫ਼ ਮੋਰਚੇ ਦੀ ਸਮਾਪਤੀ 'ਤੇ ਪਿੰਡ ਵਾਸੀਆਂ ਨੇ ਵੱਡੀ ਰਾਹਤ ਮਹਿਸੂਸ ਕੀਤੀ ਹੈ। ਬਰਗਾੜੀ ਦੀ ਅਨਾਜ ਮੰਡੀ ਵਿਚ ਲੱਗਾ ਇਨਸਾਫ਼ ਮੋਰਚਾ ਛੇ ਮਹੀਨਿਆਂ ਦੌਰਾਨ ਕਈ ਪੜਾਵਾਂ ਵਿਚੋਂ ਗੁਜ਼ਰਿਆ। 7 ਅਕਤੂਬਰ ਨੂੰ ਵੱਖ ਵੱਖ ਜੱਥੇਬੰਦੀਆਂ ਦੇ ਸੱਦੇ 'ਤੇ ਕੱਢੇ ਗਏ ਇਨਸਾਫ਼ ਮਾਰਚ ਦੌਰਾਨ ਹਜ਼ਾਰਾਂ ਲੋਕਾਂ ਦੇ ਇਕੱਠ ਨੇ ਸਰਕਾਰ ਦੀ ਚਿੰਤਾ ਵਧਾ ਦਿੱਤੀ ਸੀ। ਇਸ ਮਗਰੋਂ 14 ਅਕਤੂਬਰ ਅਤੇ 25 ਨਵੰਬਰ ਨੂੰ ਵੀ ਵੱਡਾ ਇਕੱਠ ਕੀਤਾ ਗਿਆ ਸੀ।

## ਭਾਜਪਾ ਆਗਾਮੀ ਲੋਕ ਸਭਾ ਚੋਣਾਂ ਦਾ ਸੈਮੀਫਾਇਨਲ ਹਾਰੀ

ਦੇ ਕਾਰਜਕਾਲ ਦਾ ਭੋਗ ਪੈ ਗਿਆ। 90 ਮੈਂਬਰੀ ਛੱਤੀਸਗੜ੍ਹ ਵਿਧਾਨ ਸਭਾ ਲਈ 89 ਸੀਟਾਂ ਲਈ ਉਪਲਬਧ ਰੁਝਾਨਾਂ ਮੁਤਾਬਕ ਕਾਂਗਰਸ 64 ਸੀਟਾਂ ਨਾਲ ਸਭ ਤੋਂ ਵੱਡੀ ਪਾਰਟੀ ਵਜੋਂ ਉਭਰੀ ਹੈ। 18 ਸੀਟਾਂ ਨਾਲ ਭਾਜਪਾ ਦੂਜੇ ਨੰਬਰ 'ਤੇ ਹੈ।ਇਨ੍ਹਾਂ ਸਟੇਟ ਚੋਣਾਂ ਨੂੰ ਭਾਰਤ ਵਿਚ ਆਗਾਮੀ ਲੋਕ ਸਭਾ ਚੋਣਾਂ ਦੇ ਸੈਮੀਫਾਇਨਲ ਵੱਜੋਂ ਲਿਆ ਗਿਆ ਸੀ। ਇਸ ਕਰਕੇ ਭਾਜਪਾ ਤੇ ਐਨਡੀਏ ਦੀ ਹਾਰ ਨੂੰ ਦੇਖਦਿਆਂ ਦੇਸ਼ ਵਿਚ ਕਾਂਗਰਸ ਦੀ ਅਗਵਾਈ ਵਾਲੇ ਯੂਪੀਏ ਗਠਬੰਧਨ ਦੀ ਮੁੜ ਵਾਪਸੀ ਦੇ ਆਸਾਰ ਪੈਦਾ ਹੋ ਗਏ ਹਨ।

## ਲਾਂਘਾ

**ਸ਼ੇਰ ਸਿੰਘ ਕੰਵਲ**

ਧੰਨ ਨਾਨਕ ਨੂਰੀ ਨਿਰੰਕਾਰੀ,
ਦਿੱਤੀ ਸਾਡੀ ਆਸ ਪੁਗਾਅ।
ਡੇਰੇ ਪਿੰਡ ਦਾ ਲਾਂਘਾ ਖੁੱਲ੍ਹਣਾ,
ਗੋਡੇ-ਗੋਡੇ ਚੜ੍ਹਿਆ ਚਾਅ।
ਮੁਰਸ਼ਦ-ਮਹਿਰਮ-ਪੀਰ-ਫਕੀਰ ਤੂੰ,
ਜੱਗ ਦਾ ਤਾਰਨਹਾਰ ਮਲਾਹ ਤੂੰ।
ਬਲ-ਬਲ ਕਾਦਰ-ਕੁਦਰਤ 'ਤੇ
ਪਾਤਸ਼ਾਹੀ ਦਾ ਪਾਤਸ਼ਾਹ ਤੂੰ।
ਤੂੰ ਸੈਂ ਵੱਡਾ ਮੁਸਾਫਰ ਬਾਬਾ,
ਗਾਹੀਆਂ ਸਨ ਤੈਂ ਕੂਟਾਂ ਚਾਰੇ।
ਫਿਰ ਕੇ ਕੌਮਾਂ ਖੰਡ ਉਲੰਘੇ,
ਦੁਨੀਆ ਦੇ ਕੀਤੇ ਨਿਸਤਾਰੇ।
ਨਾਮ ਜਪਣ ਤੇ ਵੰਡ ਛਕਣ ਦੀ,
ਲੋਕਾਈ ਨੂੰ ਗੱਲ ਸਮਝਾਈ।
ਲਾਲੋ ਨੂੰ ਗਲ ਲਾ ਕੇ ਦਿੱਤੀ
ਸੁੱਚੀ ਕਿਰਤ ਤਾਈਂ ਵਡਿਆਈ।
ਕੌਡਾ, ਵਲੀ ਕੰਧਾਰੀ ਪਿਘਲੇ,
ਨਿੰਦਿਆ ਤੈਨੂੰ ਭਾਗੋ ਬਾਬਾ।
ਬਗਦਾਦ ਮੱਕੇ ਤੇ ਹਰਦੁਆਰ ਨੇ,
ਮੰਨਿਆ ਤੇਰੀ ਦਲੀਲ ਦਾ ਦਾਬਾ।
ਤੂੰ ਇਸ ਧਰਤੀ 'ਤੇ ਨਾਨਕ,
ਬਾਣੀ ਦੀ ਬਰਸਾਤ ਵਰ੍ਹਾਈ।
ਇਸ ਦੇ ਅੰਬਰੀਂ ਸੱਤ ਰੰਗਾਂ ਦੀ,
ਮੇਲ ਮਿਲਾਪ ਦੀ ਪੀਂਘਾ ਪਾਈ।
ਫਿਰ ਚੰਦਰੀ ਰੁੱਤ ਆਈ ਕਿ-ਜੇਹੀ ?
ਹਸਦਾ ਬਾਬਾ ਰੋਇਆ ਪੰਜਾਬ।
ਰਿੱਕੜੀ ਇੱਕ, ਦੋ ਟੋਟੇ ਹੋ ਗਏ,
ਹੋਇਆ ਖਰਾਬਾ ਬੇਹਿਸਾਬ।
ਸੱਭਿਆਚਾਰ ਦਾ ਛੰਨਾ ਟੁੱਟਿਆ,
ਡੁੱਲ੍ਹ ਗਿਆ ਕੀਕੂੰ ਪਿਆਰ-ਸ਼ਬਾਬ।
ਜ਼ਾਰੋ ਜ਼ਾਰ ਪੰਜਾਬੀ ਰੋਈ,
ਮਰਦਾਨੇ ਦੀ ਰੋਈ ਰਬਾਬ।
ਭਲਾ ਹੋਇਆ! ਹੁਣ ਲਾਂਘਾ ਖੁੱਲ੍ਹਣੈਂ,
ਕੇਹੀ ਇਹ ਖੁਸ਼ਖਬਰੀ ਆਈ।
ਚਾਓ ਨਾ ਚੁੱਕਿਆ ਜਾਏ ਅਸਾਥੋਂ,
ਭੱਜ-ਭੱਜ ਮਨ ਵੰਡਦਾ ਮਠਿਆਈ।
ਖੁਸ਼ਖਬਰੀ ਇਹ ਪੂਰੀ ਹੋਵੇ,
ਲੱਗਣ ਨਾ ਇਸ ਨੂੰ ਨਜ਼ਰਾਂ ਬਾਬਾ।
ਦੋਹਾਂ ਪਾਸਿਆਂ ਪੈਸਣ ਜੱਫੀਆਂ,
ਹੋਣ ਸੋਹਣੀਆਂ ਫਜ਼ਰਾਂ ਬਾਬਾ।

# ਮਾਨਵੀ ਅਧਿਕਾਰ ਅਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ

**ਪ੍ਰੋ. ਗੁਰਬਚਨ ਸਿੰਘ ਥਾਈਲੈਂਡ ਵਾਲੇ**



**"ਬਾਂਹਿ ਜਿਨ੍ਹਾਂ ਦੀ ਪਕੜੀਐ ਸਿਰ ਦੀਜੈ ਬਾਂਹਿ ਨ ਛੋੜੀਐ। ਤੇਗ ਬਹਾਦਰ ਬੋਲਿਆ ਧਰ ਪਈਏ ਧਰਮ ਨ ਛੋੜੀਐ।"**

ਸੰਯੁਕਤ ਰਾਸ਼ਟਰ ਸੰਘ (ਯੂਐਨਓ) ਦੀ ਜਨਰਲ ਅਸੈਂਬਲੀ ਵੱਲੋਂ 10 ਦਸੰਬਰ 1948 ਨੂੰ ਪਾਸ ਕੀਤਾ ਮਨੁੱਖੀ ਅਧਿਕਾਰਾਂ ਦਾ ਸਰਵ-ਵਿਆਪਕ ਐਲਾਨਨਾਮਾ ਸਾਰੇ ਦੇਸ਼ਾਂ ਅਤੇ ਲੋਕਾਂ ਲਈ ਮਨੁੱਖੀ ਅਧਿਕਾਰਾਂ ਦੀ ਹਾਲਤ ਦਾ ਅਨੁਮਾਨ ਲਗਾਉਣ ਵਾਸਤੇ ਸਾਂਝਾ ਮਿਆਰ ਹੈ। ਐਲਾਨਨਾਮੇ ਵਿਚ ਕਿਹਾ ਗਿਆ ਹੈ ਕਿ ਸਾਰੇ ਮਨੁੱਖ ਜਨਮ ਤੋਂ ਆਜ਼ਾਦ ਪੈਦਾ ਹੁੰਦੇ ਹਨ। ਹਰ ਮਨੁੱਖ ਨਸਲ, ਰੰਗ, ਲਿੰਗ, ਬੋਲੀ, ਧਰਮ, ਰਾਜਨੀਤਿਕ ਜਾਂ ਹੋਰ ਕੋਈ ਕੌਮੀ ਜਾਂ ਸਮਾਜੀ ਉਤਪਤੀ, ਜਾਇਦਾਦ, ਜਨਮ ਜਾਂ ਕਿਸੇ ਹੋਰ ਰੁਤਬੇ ਦੇ ਭੇਦਭਾਵ ਤੋਂ ਬਿਨਾ ਇਨ੍ਹਾਂ ਅਧਿਕਾਰਾਂ ਦਾ ਹੱਕਦਾਰ ਹੈ। ਹਰ ਆਦਮੀ ਜ਼ਿੰਦਗੀ ਜਿਉਣ, ਆਜ਼ਾਦੀ ਅਤੇ ਆਪਣੀ ਸੁਰੱਖਿਆ ਦਾ ਅਧਿਕਾਰ ਰੱਖਦਾ ਹੈ। ਇਸ ਐਲਾਨਨਾਮੇ ਨੂੰ ਮਨੁੱਖੀ ਅਧਿਕਾਰਾਂ ਦੇ ਮਾਮਲੇ ਵਿਚ ਮੀਲ ਪੱਥਰ ਮੰਨਦਿਆਂ ਦਸ ਦਸੰਬਰ ਨੂੰ ਦੁਨੀਆਂ ਭਰ ਵਿਚ ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ ਵਜੋਂ ਮਨਾਇਆ ਜਾਂਦਾ ਹੈ।

ਸਿੱਖ ਧਰਮ ਨੇ ਇਥੇ ਵੀ ਵਿਸ਼ਵ ਤਵਾਰੀਖ ਵਿਚ ਆਪਣੀ ਗਹਿਰੀ ਛਾਪ ਛੱਡੀ ਹੋਈ ਹੈ। ਮਨੁੱਖੀ ਅਧਿਕਾਰਾਂ ਲਈ ਸ਼ਹਾਦਤ ਦੇਣ ਦੀ ਇਕ ਅਲੋਕਾਰੀ ਦੇ ਲਾਸਾਨੀ ਕਹਾਣੀ ਸਿੱਖਾਂ ਦੇ ਨੌਵੇਂ ਗੁਰੂ ਤੇਗ ਬਹਾਦਰ ਸਾਹਿਬ ਸਤਾਰਵੀਂ ਸਦੀ ਵਿਚ ਹੀ ਲਿਖ ਕੇ ਗਏ ਹਨ। ਮਨੁੱਖੀ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਸੰਘ (ਯੂਐਨਓ) ਦਾ ਚਾਰਟਰ ਤਾਂ 10 ਦਸੰਬਰ 1948 ਨੂੰ ਪਾਸ ਹੁੰਦਾ ਹੈ ਪਰ ਗੁਰੂ ਨਾਨਕ ਦੇ ਘਰ ਦੇ ਵਿਚ ਇਸ ਉਤੇ ਵਿਚਾਰ ਤੇ ਅਮਲ ਚਿਰੋਕਣੇ ਪੁਰਾਣੇ ਲਿਖ ਤੇ ਲਾਗੂ ਕਰ ਦਿੱਤੇ ਗਏ ਸਨ। ਇਹ ਗੱਲ ਵੱਖਰੀ ਹੈ ਕਿ ਸਿੱਖ ਕੌਮ ਆਪਣੇ ਸ਼ਾਨਾਮੱਤੇ ਇਤਿਹਾਸ ਅਤੇ ਸਰਬਵਿਆਪੀ ਫਲਸਫੇ ਬਾਰੇ ਦੁਨੀਆ ਨੂੰ ਜਾਣੂੰ ਨਹੀਂ ਕਰਵਾ ਸਕੀ ਹੈ। ਸ਼ਹੀਦਾਂ ਦੀ ਦੁਨੀਆ ਨੂੰ ਵਿਦਵਾਨ ਦੋ ਸ਼੍ਰੇਣੀਆਂ ਵਿਚ ਵੰਡਦੇ ਹਨ। ਇੱਕ ਉਹ ਸ਼ਹੀਦ ਹਨ ਜੋ ਤਪ, ਤਿਆਗ, ਸਬਰ, ਸੰਤੋਖ, ਧੀਰਜ, ਨਿਮਰਤਾ, ਸੱਚ, ਹਲੇਮੀ ਤੇ ਮਿਠਾਸ ਦੇ ਮੁਜੱਸਮੇ ਹੋਣ, ਇਹਨਾਂ ਸਚਾਈਆਂ ਨੂੰ ਧਾਰਨ ਵਾਲੇ ਨੂੰ 'ਜਿਉਂਦਾ ਸ਼ਹੀਦ' ਆਖਿਆ ਗਿਆ ਹੈ। ਦੂਸਰੇ ਉਹ ਸ਼ਹੀਦ ਹਨ ਜੋ ਉਪਰੋਕਤ ਸਚਾਈਆਂ ਨੂੰ ਬਰਕਰਾਰ ਰੱਖਣ ਦੀ ਖ਼ਾਤਰ ਆਪਣੀ ਜਾਨ ਦੀ ਬਾਜ਼ੀ ਲਗਾ ਦੇਣ, ਇਹਨਾਂ ਨੂੰ ਅਮਰ ਸ਼ਹੀਦ ਦਾ ਰੁਤਬਾ ਦਿੱਤਾ ਜਾਂਦਾ ਹੈ। ਧਰਮ, ਸਚਾਈ ਤੇ ਰੱਬੀ ਨਿਯਮਾਵਲੀ ਨੂੰ ਕਾਇਮ ਰੱਖਦਿਆਂ ਸਮੇਂ-ਸਮੇਂ ਕਈ ਅਜੇਹੇ ਮਹਾਂਪੁਰਸ਼ ਪੈਦਾ ਹੋਏ ਹਨ, ਜਿਹਨਾਂ ਨੇ ਸ਼ਹਾਦਤ ਦਾ ਜਾਮ ਪੀਤਾ।

ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੁਨੀਆ ਵਿਚ ਨਿਵੇਕਲੀ ਹੈ। ਨਿੱਜੀ ਲਾਭ ਦੀ ਖ਼ਾਤਰ ਨਹੀਂ, ਸਗੋਂ ਦੂਸਰਿਆਂ ਦੇ ਧਰਮ ਨੂੰ ਬਚਾਉਣ ਲਈ, ਮਨੁੱਖਤਾ ਦੇ ਭਲੇ ਲਈ ਉਹਨਾਂ ਨੇ ਆਪਣੀ ਕੁਰਬਾਨੀ ਦਿੱਤੀ। ਉਹਨਾਂ ਦੀ ਸ਼ਹਾਦਤ ਦਾ ਮੁੱਖ ਕਾਰਨ, ਔਰੰਗਜ਼ੇਬ ਦੀ ਤੁਅੱਸਬ ਦੀ ਨੀਤੀ, ਧਰਮ ਦੇ ਠੇਕੇਦਾਰ ਕਾਜ਼ੀ-ਮੁੱਲਾਂ ਦੀ ਧਾਰਮਿਕ ਕੱਟੜਤਾ, ਬ੍ਰਾਹਮਣ ਪੁਜਾਰੀ ਦੀ ਅੰਦਰੋਂ ਵਿਰੋਧਤਾ ਤਾਂ ਸੀ ਹੀ, ਨਾਲ ਹੀ ਇਹ ਹਰ ਮਨੁੱਖ ਦੀ ਧਾਰਮਿਕ ਆਜ਼ਾਦੀ, ਬਿਨਾ ਡਰ ਭੈਅ ਦੇ ਜਿਉਣ ਦੀ ਆਜ਼ਾਦੀ ਤੇ ਵਿਚਾਰਾਂ ਦੀ ਆਜ਼ਾਦੀ ਉਤੇ ਪਹਿਰਾ ਦੇਣ ਵਾਲੇ ਗੁਰੂ ਨਾਨਕ ਸਾਹਿਬ ਜੀ ਦੇ ਰੱਬੀ ਫਲਸਫੇ ਦਾ ਹੋਕਾ ਵੀ ਸੀ।

**ਸ਼ਹੀਦੀ ਦਿਨ 'ਤੇ ਵਿਸ਼ੇਸ਼**

ਔਰੰਗਜ਼ੇਬ ਨੇ ਰਾਜ ਤਖਤ ਲੈਣ ਦੀ ਖ਼ਾਤਰ ਆਪਣੇ ਪਿਤਾ ਨੂੰ ਜੇਲ੍ਹ ਵਿਚ ਬੰਦ ਕੀਤਾ, ਜੋ ਪਾਣੀ ਦੀਆਂ ਕੁਝ ਬੂੰਦਾਂ ਨੂੰ ਤਰਸਦਾ-ਤਰਸਦਾ ਹੀ ਮਰ ਗਿਆ। ਔਰੰਗਜ਼ੇਬ ਨੇ ਆਪਣੀ ਵੱਡੀ ਭੈਣ ਰੋਸ਼ਨ ਆਰਾ ਨੂੰ ਧੀਮਾ ਜ਼ਹਿਰ ਦੇ ਕੇ ਸਦਾ ਲਈ ਮਾਰ ਦਿੱਤਾ, ਜਦ ਕਿ ਇਸ ਦੀ ਭੈਣ ਨੇ ਇਸ ਨੂੰ ਤਖ਼ਤ ਦਿਵਾਉਣ ਵਿਚ ਅਹਿਮ ਭੂਮਿਕਾ ਨਿਭਾਈ ਸੀ। ਵੱਡੇ ਭਰਾ ਦਾਰਾ ਸ਼ਿਕੋਹ ਦਾ ਕਤਲ ਕਰ ਦਿੱਤਾ। ਆਪਣੇ ਤੋਂ ਵੱਡੇ ਨੂੰ ਜ਼ਹਿਰ ਦੇ ਕੇ ਮਾਰ ਦਿੱਤਾ। ਜ਼ੁਲਮ ਦੀ ਇੰਤਹਾ ਓਦੋਂ ਸਿਖ਼ਰ ਉਤੇ ਪੁੱਜ ਗਈ, ਜਦੋਂ ਆਪਣੀ ਜਾ-ਨਸ਼ੀਂ ਬੇਟੀ ਜ਼ੇਬਉਲ-ਨਿਸ਼ਾ ਨੂੰ ਵੀ ਜ਼ਹਿਰ ਦੇ ਕੇ ਮਾਰ ਦਿੱਤਾ। ਆਪਣੇ ਨਜ਼ਦੀਕੀ ਮਿਰਜ਼ਾ ਰਾਜਾ ਜੈ ਸਿੰਘ ਨੂੰ ਵੀ ਜ਼ਹਿਰ ਦੇ ਕੇ ਮਾਰ ਦਿੱਤਾ। ਆਪਣੇ ਪਰਿਵਾਰ ਨੂੰ ਨਿਬੇੜ ਕੇ ਹਿੰਦੁਸਤਾਨ ਦੀ ਜਨਤਾ ਨੂੰ ਜ਼ੁਲਮ ਦੀ ਚੱਕੀ ਵਿਚ ਪਿਸਣ ਲਈ ਮਜਬੂਰ ਕਰ ਦਿੱਤਾ। ਸਭ ਤੋਂ ਪਹਿਲਾਂ ਉਸ ਦਾ ਸ਼ਿਕਾਰ ਹਿੰਦੂ ਜਨਤਾ ਹੋਈ। ਔਰੰਗਜ਼ੇਬ ਚਾਹੁੰਦਾ ਸੀ ਕਿ ਸਾਰਾ ਹਿੰਦੁਸਤਾਨ ਸੁੰਨੀ ਮੁਸਲਮਾਨ ਹੋਵੇ।

ਸੰਨ 1669 ਈਸਵੀ ਨੂੰ ਉਸ ਨੇ ਆਪਣਾ ਮਨ ਬਣਾ ਲਿਆ ਕੇ ਤਬਲੀਗ਼ ਦੇ ਕੰਮ ਨੂੰ ਸੁਚੱਜੇ ਢੰਗ ਨਾਲ ਕੀਤਾ ਜਾਏ। ਇਸ ਕੰਮ ਲਈ ਇੱਕ ਵੱਖਰਾ ਵਿਭਾਗ ਖੋਲ੍ਹ ਦਿੱਤਾ। ਸੰਨ 1669 ਈਸਵੀ ਨੂੰ ਸਭ ਤੋਂ ਪਹਿਲਾਂ ਸਾਰੇ ਸ਼ਹਿਰਾਂ ਵਿੱਚ ਪਾਠਸ਼ਾਲਾਵਾਂ ਬੰਦ ਹੀ ਨਹੀਂ ਕਰਵਾ ਦਿੱਤੀਆਂ, ਸਗੋਂ ਢਾਹ ਦਿੱਤੀਆਂ। ਸੰਨ 1670 ਈਸਵੀ ਨੂੰ ਇੱਕ ਸ਼ਾਹੀ ਫ਼ੁਰਮਾਨ ਜਾਰੀ ਕਰਕੇ ਹਿੰਦੁਸਤਾਨ ਦੇ ਧਾਰਮਿਕ ਮੰਦਰਾਂ ਨੂੰ ਗਿਰਾਉਣ ਦਾ ਹੁਕਮ ਜਾਰੀ ਕਰ ਦਿੱਤਾ। ਸੰਨ 1674 ਈਸਵੀ ਨੂੰ ਔਰੰਗਜ਼ੇਬ ਨੇ ਇਹ ਫ਼ੈਸਲਾ ਕਰ ਲਿਆ ਕਿ ਸਾਰੇ ਹਿੰਦੁਸਤਾਨ ਨੂੰ ਇਸਲਾਮ ਦੇ ਦਾਇਰੇ ਵਿੱਚ ਲਿਆਉਣ ਲਈ ਇੱਕ ਪਾਸੇ ਤੋਂ ਕੰਮ ਸ਼ੁਰੂ ਕੀਤਾ ਜਾਏ। ਇਹ ਕੰਮ ਕਰਨ ਲਈ ਉਸ ਨੇ ਕਸ਼ਮੀਰ ਨੂੰ ਚੁਣਿਆ। ਕਸ਼ਮੀਰ ਨੂੰ ਕਿਉਂ ਚੁਣਿਆ ਗਿਆ, ਇਸ ਦੇ ਕਈ ਕਾਰਨ ਹਨ। ਇੱਕ ਤਾਂ ਇਹ ਪੇਸ਼ਾਵਰ ਤੇ ਕਾਬਲ ਦੇ ਨੇੜੇ ਹੈ, ਧਰਮ ਦੇ ਨਾਂ ਉਤੇ ਜਹਾਦ ਖੜਾ ਕੀਤਾ ਜਾ ਸਕਦਾ ਹੈ। ਦੂਸਰਾ ਜੇ ਵਿਦਵਾਨ ਪੰਡਿਤ ਇਸਲਾਮ ਧਾਰਨ ਕਰ ਲੈਣ ਤਾਂ ਜਨ-ਸਧਾਰਨ ਜਨਤਾ ਸਹਿਜੇ ਹੀ ਆਪਣਾ ਧਰਮ ਤਬਦੀਲ ਕਰ ਲਵੇਗੀ। ਤੀਸਰਾ ਪੂਜਾ ਦਾ ਧਾਨ ਲੈਣ ਵਾਲਾ ਆਦਮੀ ਹਮੇਸ਼ਾ ਲਾਲਚੀ ਹੋ ਜਾਂਦਾ ਹੈ, ਜ਼ਮੀਰ ਮਰ ਜਾਂਦੀ ਹੈ, ਥੋੜਾ ਲਾਲਚ ਦਿੱਤਿਆਂ ਹੀ ਆਪਣਾ ਈਮਾਨ ਵੇਚ ਲੈਂਦਾ ਹੈ। ਇਸ ਤਰ੍ਹਾਂ ਆਪਣੇ ਪਰਿਵਾਰ ਉਤੇ ਜ਼ੁਲਮ ਢਾਹ ਕੇ ਹਿੰਦੂਆਂ ਨੂੰ ਆਪਣੇ ਜ਼ੁਲਮ ਦਾ ਸ਼ਿਕਾਰ ਬਣਾਇਆ ਤੇ ਸਭ ਤੋਂ ਪਹਿਲਾਂ ਕਸ਼ਮੀਰ ਨੂੰ ਚੁਣਿਆ।

ਕਸ਼ਮੀਰੀ ਪੰਡਿਤ ਅਨੰਦਪੁਰ ਸਾਹਿਬ ਆਏ, ਆਪਣੇ ਦੁਖੜੇ ਗੁਰੂ ਜੀ ਅੱਗੇ ਰੱਖੇ : "ਦੁਖੀਏ ਬਿਪਰ ਜੁ ਚਲ ਆਏ ਪੁਰੀ ਅਨੰਦ।ਬਾਂਹ ਸਾਡੀ ਪਕੜੀਏ ਗੁਰੂ ਹਰਿ ਗੋਬਿੰਦ ਕੇ ਚੰਦ।"

ਸਮੁੱਚੇ ਹਿੰਦੁਸਤਾਨ ਦੀ ਪਰਜਾ ਉਤੇ ਹੋ ਰਹੇ ਜ਼ੁਲਮ ਤੇ ਹਿੰਦੂਆਂ ਦਾ ਤਰਲਾ ਸੁਣ ਕੇ ਪਿਤਾ ਗੁਰੂ ਤੇਗ ਬਹਾਦਰ ਜੀ ਨੇ ਮਨ ਵਿਚ ਨਿਸਚਾ ਕਰ ਲਿਆ ਕਿ ਹੁਣ ਆਪਣਾ ਸੀਸ ਲੱਗੇਗਾ। ਹੈਰਾਨਗੀ ਦੀ ਕਥਾ ਹੈ—ਗੁਰੂ ਨਾਨਕ ਸਾਹਿਬ ਜੀ ਕਹਿ ਰਹੇ ਹਨ ਕੇ ਮੈਂ ਜਨੇਊ ਨਹੀਂ ਪਾਉਣਾ ਪਰ ਗੁਰੂ ਤੇਗ ਬਹਾਦਰ ਜੀ ਕਹਿ ਰਹੇ ਹਨ ਕਿ ਮੈਂ ਜਨੇਊ ਲੱਥਣ ਨਹੀਂ ਦੇਣਾ। ਇਸ ਦਾ ਕੀ ਕਾਰਨ ਹੈ। ਦਰਅਸਲ ਗੁਰੂ ਨਾਨਕ ਦੇ ਘਰ ਦਾ ਸਦੀਵ ਕਾਲ ਆਦਰਸ਼ ਹੈ ਕਿ ਕਿਸੇ ਉਤੇ ਧੱਕਾ ਨਹੀਂ ਹੋਣ ਦੇਣਾ, ਭਾਵ ਸਿੱਖੀ ਦਾ ਸਿਧਾਂਤ ਹੈ ਕਿ ਕਿਸੇ ਨਾਲ ਜ਼ਿਆਦਤੀ ਨਹੀਂ ਹੋਣ ਦੇਣੀ। ਪੰਡਿਤ ਧੱਕੇ ਨਾਲ ਜਨੇਊ ਪਾਉਣਾ ਚਾਹੁੰਦਾ ਹੈ ਪਰ ਗੁਰਦੇਵ ਜੀ ਧੱਕੇ ਨਾਲ ਜਨੇਊ ਨਹੀਂ ਪਾਉਣਾ ਚਾਹੁੰਦੇ। ਇਥੇ ਪ੍ਰਤੱਖ ਬ੍ਰਾਹਮਣ ਦੇ ਕਰਮ-ਕਾਂਡ ਦਾ ਧੱਕਾ ਦਿਖਾਈ ਦੇਂਦਾ ਹੈ ਜੋ ਗੁਰੂ ਨਾਨਕ ਸਾਹਿਬ ਜੀ ਨੂੰ ਕਿਸੇ ਵੀ ਕੀਮਤ ਉਤੇ ਪਰਵਾਨ ਨਹੀਂ ਹੈ। ਔਰੰਗਜ਼ੇਬ ਧੱਕੇ ਨਾਲ ਜਨੇਊ ਉਤਾਰਨਾ ਚਾਹੁੰਦਾ ਹੈ ਪਰ ਗੁਰਦੇਵ ਜੀ ਆਖਦੇ ਹਨ ਕਿ ਧਾਰਮਿਕ ਅਜ਼ਾਦੀ ਹੋਣੀ ਚਾਹੀਦੀ ਹੈ। ਇਸ ਲਈ ਗੁਰਦੇਵ ਪਿਤਾ ਇਸ ਜ਼ਬਰਦਸਤੀ ਦੀ ਵਿਰੋਧਤਾ ਕਰਦੇ ਹਨ। ਸਿੱਖ ਦੀ ਧੱਕੇ, ਬੇ-ਇਨਸਾਫ਼ੀ ਨਾਲ ਵਿਰੋਧਤਾ ਹੈ। ਗੁਰੂ ਜੀ ਦੀ ਸ਼ਹਾਦਤ ਜਿੱਥੇ ਪਰਾਏ ਧਰਮ ਨੂੰ ਬਚਾਉਣ ਦੀ ਖ਼ਾਤਰ ਹੈ, ਉੱਥੇ ਸਾਰੇ ਭਾਰਤੀਆਂ ਉਤੇ ਹੋ ਰਹੇ ਜ਼ੁਲਮ ਨੂੰ ਠੱਲ੍ਹ ਪਾਉਣ ਲਈ ਹੈ। ਕੇਵਲ ਇੱਕ ਹਿੰਦੂਆਂ ਲਈ ਸ਼ਹੀਦੀ ਨਹੀਂ, ਸਗੋਂ ਔਰੰਗਜ਼ੇਬ ਦੀ ਕੱਟੜਤਾ, ਸ਼ਰਈ, ਬੇ-ਇਨਸਾਫ਼ੀ, ਉਸ ਦੀ ਤੰਗ-ਦਿਲੀ, ਜ਼ੁਲਮ ਕਰਨ ਦੀ ਨੀਤੀ ਦੇ ਵਿਰੋਧ ਵਿਚ ਹੈ। ਗੁਰੂ ਜੀ ਦਾ ਸਿਧਾਂਤ ਹੈ--ਨਾ ਡਰੋ ਤੇ ਨਾ ਕਿਸੇ ਨੂੰ ਡਰਾਓ। ਅਣਖ ਨਾਲ ਜ਼ਿੰਦਗੀ ਜਿਉਣ ਦੀ ਜਾਚ ਸਿੱਖੋ। ਇਲਾਹੀ ਬਖਸ਼ਿਸ਼ ਨਾਲ ਗੁਰੂ ਨਾਨਕ ਸਾਹਿਬ ਜੀ ਨੇ ਜੋ ਪੰਥ ਚਲਾਇਆ, ਉਸ ਵਿਚੋਂ ਹੀ ਖਾਲਸਾ ਪ੍ਰਗਟ ਹੋਇਆ। ਜੋ ਗੁਰੂ ਨਾਨਕ ਸਾਹਿਬ ਜੀ ਦੇ ਨਿਰਮਲ ਪੰਥ ਵਿਚੋਂ ਖਾਲਸਾ ਪੰਥ ਪ੍ਰਗਟ ਹੋਏ ਖਾਲਸੇ ਦਾ ਕਿਰਦਾਰ ਤੇ ਅਮਲ ਸੀ, ਉਨੀਵੀਂ ਸਦੀ ਵਿਚ ਪੇਸ਼ ਹੋਏ ਮਾਨਵੀ ਅਧਿਕਾਰਾਂ ਦੇ ਯੂਐਨਓ ਦੇ ਐਲਾਨਨਾਮੇ ਵਿਚ ਵੀ ਇਹੋ ਗੱਲ ਕੀਤੀ ਗਈ ਹੈ।

---

***ਬਾਕੀ***

## ਅੱਜ ਬਿੱਲਾ ਫਿਰ ਆਇਆ

ਕਰ ਰਿਹਾ ਹੈ। ਗੀਤ-ਸੰਗੀਤ ਦੇ ਭੜਕੀਲੇ ਸ਼ੋਰ ਵਿਚ ਗੁਆਚੀ ਪੰਜਾਬੀ ਮਾਨਸਿਕਤਾ ਬਾਰੇ ਕੀ ਦਿਲ ਦੀਆਂ ਹੇਠ ਲਿਖੀਆਂ ਸਤਰਾਂ ਕੌੜਾ ਸੱਚ ਨਹੀਂ ਹਨ ?

'ਜਦੋਂ ਯਥਾਰਥ ਦੇ ਪੈਰ ਉਖੜਦੇ ਨੇ
ਬੰਦਾ ਕਲਪਨਾ 'ਚ ਜਿਉਣ ਲਗਦੈ'
(ਪੰਨਾ 42)

ਮਾਲਵੇ ਵਿਚ ਹਰੇਕ ਦਾਲ ਸਬਜ਼ੀ ਨੂੰ ਇੱਕੋ ਲਫ਼ਜ਼ ਦਾਲ ਕਹਿ ਕੇ ਨਿਵਾਜੇ ਜਾਣ ਬਾਰੇ ਵੀ ਦਿਲ ਇਸ ਕਵਿਤਾ ਵਿਚ ਜ਼ਿਕਰ ਕਰਦਾ ਹੈ ਕਿਉਂਕਿ ਮਾਲਵੇ ਵਿਚ ਟਿੱਬੇ ਹੋਣ ਕਰਕੇ ਪਹਿਲਾਂ ਲੋਕ ਸਿਰਫ ਦਾਲਾਂ ਹੀ ਉਗਾਉਂਦੇ ਤੇ ਖਾਂਦੇ ਸਨ, ਸੋ ਉਹ ਸਬਜ਼ੀ ਅਤੇ ਦਾਲ ਲਈ ਵੱਖਰਾ ਚਿਹਨ ਆਪਣੇ ਜਿਹਨ ਵਿਚ ਅਜੇ ਵੀ ਨਹੀਂ ਸਿਰਜ ਸਕੇ।

'ਦਾਲ ਲਫ਼ਜ਼ ਸਾਡੇ
ਦਾਲ ਸਬਜ਼ੀ ਲਈ ਵੀ ਵਰਤਿਆ ਜਾਂਦਾ ਹੈ
ਸਬਜ਼ੀ ਨੂੰ ਵੀ ਦਾਲ ਕਹਿ ਦਿੱਤਾ ਜਾਂਦਾ ਹੈ
ਇਹ ਰਵਾਜ਼ ਹੁਣ ਵੀ ਹੈ।'
(ਪੰਨਾ 117)

ਇਸ ਕਵਿਤਾ ਵਿਚ ਉਹ ਹੋਰ ਮਸਲੇ ਹੀ ਖੜੇ ਨਹੀਂ ਕਰਦਾ ਸਗੋਂ ਕਵਿਤਾ ਦੇ ਸੁਹਜ ਦਾ ਮਸਲਾ ਵੀ ਉਠਾਉਂਦਾ ਹੈ। ਉਸਨੇ ਕਵਿਤਾ ਦੇ ਖੇਤਰ ਵਿਚ ਖੁੱਲ੍ਹੀ ਕਵਿਤਾ ਦੀ ਪਹੁੰਚ, ਖੁੱਲ੍ਹੀ ਕਵਿਤਾ ਦੇ ਵਾਰਤਕ ਬਣ ਜਾਣ ਅਤੇ ਖੁੱਲ੍ਹੀ ਕਵਿਤਾ ਦੇ ਭਵਿੱਖ ਪ੍ਰਤੀ ਵੀ ਕਾਵਿਕ ਪ੍ਰਵਚਨ ਸਿਰਜਣ ਦਾ ਯਤਨ ਕੀਤਾ ਹੈ।

'ਇਹ ਸਾਹਿਤਕ ਦੋਸ਼ ਨਹੀਂ
ਜੇ ਕਵਿਤਾ ਵਾਰਤਕ ਦਾ ਗੁਣ ਗ੍ਰਹਿਣ ਕਰੇ
ਤੇ ਵਾਰਤਕ ਕਵਿਤਾ ਦੇ
ਬਜਾਇ ਇਸਦੇ ਕਿ ਇਨ੍ਹਾਂ ਨੂੰ
ਵਿਰੋਧੀ ਸਮਝਿਆ ਜਾਵੇ
ਫਿਰ ਵੀ ਕਵਿਤਾ ਕਵਿਤਾ ਰਹੇਗੀ
ਤੇ ਵਾਰਤਕ ਵਾਰਤਕ'
(ਪੰਨਾ 115)

'ਵਾਰਤਕ ਕਵਿਤਾ 'ਚ
ਕਵਿਤਾ ਵਾਰਤਕ 'ਚ
ਘੁਲ ਮਿਲ ਗਈ ਹੈ'ਤ..
ਲਗਦਾ ਹੈ ਕੋਈ
ਨਵੀਂ ਹੀ ਸਿਨਫ਼ ਉਘੜ ਆਈ ਹੈ'
(ਪੰਨਾ 128)

ਤੁਕਾਂ ਜੋੜਨ ਵਿਚ ਤਾਂ
ਨਰਕ ਸਿਰਜਣ ਵਾਲੇ ਵੀ ਘੱਟ ਨਹੀਂ
ਸੋ ਕਵਿਤਾ ਇਸ ਵਿਕਾਸ ਵਿਨਾਸ਼ ਦੀ
ਤੁਕਬੰਦੀ ਤੋਂ ਵੀ ਆਜ਼ਾਦ ਹੈ'
(ਪੰਨਾ 126)

'ਖੁੱਲ੍ਹੀ ਕਵਿਤਾ ਨੇ ਅਜੇ
ਅਸਲ ਅਸਮਾਨਾਂ ਵੱਲ ਉੱਡਣਾ ਹੈ'
(ਪੰਨਾ 118)

ਇਹ ਕਵਿਤਾ ਕਿਸੇ ਇਕ ਪਾਤਰ ਬਿੱਲੇ ਦਾ ਹੀ ਬਿਰਤਾਂਤ ਨਹੀਂ ਸਗੋਂ ਉਸ ਦੇ ਹਵਾਲੇ ਰਾਹੀਂ ਸਮੁੱਚੇ ਪੰਜਾਬ ਦੀ ਹੋਣੀ ਦਾ ਬਿਰਤਾਂਤ ਹੈ। ਪੁਸਤਕ ਦੀ ਭੂਮਿਕਾ ਵਿਚ ਡਾ. ਸਰਬਜੀਤ ਸਿੰਘ ਇਸ ਕਵਿਤਾ ਨੂੰ 'ਸਮਾਜੀ ਵਿਕਾਸ 'ਚੋਂ ਬੇਦਖ਼ਲ ਲੋਕਾਂ ਦਾ ਬਿਰਤਾਂਤ' ਕਹਿੰਦਾ ਹੈ। ਪੁਸਤਕ ਦੀ ਜਿਲਦ ਉਪਰ ਲਿਖੇ ਗਏ ਸ਼ਬਦਾਂ ਵਿਚ ਸੁਖਦੇਵ ਸਿੰਘ ਸਿਰਸਾ ਕਹਿੰਦਾ ਹੈ, ਉ'ਅੱਜ ਬਿੱਲਾ ਫਿਰ ਆਇਆ' ਕਾਵਿ ਸੰਗ੍ਰਹਿ ਉਜਾੜੇ ਦੇ ਰਾਹ ਧੱਕ ਦਿੱਤੇ ਗਏ ਦਲਿਤਾਂ, ਗੈਰ ਹੁਨਰੀ ਕਾਮਿਆਂ ਅਤੇ ਛੋਟੀ ਕਿਸਾਨੀ ਦਾ ਦਿਲ ਦਹਿਲਾ ਦੇਣ ਵਾਲਾ ਬਿਰਤਾਂਤ ਹੈ।"

ਸਮੁੱਚੀ ਜੁਝਾਰੂ ਕਵਿਤਾ ਦੇ ਕਵੀਆਂ ਵਿਚ ਲਾਲ ਸਿੰਘ ਦਿਲ ਹੀ ਅਜਿਹਾ ਕਵੀ ਹੈ ਜਿਸਨੇ ਨਕਸਲੀ ਲਹਿਰ ਦੇ ਜਲਜਲੇ ਤੋਂ ਬਾਅਦ ਦੀ ਸਥਿਤੀ ਤੇ ਸੰਕਟ ਦੇ ਰੂ-ਬ-ਰੂ ਹੁੰਦੇ ਹੋਏ ਵੱਖਰੇ ਕਾਵਿ ਪੈਰਾਡਾਈਮ ਦੀ ਸਿਰਜਣਾ ਕੀਤੀ। ਸਹਿਜ ਜਿਹੇ ਬੋਲਾਂ ਨਾਲ ਉਹ ਲੋਕ ਮਸਲਿਆਂ ਨੂੰ ਕਵਿਤਾ ਦਾ ਹਿੱਸਾ ਵੀ ਬਣਾਉਂਦਾ ਹੈ ਤੇ ਉਸਦੀ ਕਵਿਤਾ ਨਾਹਰਾ ਵੀ ਨਹੀਂ ਬਣਦੀ। ਸਥਾਨਕ ਲੋਕਾਂ ਦੇ ਕੱਖੋਂ ਹੌਲੇ ਹੋ ਜਾਣ ਦਾ ਬਿਰਤਾਂਤ ਸਿਰਜਦੀ ਇਹ ਲੰਮੀ ਕਵਿਤਾ ਸਿਰਫ ਇਕ ਬਿੱਲੇ ਦਾ ਹੀ ਬਿਰਤਾਂਤ ਨਹੀਂ ਸਗੋਂ ਕਈ ਬਿਰਤਾਂਤਾਂ ਦੀ ਸਮਵਿੱਥ ਸਿਰਜਣਾ ਕਰਦੀ ਹੈ। ਹੀਣੇ, ਦਲਿਤ ਤੇ ਹੋਰ ਨਿਮਨ ਵਰਗਾਂ ਦਾ ਸਮਾਜਿਕ, ਆਰਥਿਕ, ਸੱਭਿਆਚਾਰਕ ਤੇ ਰਾਜਨੀਤਕ ਪ੍ਰਵਚਨ ਸਿਰਜਣ ਵਾਲੀ ਇਹ ਕਵਿਤਾ ਸਾਡੇ ਅੰਦਰਲੇ ਨੂੰ ਝੰਜੋੜਦੀ ਹੈ। ਮਰਹੂਮ ਲਾਲ ਸਿੰਘ ਦਿਲ ਦੀ ਇਹ ਕਵਿਤਾ ਸਾਨੂੰ ਤਿੱਖੇ ਸਵਾਲਾਂ ਦੇ ਰੂ-ਬ-ਰੂ ਕਰਦੀ ਹੈ। ਇਹ ਕਵਿਤਾ ਪੰਜਾਬੀ ਸਾਹਿਤ ਦੀ ਇਕ ਵਿਲੱਖਣ ਤੇ ਵਿਸ਼ੇਸ਼ ਪ੍ਰਾਪਤੀ ਹੈ। ਬਿਨਾਂ ਸ਼ੱਕ ਦਿਲ ਪੰਜਾਬੀ ਦਾ ਜ਼ਹੀਨ ਬੁੱਧ ਕਵੀ ਸੀ। ਯਾਦ ਰਹੇ ਇਹ ਕਵਿਤਾ 'ਨਵੇਂ ਮਾਰਕਸ ਦੇ ਨਾਂਅ' ਸਮਰਪਿਤ ਕੀਤੀ ਗਈ ਹੈ।

## ਮੁਸਲਮਾਨ ਭਾਈਚਾਰੇ ਵੱਲੋਂ ਕਰਤਾਰਪੁਰ ਕੋਰੀਡੋਰ ਸੰਬੰਧੀ ਸਿੱਖਾਂ ਨਾਲ ਸਾਂਝੀ ਪ੍ਰੈਸ ਮਿਲਣੀ

ਨੂੰ ਸਿੱਖਾਂ ਅਤੇ ਮੁਸਲਮਾਨਾਂ ਵਿਚਾਲੇ ਆਪਸੀ ਸਾਂਝ ਵਧਾਉਣ ਲਈ ਇੱਕ ਮੀਲ ਪੱਥਰ ਕਿਹਾ, ਉੱਥੇ ਇਸ ਸਬੰਧੀ ਜ਼ਮੀਨੀ ਪੱਧਰ ਉਤੇ ਉਠ ਰਹੇ ਕੁਝ ਸ਼ੰਕੇ ਵੀ ਸਿੱਖ ਵਫਦ ਨਾਲ ਸਾਂਝੇ ਕੀਤੇ ਗਏ। ਇਨ੍ਹਾਂ ਮੁੱਦਿਆਂ ਵਿਚ ਪਾਕਿਸਤਾਨ ਖਿਲਾਫ ਭਾਰਤੀ ਮੀਡੀਆ ਵੱਲੋਂ ਕੀਤਾ ਜਾ ਰਿਹਾ ਨਾਂਹ-ਪੱਖੀ ਪ੍ਰਚਾਰ ਆਦਿ ਵੀ ਸ਼ਾਮਲ ਸਨ। ਮੀਡੀਆ ਨਾਲ ਗੱਲਬਾਤ ਕਰਦਿਆਂ ਡਾ. ਅਮਰਜੀਤ ਸਿੰਘ ਨੇ ਕਿਹਾ ਕਿ ਸਿੱਖਾਂ ਅਤੇ ਮੁਸਲਮਾਨਾਂ ਦੀ ਸਾਂਝ ਸਿਰਫ ਸੱਭਿਆਚਾਰਕ ਅਤੇ ਤਹਿਜ਼ੀਬੀ ਨਾ ਹੋ ਕੇ ਰੂਹਾਨੀ ਸਾਂਝ ਹੈ। ਗੁਰ ਅਰਜਨ ਸਾਹਿਬ ਨੇ ਦਰਬਾਰ ਸਾਹਿਬ (ਅੰਮ੍ਰਿਤਸਰ) ਦਾ ਨੀਂਹ ਪੱਥਰ ਖਾਸ ਤੌਰ ਉਤੇ ਲਾਹੌਰ ਦੇ ਮੁਸਲਮਾਨ ਪੀਰ ਸਾਈਂ ਮੀਆਂ ਮੀਰ ਕੋਲੋਂ ਰਖਵਾਇਆ ਸੀ। ਉਨ੍ਹਾਂ ਕਿਹਾ ਕਿ ਇਮਰਾਨ ਖਾਨ ਦੀ ਅਗਵਾਈ ਵਿਚ ਪੂਰੀ ਪਾਕਿਸਤਾਨੀ ਅਵਾਮ ਦਾ ਧੰਨਵਾਦ ਕਰਨਾ ਬਣਦਾ ਹੈ, ਜਿਨ੍ਹਾਂ ਗੁਰ ਨਾਨਕ ਸਾਹਿਬ ਦੀ ਕਿਰਪਾ ਸਦਕਾ ਕਰਤਾਰਪੁਰ ਕੋਰੀਡੋਰ ਨੂੰ ਅਮਲੀਜਾਮਾ ਪਹਿਨਾਉਣ ਵਿਚ ਖਾਸ ਰੋਲ ਅਦਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਕੋਰੀਡੋਰ ਨੂੰ ਢਾਹ ਲਾਉਣ ਲਈ ਭਾਰਤੀ ਮੀਡੀਆ ਵੱਲੋਂ ਪਾਕਿਸਤਾਨ ਦੀ ਕੀਤੀ ਜਾ ਰਹੀ ਨਿੰਦਾ, ਕਰਤਾਰਪੁਰ ਕੋਰੀਡੋਰ ਨੂੰ ਅੱਤਵਾਦ ਨਾਲ ਜੋੜਨ ਅਤੇ ਆਈਐਸਆਈ ਦੀ ਸਾਜਿਸ਼ ਦੱਸਣਾ, ਇਸੇ ਕੜੀ ਦਾ ਹਿੱਸਾ ਹੈ। ਡਾ.ਅਮਰਜੀਤ ਸਿੰਘ ਨੇ ਪਾਕਿਸਤਾਨੀ ਅਵਾਮ ਅਤੇ ਸਿੱਖ ਕੌਮ ਨੂੰ ਅਗਾਹ ਕੀਤਾ ਕਿ ਏਜੰਸੀਆਂ ਵੱਲੋਂ ਹਰ ਸੰਭਵ ਤਰੀਕੇ ਨਾਲ ਸਿੱਖਾਂ-ਮੁਸਲਮਾਨਾਂ ਦੀ ਸਾਂਝ ਦੇ ਵਧਦੇ ਕਦਮਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਜਾਵੇਗੀ ਅਤੇ ਇਸ ਸਾਰੀ ਸਥਿਤੀ ਵਿਚ ਬਾਹਰਲੇ ਸਿੱਖਾਂ ਦਾ ਅਹਿਮ ਯੋਗਦਾਨ ਬਣਦਾ ਹੈ, ਤਾਂ ਜੋ ਇਨ੍ਹਾਂ ਦੇ ਨਾਪਾਕ ਮਨਸੂਬਿਆਂ ਨੂੰ ਠੱਲ੍ਹਿਆ ਜਾ ਸਕੇ। ਇਸ ਵਿਚਾਰ ਚਰਚਾ ਨੂੰ ਈਸਟ ਕੋਸਟ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਦੇ ਭਾਈ ਹਿੰਮਤ ਸਿੰਘ, ਕਿਰਪਾਲ ਸਿੰਘ ਬਿਲਿੰਗ, ਸਲੀਮ ਮਲਿਕ, ਰਾਜਾ ਰਜ਼ਾਕ, ਮੁਹੰਮਦ ਤਾਹਿਰ, ਦੁਆਬਾ ਸਿੱਖ ਐਸੋਸੀਏਸ਼ਨ ਤੋਂ ਬਲਜਿੰਦਰ ਸਿੰਘ, ਹਰਮੇਲ ਸਿੰਘ ਅਤੇ ਸੁਖਜਿੰਦਰ ਸਿੰਘ ਬਾਜਵਾ ਸਮੇਤ ਹੋਰ ਆਗੂਆਂ ਨੇ ਸੰਬੋਧਨ ਕੀਤਾ ਅਤੇ ਆਸ ਜਤਾਈ ਕਿ ਸਿੱਖਾਂ ਅਤੇ ਮੁਸਲਮਾਨਾਂ ਦੀ ਸਾਂਝ ਇਵੇਂ ਹੀ ਵਧਦੀ ਰਹੇ।

# Valley Real Estate Center

**Better Deal Will be given from New Builders to Book New home in Mountain House, Tracy, Manteca and Lathrop, livermore, Dublin ,Pleasanpon and Fremont**

**For agriculture and almond Farm, office building, Farm House and for Truck Yard in Tracy Manteca**

ਮਾਊਂਟੇਨ ਹਾਊਸ, ਟਰੇਸੀ, ਮਨਟੀਕਾ ਅਤੇ ਲੈਥਰੋਪ, ਲਿਵਰਮੋਰ, ਡੁਬਲਿਨ, ਪਲੀਸਨਪੋਨ ਅਤੇ ਫਰੀਮਾਂਟ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।













ਇਹ ਆਲੀਸ਼ਾਨ ਘਰ ਵਿਕਾਊ ਹੈ

Lot Size 4770 Sq. Ft, Year Built 2009, Property type 1 House on lot attached, Community Mountain House, County San joaquin
637 Esplanade Dr. Mountain House, CA 95391,
Price $ 640,000, Beds 4, Baths 3, 2695 Sq. Ft.

## Priti Singh (925) 999-0823

CA BRE Licence #02024721 info@pritisingh.com

# RESIDENTIAL, COMMERCIAL AND SOLAR FARMS

## with Sunpreme High Performance Bifacial Smart Panels

ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ



100% CUSTOMER SATISFACTION GUARANTEED

25 YEAR WARRANTY

ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ
info@singhsolar.com

SUNPREME
Premium Bifacial Thin Film Solar



Satnam Singh Khalsa
510-706-1300


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE +1-718-752-9293 | CALL TO SUBSCRIBE +1-800-246-6242
www.jusbroadcasting.com


SHER® ROTI
SOFT
SO SOFT
SHER
DURUM ATTA
DESI
STYLE
20 lb
9.07 kg
SHER ATTA GHAR LAAO
WWW.SHERBRARMILLS.COM